ISSN: 2277-9930

86

ਅਕਤੂਬਰ-ਦਸੰਬਰ 2025

# ਪ੍ਰਤਿਮਾਨ

ਮੁੱਲ: 75/-



ਸੰਪਾਦਕ : ਅਮਰਜੀਤ ਕੌਂਕੇ

## ਮਹਿਮਾਨ ਕਵਿਤਾਵਾਂ / ਲਖਵਿੰਦਰ ਜੌਹਲ

### ਹੇ ਮਨ ਮੇਰੇ

ਹੇ ਮਨ ਮੇਰੇ
ਪੱਥ-ਪਥਰਾਈਆਂ ਅੱਖਾਂ ਵਿਚੋਂ
ਕੀ ਭਾਲੇਂਗਾ ਹੁਣ ਇਸ ਵੇਲੇ?

ਧੁੱਪਾਂ ਲੱਦੀ ਕਿਸ਼ਤੀ ਵਾਲਾ
ਅਜਬ-ਕਾਫ਼ਲਾ
ਰਾਤਾਂ ਦੇ ਅਸਤਨ ਤੋਂ ਪਹਿਲਾਂ
ਚਾਨਣ ਦੇ ਮੰਝਧਾਰ 'ਚ
ਕਿਧਰੇ ਡੁੱਬ ਮੋਇਆ ਹੈ !

ਅੱਖਾਂ ਦੇ ਸਰਵਰ ਦੇ ਸ਼ੋਅਲੇ
ਸਹਿਰਾ ਦੇ ਕਿਣਕੇ ਕਦ ਬਣ ਗਏ ?
ਕਣ ਕਣ ਹੋਈ ਬਰੇਤੀ ਕੋਹਦੀ
ਮਾਝੀ ਦੇ ਜ਼ਖ਼ਮਾਂ ਦੀ ਹੇਕ
ਮਛਲੀ ਦੇ ਤੜਫਣ ਦੀ ਪੈੜ
ਤੜ ਤੜ ਟੁੱਟੇ
ਚੱਪੂ ਦੀ ਤੜ ਤੜ
ਹੁਣ ਤਾਂ ਕੁਝ ਵੀ ਬਾਕੀ ਨਾਹੀਂ

ਮਛਲੀ ਦੀ ਤੜਫਣ ਹੀ ਕੋਈ
ਮਛਲੀ ਜਣ ਦੇਵੇ
ਅੱਖਾਂ ਦੀ ਝਿਲਮਿਲ ਵਿਚ
ਤਰਦਾ
ਰੰਗ ਸੁਨਹਿਰਾ
ਤੇਰੀ ਅੱਖ ਵਿਚ ਲਹਿੰਦਾ ਜਾਵੇ
ਸੁਪਨੇ ਦੀ ਗੋਦੀ ਵਿਚ ਸੁੱਤੀ
ਸੁਪਨੇ ਰੰਗੀ ਨਿੱਕੀ ਕਾਤਰ
ਹੀ ਖਿੜ ਉੱਠੇ

ਦੂਰ ਕਿਤੇ ਕੋਈ ਤਿੜਕਣ ਤੜਫੇ
ਜਿਉਂ ਕਿਸੇ ਦੀ ਰੂਹ ਵਿਚੋਂ ਕੋਈ
ਚੇਲਾ
ਭੂਤਾਂ ਦੇ ਨਿਕਲਣ ਦੀ ਕੋਈ
'ਵਾਜ਼ ਸੁਣਾਵੇ
ਕੱਚੀ ਨੀਂਦਰ ਜਾਗ ਪਿਆਂ ਜਿਉਂ
ਸੁਪਨ ਸੁਨਹਿਰੀ ਹੱਥ ਨਾ ਆਵੇ
ਪਛੜ ਜਾਣ ਦਾ ਇਕ ਵਿਗੋਚਾ
ਸੁਪਨ-ਸਾਜ਼ ਨੂੰ ਕੋਹੀ ਜਾਵੇ



ਸੁਰਤੀ ਦੇ ਆਂਗਣ ਵਿਚ ਡਿੱਗਿਆ
ਚਿੜੀਆਂ ਦੀ ਚੂੰ ਚੂੰ ਵਿਚ ਗੁੰਮਿਆ
ਸੁਪਨ-ਸੁਨਹਿਰੀ ਘਰ ਵਰਗੇ
ਇਕ ਸੁਪਨੇ ਵਾਂਗੂੰ
ਮੈਂ ਸਾਰੇ ਦਾ ਸਾਰਾ ਹੁਣ ਤਾਂ
ਮੁਕ ਗਿਆ ਹਾਂ

ਹੇ ਮਨ ਮੇਰੇ
ਪੱਥ-ਪਥਰਾਈਆਂ ਅੱਖਾਂ ਵਿਚੋਂ
ਕੀ ਭਾਲੇਂਗਾ ਹੁਣ ਇਸ ਵੇਲੇ ...?

### ਸਫ਼ਰ ਕਰਦਿਆਂ

ਕੌਣ ਸ਼ਹਿਰ ਤੋਂ ਆਏ ਮੁਸਾਫ਼ਰ
ਕੌਣ ਸ਼ਹਿਰ ਨੂੰ ਜਾਣਾ
ਕਿਹੜਾ ਆਪਣਾ ਦੇਸ ਮੁਸਾਫ਼ਰ
ਕਿਹੜਾ ਪਤਾ ਠਿਕਾਣਾ....

ਸੀਟਾਂ ਦੇ ਵਿਚ ਚਿਣੇ ਮੁਸਾਫ਼ਰ
ਬਿੱਟ ਬਿੱਟ ਦੁਨੀਆ ਵੇਖਣ
ਟੇਸ਼ਣ ਟੇਸ਼ਣ ਦੌੜੇ ਗੱਡੀ
ਸ਼ਹਿਰ ਨਾ ਕਿਧਰੇ ਦਿੱਸਣ

ਨਾਲ ਨਿਗਾਹਾਂ ਖੇਤ ਦੌੜਦੇ
ਸੋਚਾਂ ਸੰਗ ਹਵਾਵਾਂ
ਤੁਰਦੇ ਰਹਿਣਾ ਤੋੜ ਤੀਕਰਾਂ
ਜੀਵਨ-ਪੰਧ ਮੁਕਾਣਾ

ਗੱਡੀ ਦੀ ਰਫ਼ਤਾਰ ਹੈ ਇੱਕੋ
ਇੱਕੋ ਮੰਜ਼ਲ ਰਹਿਣੀ
ਇਕੋ ਸਫ਼ਰ ਮੁਸਾਫ਼ਰ ਕਰਦੇ
ਵੱਖੋ ਵੱਖ ਸ਼੍ਰੇਣੀ

ਸੁਪਨੇ ਸਾਰੀ ਰਾਤ ਰੀਂਘਦੇ
ਮਨ ਦੀ ਮਮਟੀ ਉੱਤੇ
ਸੱਪ ਸਮੇਂ ਦਾ ਸਰਪਟ ਦੌੜੇ
ਰਹਿਣ ਮੁਸਾਫ਼ਰ ਸੁੱਤੇ

ਸੁੱਤੇ ਸੁੱਤੇ ਸਫ਼ਰ ਸਮਾਪਤ
ਇਹ ਕਿੰਝੇ ਦੀ ਹੋਣੀ
ਜਾਗਦਿਆਂ ਜੋ ਦੁਨੀਆ ਦੇਖੀ
ਝੂਠੀ ਮੂਠੀ ਹੋਣੀ....

ਝੂਠੀ ਮੂਠੀ ਦੁਨੀਆ ਉੱਤੇ
ਕਾਹਦਾ ਮਾਣ ਕਰੇਸਾਂ
ਰੋਟੀ ਖਾਤਰ ਰੁਲੇ ਜਵਾਨੀ
ਰੁਲੀਆਂ ਬਾਲ-ਵਰੇਸਾਂ...

### ਤਲਾਸ਼

ਤੂੰ ਮੈਥੋਂ ਮੰਗੀ ਹੈ
ਮੇਰੀ ਕੋਈ ਨਿਸ਼ਾਨੀ
ਮੇਰੇ ਕੋਲ
ਸਿਰਫ਼ ਕਵਿਤਾ ਹੈ ਜਾਂ ਕਾਨੀ
ਆਪਣੇ ਬੁੱਧ-ਵਿਵੇਕ ਦੇ
ਭਾਰ ਥੱਲੇ ਦਬਿਆ ਮੈਂ
ਤੇਰੀ ਨਾਦਾਨੀ ਨੂੰ
ਸਮੋ ਲੈਣਾ ਚਾਹੁੰਦਾਂ
ਆਪਣੇ ਅੰਤਹਕਰਣ ਵਿੱਚ
ਮੇਰੀਆਂ ਅੱਖਾਂ ਵਿੱਚ
ਕਦੋਂ ਉੱਤਰੇਗੀ
ਤੇਰੇ ਵਰਗੀ ਮਾਸੂਮੀਅਤ
ਸੋਚਦਾ ਹਾਂ ਮੈਂ
ਸਾਹਾਂ ਦੀ ਮਨਮਾਨੀ...
ਉਮਰਾਂ ਦੇ ਬੰਧਨ ਉਤੇ
ਸਵਾਰ ਹੋ ਜਾਵੇਗੀ ਜਦੋਂ
ਉਸ ਘੜੀ ਉਸ ਨਜ਼ਰ
ਦੀ ਤਲਾਸ਼ ਵਿਚ ਭਟਕਦਾ ਮੈਂ
ਤੇਰੇ ਲਈ ਤੇਰੇ ਵਰਗੀ
ਕੋਈ ਨਿਸ਼ਾਨੀ ਢੂੰਡ ਰਿਹਾ ਹਾਂ।

# ਪ੍ਰਤਿਮਾਨ

A Peer Reviewed Research Journal

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਅਕਤੂਬਰ-ਦਸੰਬਰ 2025 ਅੰਕ 86

ISSN: 2277-9930

RNI No. PUNPUN/2006/16230

ਸੰਪਾਦਕ

ਡਾ. ਅਮਰਜੀਤ ਕੌਂਕੇ

ਪ੍ਰਬੰਧ ਸੰਪਾਦਕ

ਗਗਨਦੀਪ ਸਿੰਘ



ਰਚਨਾਵਾਂ ਭੇਜਣ ਲਈ ਪਤਾ

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
pratimaan@yahoo.co.in
www.pratimaan.in



Peer Review Board

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ, ਡਾ. ਯੋਗਰਾਜ, ਡਾ. ਸਰਬਜੀਤ ਸਿੰਘ, ਡਾ. ਰਵੀ ਰਵਿੰਦਰ, ਡਾ. ਆਤਮ ਰੰਧਾਵਾ, ਡਾ. ਭੀਮ ਇੰਦਰ ਸਿੰਘ



ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com
W: www.raadesigns.com

ਸਹਿਯੋਗ ਰਾਸ਼ੀ

ਇੱਕ ਅੰਕ: 75/-
3 ਸਾਲ: 1000/-
5 ਸਾਲ: 1500/-
ਜੀਵਨ ਮੈਂਬਰਸ਼ਿਪ: 3000/-
ਵਿਦੇਸ਼: $250

ਪ੍ਰਤਿਮਾਨ ਲਈ ਸਹਿਯੋਗ ਰਾਸ਼ੀ ਹੇਠ ਲਿਖੇ ਨੰਬਰ ਤੇ ਗੂਗਲ ਪੇਅ ਕਰ ਸਕਦੇ ਹੋ :
+91 98142-31698


## ਤਰਤੀਬ

**ਮੈਂ ਨਾ ਜੁਗਨੂੰ ਹੂੰ, ਦੀਯਾ ਹੂੰ ਨਾ ਕੋਈ ਤਾਰਾ ਹੂੰ,**
**ਰੌਸ਼ਨੀ ਵਾਲੇ ਮੇਰੇ ਨਾਮ ਸੇ ਜਲਤੇ ਕਿਯੂੰ ਹੈਂ?**
**- ਰਾਹਤ ਇੰਦੌਰੀ**


### ਸੰਪਾਦਕੀ / 2

### ਵਿਸ਼ੇਸ਼ ਲੇਖ

ਮੋਬਾਇਲ ਯੁੱਗ ਵਿੱਚ ਵਿਦਿਆਰਥੀਆਂ ਨੂੰ ਸਾਹਿਤ ਵੱਲ ਕਿਵੇਂ ਪ੍ਰੇਰੀਏ / ਡਾ. ਇਕਬਾਲ ਸਿੰਘ ਸਕਰੌਦੀ / 3

### ਕਹਾਣੀਆਂ

ਉਡੀਕ ਤਾਂ ਹੈ / ਨਿਰੰਜਣ ਬੋਹਾ / 7, ਹਾਦਸੇ ਦਰ ਹਾਦਸੇ / ਗੁਰਮੀਤ ਸਿੰਘ ਸਿੰਗਲ / 15, ਤਲਾਕ ਨਹੀਂ / ਜਸਵਿੰਦਰ ਰੱਤੀਆਂ / 23, ਜੌਂਡਿਅਸ ਪੀਕ ਤੇ ਹੈ / ਅੰਮ੍ਰਿਤ ਕਲੇਰ / 32,

### ਕਵਿਤਾ / ਗ਼ਜ਼ਲ / ਗੀਤ

ਡਾ. ਰਵਿੰਦਰ / 6, ਗੁਰਤੇਜ ਕੋਹਾਰਵਾਲਾ / 7, ਸੁਖਿੰਦਰ / 8, ਡਾ. ਦਵਿੰਦਰ ਬਿਮਰਾ / 13, ਮੱਖਣ ਮਾਨ / 14, ਬਲਦੇਵ ਸਿੰਘ ਸੜਕਨਾਮਾ / 28, ਸੁਨੀਤਾ ਸਨੂ ਮਹਿਮੀ / 30, ਸੁਖਵਿੰਦਰ ਹੁੰਦਲ / 31, ਨਰਿੰਦਰ ਪੁੰਡਰੀਕ / 36, ਪੰਕਜੇਸ਼ਵਰ / 44, ਬਲਜੀਤ ਕੌਰ / 46, ਖ਼ੁਸ਼ਵੀਰ ਕੌਰ ਢਿੱਲੋਂ / 51, ਸਤਿੰਦਰਜੀਤ ਕੌਰ / 53,

### ਆਲੋਚਨਾ ਨਿਬੰਧ / ਰੀਵੀਊ

ਅਮਰਜੀਤ ਕੌਂਕੇ ਰਚਿਤ ਕਾਵਿ-ਪੁਸਤਕ 'ਇਸ ਧਰਤੀ 'ਤੇ ਰਹਿੰਦਿਆਂ' ਦੇ ਦਰਸ਼ਨੀ ਪਾਸਾਰ / ਡਾ. ਮੋਹਨ ਤਿਆਗੀ / 37, ਗੁਰਮਤਿ ਕਾਵਿ ਦੇ ਉਦਭਵ ਤੇ ਵਿਕਾਸ ਲਈ ਪ੍ਰੇਰਕ ਤੱਤ / ਸੁਖਵਿੰਦਰ ਕੌਰ / 42, ਬਾਣੀ ਜਪੁਜੀ ਸਾਹਿਬ: ਪੰਜ ਖੰਡ / ਰਮਨਦੀਪ ਕੌਰ / 45, ਬਦਲਦੇ ਸਮਾਜਿਕ ਪਰਿਪੇਖ / ਰਾਜਵਿੰਦਰ ਕੌਰ / 47, ਪੰਜਾਬ ਦੀ ਕਸੀਦਾਕਾਰੀ ਵਿੱਚ ਵਰਤੇ ਜਾਂਦੇ ਕਲਾ ਦੇ ਸਿਧਾਂਤ: ਸਹੁਜਾਤਮਕ ਵਿਸ਼ਲੇਸ਼ਣ / ਹਰਪ੍ਰੀਤ ਕੌਰ ਕਾਹਲੋਂ / 50, ਪ੍ਰਵਾਸੀ ਔਰਤਾਂ ਦਾ ਦਵੰਦ ਸਿਰਜਦਾ ਨਾਵਲ - ਕੀ ਖੱਟਿਆ ਪ੍ਰਦੇਸ ? / ਤੇਜਿੰਦਰ ਚੰਡਿਹੋਕ / 52, ਭਾਈ ਵੀਰ ਸਿੰਘ ਦੀ ਕਾਵਿ-ਸਿਰਜਣ ਪ੍ਰਕਿਰਿਆ / ਡਾ. ਅਮਨਦੀਪ ਕੌਰ / 54



ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।



ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।

* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜ਼ਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਆਰਨਾ ਪ੍ਰਿੰਟਿੰਗ ਸਲਿਊਸ਼ਨਜ਼,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

## ਸੰਪਾਦਕੀ / ਅਜੋਕੇ ਸਮਾਜ ਵਿੱਚ ਮੀਡੀਆ ਦਾ ਰੋਲ

ਅਜੋਕੇ ਸਮਾਜ ਵਿੱਚ ਮੀਡੀਆ ਦਾ ਰੋਲ ਬੇਹੱਦ ਗਹਿਰਾ, ਵਿਸ਼ਾਲ ਅਤੇ ਪ੍ਰਭਾਵਸ਼ਾਲੀ ਬਣ ਗਿਆ ਹੈ। ਜਿਹੜੇ ਸੰਦੇਸ਼ ਸਦੀਆਂ ਪਹਿਲਾਂ ਸਿਰਫ਼ ਲੋਕ ਕਥਾਵਾਂ, ਦਸਤਾਵੇਜ਼ਾਂ ਜਾਂ ਬਹਿਸਾਂ ਰਾਹੀਂ ਪਹੁੰਚਦੇ ਸਨ, ਉਹ ਅੱਜ ਕੁਝ ਸੈਕੰਡਾਂ ਵਿੱਚ ਦੁਨੀਆਂ ਦੇ ਕਿਸੇ ਵੀ ਕੋਨੇ ਤਕ ਪਹੁੰਚ ਜਾਂਦੇ ਹਨ। ਮੀਡੀਆ ਸਿਰਫ਼ ਖ਼ਬਰਾਂ ਦਾ ਸਾਧਨ ਨਹੀਂ ਰਿਹਾ; ਇਹ ਸੋਚ ਬਣਾਉਂਦਾ ਹੈ, ਰਾਇ ਉਤਪੰਨ ਕਰਦਾ ਹੈ, ਸਮਾਜਕ ਦਿਸ਼ਾ ਤੈਅ ਕਰਦਾ ਹੈ ਅਤੇ ਕਈ ਵਾਰ ਸਮਾਜ ਦੇ ਮੂਲ ਬੁਨਿਆਦੀ ਢਾਂਚੇ ਨੂੰ ਵੀ ਹਿਲਾ ਦੇਣ ਦੀ ਸਮਰੱਥਾ ਰੱਖਦਾ ਹੈ। ਅਜਿਹੇ ਮਾਹੌਲ ਵਿੱਚ ਮੀਡੀਆ ਦਾ ਪ੍ਰਭਾਵ ਕੇਵਲ ਜਾਣਕਾਰੀ ਤਕ ਸੀਮਿਤ ਨਹੀਂ, ਸਗੋਂ ਇਹ ਮਨੁੱਖੀ ਮਨੋਵਿਗਿਆਨ, ਰਾਜਨੀਤੀ, ਸੱਭਿਆਚਾਰ ਅਤੇ ਸਮਾਜਕ ਸੰਰਚਨਾ ਤਕ ਫੈਲਦਾ ਹੈ।

ਦੁਨੀਆ ਭਰ ਵਿੱਚ ਮੀਡੀਆ ਨੇ ਲੋਕਾਂ ਨੂੰ ਇੱਕ-ਦੂਜੇ ਦੇ ਬਹੁਤ ਨੇੜੇ ਲਿਆਂਦਾ ਹੈ। ਦੁਨੀਆ ਦੇ ਕਿਸੇ ਮੁਲਕ ਵਿੱਚ ਹੋਈ ਕੋਈ ਘਟਨਾ ਭਾਰਤ ਦੇ ਲੋਕ ਇੱਕ ਹੀ ਵੇਲੇ ਦੇਖ ਲੈਂਦੇ ਹਨ। ਇਹ ਗਤੀ ਅਤੇ ਪਹੁੰਚਤਾ ਲੋਕਾਂ ਨੂੰ ਸਿਰਫ਼ ਗਲੋਬਲ ਨਹੀਂ ਬਣਾਉਂਦੀ, ਸਗੋਂ ਉਹਨਾਂ ਦੀ ਸੋਚ ਨੂੰ ਵੀ ਵਿਸ਼ਵਿਕ ਬਣਾਉਂਦੀ ਹੈ। ਇੱਕ ਸਮੇਂ ਸੂਚਨਾ ਸੱਤਾ ਦੀ ਮਲਕੀਅਤ ਸੀ, ਪਰ ਅਜੋਕੇ ਯੁੱਗ ਵਿੱਚ ਖ਼ਬਰਾਂ, ਵਿਚਾਰਾਂ ਅਤੇ ਅਵਾਜ਼ਾਂ ਦੀ ਕੋਈ ਹੱਦ ਨਹੀਂ ਰਹੀ। ਇਸ ਨਾਲ ਦੁਨੀਆ ਦੇ ਲੋਕ ਇੱਕ-ਦੂਜੇ ਦੇ ਦਰਦ, ਖੁਸ਼ੀ ਅਤੇ ਸੰਘਰਸ਼ ਨੂੰ ਸਾਂਝਾ ਕਰਦੇ ਹਨ। ਹਮਦਰਦੀ ਵਧਦੀ ਹੈ, ਅਤੇ ਇੱਕ ਨਵੀਂ ਕਿਸਮ ਦੀ ਗਲੋਬਲ ਨਾਗਰਿਕਤਾ ਜਨਮ ਲੈਂਦੀ ਹੈ। ਪਰ ਜਿੱਥੇ ਮੀਡੀਆ ਸਾਨੂੰ ਜੋੜਦਾ ਹੈ, ਓਥੇ ਕਈ ਵਾਰ ਵੰਡਦਾ ਵੀ ਹੈ। ਇਕੋ ਹੀ ਘਟਨਾ ਨੂੰ ਵੱਖ-ਵੱਖ ਅਦਾਰੇ ਆਪਣੇ-ਆਪਣੇ ਨਜ਼ਰੀਏ ਨਾਲ ਪੇਸ਼ ਕਰਦੇ ਹਨ। ਰਾਜਨੀਤਿਕ ਰੁਝਾਨ, ਧਾਰਮਿਕ ਪੱਖਪਾਤ, ਕਾਰਪੋਰੇਟ ਹਿੱਤ ਜਾਂ ਅੰਦਰੂਨੀ ਦਬਾਅ ਕਈ ਵਾਰ ਖ਼ਬਰਾਂ ਨੂੰ ਅਸਲੀਅਤ ਤੋਂ ਦੂਰ ਲੈ ਜਾਂਦੇ ਹਨ। ਇੱਕ ਆਮ ਦਰਸ਼ਕ ਨੂੰ ਇਹ ਨਹੀਂ ਪਤਾ ਲਗਦਾ ਕਿ ਸੱਚ ਕੀ ਹੈ ਅਤੇ ਤੱਥਾਂ ਨੂੰ ਤੋੜ-ਮਰੋੜ ਕੇ ਕਿਵੇਂ ਦਰਸਾਇਆ ਜਾ ਰਿਹਾ ਹੈ। ਇਸ ਗਲਤ-ਸੂਚਨਾ ਜਾਂ ਅਧੂਰੀ ਸੂਚਨਾ ਨਾਲ ਲੋਕਾਂ ਦੀ ਰਾਇ, ਉਹਨਾਂ ਦਾ ਵਿਸ਼ਵਾਸ ਅਤੇ ਕਈ ਵਾਰ ਉਹਨਾਂ ਦੇ ਸਮਾਜਕ ਰਿਸ਼ਤੇ ਤਕ ਪ੍ਰਭਾਵਿਤ ਹੋ ਜਾਂਦੇ ਹਨ। ਇਸ ਕਰਕੇ ਅਜੋਕੇ ਮੀਡੀਆ ਦੀ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਲੋਕਾਂ ਨੂੰ ਸੱਚ, ਅਧੂਰੇ ਸੱਚ ਅਤੇ ਗਲਤ ਸੱਚ ਵਿੱਚ ਅੰਤਰ ਕਰਨਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ।

ਮੀਡੀਆ ਦਾ ਇੱਕ ਹੋਰ ਮਹੱਤਵਪੂਰਣ ਪੱਖ ਇਹ ਹੈ ਕਿ ਇਹ ਸਮਾਜਕ ਬਦਲਾਅ ਦਾ ਸਾਧਨ ਬਣ ਸਕਦਾ ਹੈ। ਕਈ ਵਾਰ ਮੀਡੀਆ ਨੇ ਉਹ ਸੱਚ ਸਾਹਮਣੇ ਲਿਆਂਦੇ ਹਨ ਜਿਨ੍ਹਾਂ ਨੂੰ ਸਰਕਾਰਾਂ ਜਾਂ ਤਾਕਤਵਰ ਸੰਗਠਨ ਦਬਾਉਂਦੇ ਰਹਿੰਦੇ ਹਨ। ਘਪਲਿਆਂ ਦਾ ਖ਼ੁਲਾਸਾ ਹੋਇਆ, ਜਨਤਕ ਮਸਲਿਆਂ ਤੇ ਚਰਚਾ ਵਧੀ, ਲੋਕਾਂ ਵਿੱਚ ਜਾਗਰੂਕਤਾ ਆਈ। ਇਹ ਮੀਡੀਆ ਹੀ ਸੀ ਜਿਸ ਨੇ ਮਨੁੱਖੀ ਅਧਿਕਾਰਾਂ ਦੀ ਲੜਾਈ ਨੂੰ ਸੱਤਾ ਦੇ ਦਰਬਾਰ ਤਕ ਪਹੁੰਚਾਇਆ। ਸਮਾਜ ਦੇ ਪਿੱਛੜੇ, ਨਿਮਾਣੇ, ਬੇਅਵਾਜ਼ ਵਰਗਾਂ ਦੀ ਅਵਾਜ਼ ਬਣ ਕੇ ਮੀਡੀਆ ਨੇ ਕਈ ਵਾਰ ਇਤਿਹਾਸ ਨੂੰ ਮੋੜਾ ਦਿੱਤਾ ਹੈ।

ਪਰ ਮੀਡੀਆ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਅਜੇ ਵੀ ਸੱਚ ਅਤੇ ਮਨੁੱਖਤਾ ਦੇ ਪੱਖ ਵਿਚ ਖੜ੍ਹੀ ਹੈ। ਕੋਈ ਵੀ ਮੀਡੀਆ ਅਦਾਰਾ ਜਦੋਂ ਲੋਕਾਂ ਦੀ ਵਾਜਬ ਅਵਾਜ਼ ਨੂੰ ਸੱਤਾ ਦੇ ਡਰ ਤੋਂ ਬਿਨਾ ਅੱਗੇ ਲਿਆਉਂਦਾ ਹੈ, ਤਾਂ ਉਹ ਸਮਾਜ ਦਾ ਸਹੀ ਆਇਨਾ ਬਣਦਾ ਹੈ। ਜਦੋਂ ਮੀਡੀਆ ਵਪਾਰਕ ਹਿੱਤਾਂ ਜਾਂ ਰਾਜਨੀਤਿਕ ਦਬਾਅ ਤੋਂ ਉੱਠ ਕੇ ਸੱਚ ਨੂੰ ਪ੍ਰਗਟ ਕਰਦਾ ਹੈ, ਉਦੋਂ ਹੀ ਲੋਕਤੰਤਰ ਮਜ਼ਬੂਤ ਹੁੰਦਾ ਹੈ।

ਅਜੋਕੇ ਸਮਾਜ ਵਿੱਚ ਮੀਡੀਆ ਦਾ ਰੋਲ ਇੱਕ ਦੋਧਾਰੀ ਤਲਵਾਰ ਵਾਂਗ ਹੈ। ਇੱਕ ਪਾਸੇ ਇਹ ਗਿਆਨ, ਜਾਗਰੂਕਤਾ ਅਤੇ ਜੁੜਾਅ ਦਾ ਅਮੋਲਕ ਸਾਧਨ ਹੈ, ਦੂਜੇ ਪਾਸੇ ਗਲਤ ਸੂਚਨਾ, ਭੜਕਾਹਟ ਅਤੇ ਵੰਡ ਦਾ ਸਾਧਨ ਵੀ ਬਣ ਸਕਦਾ ਹੈ। ਇਸ ਲਈ ਸਮਾਜ ਨੂੰ ਬੇਹੱਦ ਚੇਤੰਨ ਰਹਿਣ ਦੀ ਲੋੜ ਹੈ। ਖ਼ਬਰਾਂ ਨੂੰ ਤੋਲਣਾ, ਤੱਥਾਂ ਨੂੰ ਜਾਚਣਾ ਅਤੇ ਸੂਚਨਾ ਨੂੰ ਸੱਚੇ ਸਰੋਤਾਂ ਤੋਂ ਪ੍ਰਾਪਤ ਕਰਨਾ ਅੱਜ ਦੇ ਮਨੁੱਖ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ।

# ਵਿਸ਼ੇਸ਼ ਲੇਖ / ਮੋਬਾਇਲ ਯੁੱਗ ਵਿੱਚ ਵਿਦਿਆਰਥੀਆਂ ਨੂੰ ਸਾਹਿਤ ਵੱਲ ਕਿਵੇਂ ਪ੍ਰੇਰੀਏ / ਡਾ. ਇਕਬਾਲ ਸਿੰਘ ਸਕਰੌਦੀ

ਲਗਪਗ ਚਾਰ ਦਹਾਕੇ ਪਹਿਲਾਂ ਇੱਕ ਵਿਦਵਾਨ ਨੇ ਕਿਹਾ ਸੀ- "ਪੁਸਤਕ ਹੱਥ ਵਿੱਚ ਹੋਵੇ ਤਾਂ ਸ਼ਿੰਗਾਰ ਹੁੰਦੀ ਹੈ। ਸਿਰ 'ਤੇ ਚੜ੍ਹ ਜਾਵੇ ਤਾਂ ਹੰਕਾਰ ਹੁੰਦੀ ਹੈ। ਜੇਕਰ ਦਿਲ ਵਿੱਚ ਵਸ ਜਾਵੇ ਤਾਂ ਪਿਆਰ ਹੁੰਦੀ ਹੈ।" ਪਰੰਤੂ ਅੱਜ ਦੇ ਕੰਪਿਊਟਰ ਯੁੱਗ ਵਿੱਚ ਹਰ ਨੌਜਵਾਨ, ਮੁਟਿਆਰ, ਔਰਤ, ਪੁਰਸ਼, ਵਿਆਹੁਤਾ ਸੁਆਣੀਆਂ, ਵੱਡੇ ਬਜ਼ੁਰਗਾਂ ਤੋਂ ਇਲਾਵਾ ਛੋਟੇ ਬੱਚਿਆਂ ਦੇ ਹੱਥਾਂ ਵਿੱਚ ਮੋਬਾਇਲ ਫ਼ੋਨ ਆ ਗਏ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਿਹੜੀ ਚੀਜ਼ ਵਸਤ ਵਿੱਚ ਵਧੇਰੇ ਆਕਰਸ਼ਣ ਹੋਵੇ, ਉਹ ਸਾਨੂੰ ਵਧੇਰੇ ਤੇਜ਼ੀ ਨਾਲ਼ ਆਪਣੇ ਵੱਲ ਖਿੱਚਦੀ ਹੈ। ਮੋਬਾਇਲ ਫ਼ੋਨ ਵਿੱਚ ਬਹੁਤ ਸਾਰੀਆਂ ਸੁਵਿਧਾਵਾਂ ਇਕੱਤਰ ਕਰ ਦਿੱਤੀਆਂ ਗਈਆਂ ਹਨ। ਇਹੋ ਕਾਰਨ ਹੈ ਕਿ ਮੋਬਾਇਲ ਫ਼ੋਨ ਸਾਡੇ ਸਾਰਿਆਂ ਲਈ ਆਕਰਸ਼ਣ ਅਤੇ ਖਿੱਚ ਦਾ ਕੇਂਦਰ ਬਣ ਗਿਆ ਹੈ। ਬੇਸ਼ੱਕ ਮੋਬਾਇਲ ਫ਼ੋਨ ਰਾਹੀਂ ਅਸੀਂ ਬਹੁਤ ਸਾਰੀਆਂ ਸਹੂਲਤਾਂ, ਰੰਗੀਨੀਆਂ, ਗਿਆਨ, ਵਿਗਿਆਨ ਤੱਕ ਪਹੁੰਚ ਕਰ ਸਕਦੇ ਹਾਂ। ਪਰੰਤੂ ਇਸੇ ਮੋਬਾਇਲ ਫ਼ੋਨ ਨੇ ਸਾਡੇ ਬੱਚਿਆਂ, ਨੌਜਵਾਨਾਂ, ਮੁਟਿਆਰਾਂ, ਵਿਆਹੁਤਾ ਔਰਤਾਂ ਮਰਦਾਂ ਨੂੰ ਜਿੰਨਾ ਕੁਰਾਹੇ ਪਾਇਆ ਹੈ, ਇੰਨਾਂ ਪਹਿਲਾਂ ਕਦੇ ਵੀ ਨਹੀਂ ਸੀ ਹੋਇਆ। ਛੋਟੇ-ਛੋਟੇ ਬੱਚਿਆਂ ਦੇ ਨਜ਼ਰ ਦੀਆਂ ਐਨਕਾਂ ਲੱਗ ਗਈਆਂ ਹਨ। ਉਹ ਘਰਾਂ ਤੋਂ ਬਾਹਰ ਖੁੱਲ੍ਹੇ ਮੈਦਾਨਾਂ ਵਿੱਚ ਖੇਡਾਂ ਖੇਡਣ ਦੀ ਥਾਂ ਮੋਬਾਇਲ ਫ਼ੋਨ 'ਤੇ ਗੇਮਾਂ ਖੇਡਣ ਨੂੰ ਵਧੇਰੇ ਤਰਜੀਹ ਦੇਣ ਲੱਗ ਪਏ ਹਨ। ਨੌਂ ਦਸ ਸਾਲ ਦੀਆਂ ਬਾਲੜੀਆਂ ਨੂੰ ਪੀਰੀਅਡਜ਼ ਆਉਣੇ ਸ਼ੁਰੂ ਹੋ ਗਏ ਹਨ। ਜਿੱਥੇ ਪਹਿਲੀ ਅਠਾਰਾਂ ਤੋਂ ਵੀਹ ਸਾਲ ਦੀ ਉਮਰ ਵਿੱਚ ਕੁੜੀਆਂ ਭਰ ਜੁਆਨ ਹੁੰਦੀਆਂ ਸਨ। ਉੱਥੇ ਉਹ ਹੁਣ ਚੌਦਾਂ ਤੋਂ ਸੋਲ੍ਹਾਂ ਵਰ੍ਹਿਆਂ ਵਿੱਚ ਹੀ ਕੁੜੀਆਂ ਮੁਟਿਆਰਾਂ ਹੋ ਰਹੀਆਂ ਹਨ। ਔਰਤਾਂ ਤੇ ਪੁਰਸ਼ਾਂ ਵਿੱਚ ਹੱਦ ਦਰਜੇ ਦੀ ਵਿਭਚਾਰਤਾ ਨੂੰ ਵਧਾਉਣ ਵਿੱਚ ਮੋਬਾਇਲ ਫ਼ੋਨ ਹੀ ਮਾਰੂ ਸਿੱਧ ਹੋ ਰਿਹਾ ਹੈ। ਰਿਸ਼ਤਿਆਂ ਵਿੱਚ ਵਧ ਰਹੀਆਂ ਦੂਰੀਆਂ ਦਾ ਕਾਰਨ ਵੀ ਇਹੋ ਮੋਬਾਇਲ ਫ਼ੋਨ ਹੀ ਹੈ। ਵਿਅੰਗਮਈ ਕਵਿਤਾ ਲਿਖਣ ਵਾਲ਼ੇ ਇੱਕ ਕਵੀ ਨੇ ਲਿਖਿਆ ਹੈ- "ਗੂਗਲ ਤੋਂ ਹੋਰ ਸਭ ਕੁਝ ਡਾਊਨਲੋਡ ਕੀਤਾ ਜਾ ਸਕਦਾ ਹੈ, ਪਰੰਤੂ ਰੋਟੀ ਨਹੀਂ।"



ਹੁਣ ਮੋਬਾਇਲ ਫ਼ੋਨ ਦੇ ਵਧ ਰਹੇ ਮਾਰੂ ਪ੍ਰਭਾਵਾਂ ਕਾਰਨ ਸਿੱਖਿਆ ਸ਼ਾਸਤਰੀਆਂ, ਮਨੋਵਿਗਿਆਨੀਆਂ, ਬੁੱਧੀਜੀਵੀਆਂ, ਸੂਝਵਾਨ ਪਤਵੰਤਿਆਂ ਅਤੇ ਸਮਾਜ ਪ੍ਰਤੀ ਫ਼ਿਕਰਮੰਦ ਸਕੂਲ ਪ੍ਰਿੰਸੀਪਲਾਂ ਦਾ ਕਹਿਣਾ ਹੈ ਕਿ ਜੇਕਰ ਸਮਾਜ ਵਿੱਚ ਚੰਗੀਆਂ ਉੱਚ ਨੈਤਿਕ ਕਦਰਾਂ-ਕੀਮਤਾਂ ਨੂੰ ਬਚਾਉਣਾ ਹੈ ਤਾਂ ਮੋਬਾਇਲ ਫ਼ੋਨ ਦੀ ਵਧ ਰਹੀ ਵਰਤੋਂ ਨੂੰ ਰੋਕਣਾ ਅਤੀ ਜ਼ਰੂਰੀ ਹੈ। ਇਸ ਮੋਬਾਇਲ ਫ਼ੋਨ ਦੀ ਖ਼ਤਰਨਾਕ ਹੱਦ ਤੱਕ ਵਧਦੀ ਮਾਰੂ ਵਰਤੋਂ ਨੂੰ ਰੋਕਣ ਦਾ ਪ੍ਰਬੰਧ ਸਾਨੂੰ ਆਪਣੇ ਘਰਾਂ ਤੋਂ ਹੀ ਆਰੰਭ ਕਰਨਾ ਬਣਦਾ ਹੈ, ਤਦ ਹੀ ਇਸ ਦੀ ਵਧਦੀ ਵਰਤੋਂ ਨੂੰ ਘੱਟ ਕੀਤਾ ਜਾ ਸਕਦਾ ਹੈ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਹੁਣ ਤੱਕ ਵਿਗਿਆਨ ਨੇ ਤਰੱਕੀ ਦੀਆਂ ਸਿਖਰਾਂ ਨੂੰ ਛੋਹ ਲਿਆ ਹੈ। ਉਸ ਨੇ ਨਵੀਆਂ-ਨਵੀਆਂ ਕਾਢਾਂ ਕੱਢ ਕੇ ਮਨੁੱਖ ਦੇ ਜੀਵਨ ਨੂੰ ਬਹੁਤ ਜ਼ਿਆਦਾ ਸੁਖਾਲਾ ਬਣਾ ਦਿੱਤਾ ਹੈ। ਹੁਣ ਸਾਰਾ ਸੰਸਾਰ ਮੋਬਾਇਲ ਫ਼ੋਨ, ਟੀ.ਵੀ. ਅਤੇ ਹੋਰ ਸਾਧਨਾਂ ਰਾਹੀਂ ਸਾਡੀ ਮੁੱਠੀ ਵਿੱਚ ਆ ਗਿਆ ਹੈ। ਵਿਗਿਆਨ ਦੀਆਂ ਇਨ੍ਹਾਂ ਵਡਮੁੱਲੀਆਂ ਕਾਢਾਂ ਨੇ ਬੇਸ਼ੱਕ ਸੰਸਾਰ ਨੂੰ ਇੱਕ ਦੂਜੇ ਦੇ ਬਹੁਤ ਨੇੜੇ ਲੈ ਆਂਦਾ ਹੈ, ਪਰੰਤੂ ਅਸੀਂ ਸਾਰੇ ਇਸ ਦੀ ਮਜ਼ਬੂਤ ਜਕੜ ਵਿੱਚ ਆ ਚੁੱਕੇ ਹਾਂ। ਇਹ ਵੀ ਇੱਕ ਤੱਥ ਹੈ ਕਿ ਅੱਜ ਅਸੀਂ ਇੱਕ ਦੂਜੇ ਤੋਂ ਬਹੁਤ ਦੂਰ ਹੋ ਗਏ ਹਾਂ। ਹੁਣ ਘਰਾਂ ਵਿੱਚ ਅਕਸਰ ਹੁੰਦਾ ਹੈ ਕਿ ਹੁਣ ਮਾਂਵਾਂ ਆਪਣਾ ਰਸੋਈ ਦਾ ਕੰਮ ਨਿਬੇੜਨ ਲਈ ਨਿੱਕੇ-ਨਿੱਕੇ ਬਾਲਾਂ ਦੇ ਹੱਥਾਂ ਵਿੱਚ ਮੋਬਾਇਲ ਫ਼ੋਨ ਫੜਾ ਦਿੰਦੀਆਂ ਹਨ। ਜਾਂ ਫਿਰ ਟੀ.ਵੀ. ਚਲਾ ਕੇ ਉਨ੍ਹਾਂ ਨੂੰ ਟੀ.ਵੀ. ਦੇ ਸਾਹਮਣੇ ਬਿਠਾ ਦਿੰਦੀਆਂ ਹਨ। ਨਤੀਜੇ ਵਜੋਂ ਬੱਚੇ ਹੌਲੀ-ਹੌਲੀ ਇਨ੍ਹਾਂ ਚੀਜ਼ਾਂ ਦੇ ਆਦੀ ਹੋ ਰਹੇ ਹਨ। ਇਹ ਇੱਕ ਮਨੋਵਿਗਿਆਨਕ ਸਚਾਈ ਹੈ ਕਿ ਮੁੱਢ ਵਿੱਚ ਛੋਟੇ ਬੱਚਿਆਂ ਦੀਆਂ ਆਦਤਾਂ ਜਿੱਥੇ ਪੱਕ ਜਾਂਦੀਆਂ ਹਨ, ਉਨ੍ਹਾਂ ਨੂੰ ਫਿਰ ਉਸ ਪਾਸੋਂ ਮੋੜਨਾ ਬਹੁਤ ਕਠਿਨ ਹੋ ਜਾਂਦਾ ਹੈ।

ਇਹ ਇੱਕ ਤੱਥ ਹੈ ਕਿ ਮਾਂ ਬੇਸ਼ੱਕ ਪੜ੍ਹੀ ਲਿਖੀ ਹੋਵੇ ਜਾਂ ਅਨਪੜ੍ਹ ਹੋਵੇ। ਉਸ ਦੇ ਅੰਦਰ ਇੱਕ ਵਿਸ਼ਾਲ ਯੂਨੀਵਰਸਿਟੀ ਟਿਕੀ ਹੁੰਦੀ ਹੈ। ਬੱਚੇ ਨੂੰ ਬਹੁਤਾ ਗਿਆਨ ਆਪਣੀ ਮਾਂ ਕੋਲੋਂ ਹੀ ਮਿਲਦਾ ਹੈ। ਮਨੋਵਿਗਿਆਨ ਅਨੁਸਾਰ ਬੱਚੇ ਦੀ ਪੜ੍ਹਾਈ ਦਾ ਆਰੰਭ ਉਸ ਸਮੇਂ ਤੋਂ ਹੀ ਹੋ ਜਾਂਦਾ ਹੈ, ਜਦੋਂ ਬੱਚਾ ਮਾਂ ਦੇ ਗਰਭ ਵਿੱਚ ਪਲ਼ ਰਿਹਾ ਹੁੰਦਾ ਹੈ। ਗਰਭਕਾਲ ਦੌਰਾਨ ਮਾਂ ਕੀ ਕੁਝ ਪੜ੍ਹਦੀ ਹੈ? ਕੀ ਕੁਝ ਵੇਖਦੀ ਹੈ? ਕੀ ਕੁਝ ਸੋਚਦੀ ਹੈ? ਇਨ੍ਹਾਂ ਸਾਰੀਆਂ ਗੱਲਾਂ ਦਾ ਸਿੱਧਾ ਪ੍ਰਭਾਵ ਗਰਭ ਵਿੱਚ ਪਲ਼ ਰਹੇ ਬੱਚੇ ਦੀ ਬੁੱਧੀ, ਸਿਹਤ ਅਤੇ ਮਾਨਸਿਕਤਾ 'ਤੇ ਪੈਂਦਾ ਹੈ। ਇਸ ਲਈ ਗਰਭਵਤੀ ਔਰਤਾਂ ਨੂੰ ਆਪਣੇ ਵਿਹਲੇ ਸਮੇਂ ਵਿੱਚ ਨੈਤਿਕ ਕਦਰਾਂ-ਕੀਮਤਾਂ ਅਤੇ ਮਾਨਵੀ ਸੰਵੇਦਨਸ਼ੀਲਤਾ ਨਾਲ਼ ਜੁੜਿਆ ਸਾਹਿਤ ਪੜ੍ਹਨਾ ਚਾਹੀਦਾ ਹੈ ਤਾਂ ਜੋ ਬੱਚੇ ਦੀ ਮਾਨਸਿਕਤਾ 'ਤੇ ਵੀ ਉਸਾਰੂ ਅਤੇ ਸਕਾਰਾਤਮਕ

ਪ੍ਰਭਾਵ ਪੈ ਸਕੇ। ਇਹ ਵੀ ਜ਼ਰੂਰੀ ਹੈ ਕਿ ਸੰਵੇਦਨਸ਼ੀਲ ਅਤੇ ਕੋਮਲ ਪਲਾਂ ਦੌਰਾਨ ਪਤੀ ਪਤਨੀ ਆਪਸ ਵਿੱਚ ਗੱਲਬਾਤ ਕਰਦਿਆਂ ਵੀ ਸ਼ਾਲੀਨਤਾ ਭਰੀ ਸੱਭਿਅਕ ਸ਼ਬਦਾਵਲੀ ਦੀ ਵਰਤੋਂ ਕਰਨ। ਘਰ ਵਿੱਚ ਟੈਲੀਵਿਜ਼ਨ ਜਾਂ ਮੋਬਾਇਲ ਫ਼ੋਨ 'ਤੇ ਦੇਖੇ ਜਾਣ ਵਾਲ਼ੇ ਪ੍ਰੋਗਰਾਮਾਂ ਦੀ ਚੋਣ ਬਹੁਤ ਹੀ ਸੋਚ ਵਿਚਾਰ ਕਰਕੇ ਹੀ ਕਰਨੀ ਚਾਹੀਦੀ ਹੈ।

ਜਦੋਂ ਛੋਟਾ ਬੱਚਾ ਮਾਂ ਦੇ ਗਰਭ ਵਿੱਚੋਂ ਜਨਮ ਲੈ ਚੁੱਕਾ ਹੁੰਦਾ ਹੈ, ਤਦ ਵੀ ਬੱਚੇ ਨੂੰ ਦੁੱਧ ਚੁੰਘਾਉਦੇ ਸਮੇਂ ਮਾਂ ਦਾ ਹਿਰਦਾ ਸ਼ਾਂਤ, ਸਹਿਜ, ਹੁਲਾਸ ਅਤੇ ਖੁਸ਼ੀ ਭਰਿਆ ਹੋਣਾ ਚਾਹੀਦਾ ਹੈ ਤਾਂ ਜੋ ਬੱਚੇ ਲਈ ਮਾਂ ਦਾ ਦੁੱਧ ਅੰਮ੍ਰਿਤ ਦਾ ਰੂਪ ਧਾਰਨ ਕਰ ਜਾਵੇ। ਜੇਕਰ ਕੋਈ ਔਰਤ ਆਪਣੇ ਬੱਚੇ ਨੂੰ ਦੁੱਧ ਚੁੰਘਾਉਦੇ ਸਮੇਂ ਮੋਬਾਇਲ ਫ਼ੋਨ 'ਤੇ ਕੋਈ ਅਸ਼ਲੀਲ ਜਾਂ ਮਾਰਧਾੜ ਦਾ ਦ੍ਰਿਸ਼, ਚਿੱਤਰ, ਵੀਡੀਓ, ਆਡੀਓ ਦੇਖ ਰਹੀ ਹੈ, ਤਦ ਮਾਂ ਦੇ ਥਣਾਂ ਵਿੱਚੋਂ ਨਿੱਕਲ ਰਿਹਾ ਦੁੱਧ ਬੱਚੇ ਦਾ ਕੇਵਲ ਪੇਟ ਹੀ ਭਰੇਗਾ, ਉਸ ਲਈ ਉਹ ਅੰਮ੍ਰਿਤ ਨਹੀਂ ਬਣ ਸਕੇਗਾ। ਇੰਝ ਮਾਂਵਾਂ ਨੂੰ ਇਸ ਪਾਸੇ ਆਰੰਭ ਤੋਂ ਹੀ ਬਹੁਤ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ।

ਮਾਂ ਤੋਂ ਇਲਾਵਾ ਬੱਚਿਆਂ ਦੇ ਪਿਤਾ, ਦਾਦਾ, ਦਾਦੀ ਅਤੇ ਹੋਰ ਪਰਿਵਾਰਕ ਮੈਂਬਰ ਵੀ ਉਨ੍ਹਾਂ ਦੀ ਮਾਨਸਿਕਤਾ ਘੜ੍ਹਨ ਵਿੱਚ ਆਪੋ ਆਪਣਾ ਰੋਲ ਅਦਾ ਕਰਦੇ ਹਨ। ਅੱਜ ਦੇ ਬੱਚੇ ਉਹ ਨਹੀਂ ਕਰਦੇ, ਜੋ ਕੁਝ ਕਰਨ ਲਈ ਉਨ੍ਹਾਂ ਨੂੰ ਕਿਹਾ ਜਾਂਦਾ ਹੈ। ਸਗੋਂ ਉਹ ਜੋ ਕੁਝ ਆਪਣੇ ਸਾਹਮਣੇ ਹੁੰਦਾ ਵੇਖਦੇ ਹਨ, ਉਸ ਨੂੰ ਖੁਸ਼ੀ ਨਾਲ਼ ਕਰਦੇ ਹਨ। ਇਸ ਲਈ ਘਰ ਵਿੱਚ ਮਾਤਾ ਪਿਤਾ, ਦਾਦਾ ਦਾਦੀ ਅਤੇ ਹੋਰ ਮੈਂਬਰ ਖੁਦ ਕੋਈ ਪੁਸਤਕ, ਅਖ਼ਬਾਰ, ਰਿਸਾਲਾ ਲੈ ਕੇ ਪੜ੍ਹਨ ਲਈ ਬੈਠਣ। ਜਦੋਂ ਛੋਟੇ ਬੱਚੇ ਘਰ ਦੇ ਵੱਡੇ ਮੈਂਬਰਾਂ ਨੂੰ ਪੜ੍ਹਦਾ ਦੇਖਦੇ ਹਨ ਤਾਂ ਸਹਿਜ ਸੁਭਾਅ ਛੋਟੇ ਬੱਚੇ ਵੀ ਪੜ੍ਹਨ ਲਈ ਜਰੂਰ ਬੈਠਦੇ ਹਨ। ਇਸ ਪ੍ਰਕਾਰ ਬੱਚਿਆਂ ਦੇ ਸਾਹਮਣੇ ਆਪਣੇ ਆਪ ਨੂੰ ਇੱਕ ਮਾਡਲ ਦੇ ਰੂਪ ਵਿੱਚ ਪੇਸ਼ ਕਰਨਾ ਬਹੁਤ ਜ਼ਰੂਰੀ ਹੈ। ਜੇਕਰ ਮਾਤਾ ਪਿਤਾ, ਦਾਦਾ ਦਾਦੀ ਅਨਪੜ੍ਹ ਹਨ, ਤਦ ਵੀ ਉਹ ਇੰਨਾਂ ਤਾਂ ਕਰ ਹੀ ਸਕਦੇ ਹਨ ਕਿ ਬੱਚਿਆਂ ਦੇ ਸਾਹਮਣੇ ਬੈਠ ਕੇ ਮੋਬਾਇਲ ਫ਼ੋਨ ਨਾ ਚਲਾਉਣ।

ਇਸ ਤੋਂ ਇਲਾਵਾ ਮਾਂ, ਦਾਦੀ ਜਾਂ ਦਾਦੇ ਕੋਲ ਜਦੋਂ ਵੀ ਸਮਾਂ ਹੋਵੇ ਜਾਂ ਜਦੋਂ ਬੱਚਿਆਂ ਨੂੰ ਵਿਹਲ ਹੋਵੇ, ਉਨ੍ਹਾਂ ਨੂੰ ਨੈਤਿਕ ਕਦਰਾਂ-ਕੀਮਤਾਂ ਨਾਲ਼ ਭਰੀਆਂ ਕਹਾਣੀਆਂ, ਬਾਤਾਂ, ਸਾਖੀਆਂ, ਕਥਾਵਾਂ ਜਰੂਰ ਸੁਣਾਈਆਂ ਜਾਣ। ਕਹਾਣੀ ਸੁਣਨ ਨਾਲ਼ ਬੱਚਿਆਂ ਨੂੰ ਜਿੱਥੇ ਪੂਰਾ ਧਿਆਨ ਲਗਾ ਕੇ ਸੁਣਨ ਦੀ ਆਦਤ ਪੱਕੀ ਹੁੰਦੀ ਹੈ, ਉੱਥੇ ਉਨ੍ਹਾਂ ਦੀ ਕਲਪਨਾ ਸ਼ਕਤੀ ਵੀ ਬੜੀ ਤੀਬਰ ਹੁੰਦੀ ਹੈ। ਇਸ ਦੇ ਨਾਲ਼ ਹੀ ਉਨ੍ਹਾਂ ਦੇ ਮਨ ਵਿੱਚ ਨਵੀਆਂ ਚੀਜ਼ਾਂ ਨੂੰ ਜਾਨਣ ਦੀ ਜਿਗਿਆਸਾ ਵਧਦੀ ਹੈ। ਫਿਰ ਸਮੇਂ ਨਾਲ਼ ਛੋਟੇ ਬੱਚੇ ਖੁਦ ਵੀ ਸਾਹਿਤ ਸਿਰਜਣਾ ਦੇ ਰਾਹ ਤੁਰ ਪੈਂਦੇ ਹਨ।

ਬਹੁਤ ਛੋਟੀ ਉਮਰ ਦੇ ਬੋਲਣਾ ਸਿੱਖ ਰਹੇ ਬੱਚਿਆਂ ਦੇ ਹੱਥਾਂ ਵਿੱਚ ਰੰਗਦਾਰ ਤਸਵੀਰਾਂ ਵਾਲ਼ੀਆਂ ਪੁਸਤਕਾਂ ਦੇਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਉਨ੍ਹਾਂ ਦੀ ਜ਼ੁਬਾਨ ਦਾ ਵਿਕਾਸ ਹੁੰਦਾ ਹੈ। ਬੱਚੇ ਚੀਜ਼ਾਂ ਨੂੰ ਹੋਰ ਵਧੇਰੇ ਜਾਣਨ ਲਈ ਕਈ ਤਰ੍ਹਾਂ ਦੇ ਪ੍ਰਸ਼ਨ ਪੁੱਛਦੇ ਹਨ। ਪਰੰਤੂ ਇਸ ਦੇ ਲਈ ਸਭ ਤੋਂ ਪਹਿਲਾਂ ਮਾਂ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਖੁਦ ਕਿਤਾਬਾਂ, ਅਖ਼ਬਾਰ, ਮੈਗਜ਼ੀਨ ਆਦਿ ਪੜ੍ਹਨ ਦੀ ਆਦਤ ਪਾਉਣੀ ਚਾਹੀਦੀ ਹੈ। ਜਦੋਂ ਉਹ ਘਰ ਵਿੱਚ ਖੁਦ ਕਿਤਾਬਾਂ ਪੜ੍ਹਨਗੇ ਤਦ ਬੱਚੇ ਵੀ ਉਨ੍ਹਾਂ ਦੀ ਰੀਸ ਨਾਲ਼ ਹੱਥਾਂ ਵਿੱਚ ਕਿਤਾਬਾਂ ਲੈ ਕੇ ਪੜ੍ਹਨ ਬੈਠਣਗੇ। ਫ਼ਿਰ ਉਹ ਮੋਬਾਈਲ ਫੋਨ ਜਾਂ ਟੀ.ਵੀ. ਦੇ ਰਿਮੋਟ ਦੀ ਭਾਲ਼ ਨਹੀਂ ਕਰਨਗੇ। ਸਾਨੂੰ ਘਰਾਂ ਵਿੱਚ ਬਾਲ ਸਾਹਿਤ ਨਾਲ਼ ਸੰਬੰਧਿਤ ਪੁਸਤਕਾਂ ਅਤੇ ਰਿਸਾਲੇ ਲਾਜ਼ਮੀ ਤੌਰ 'ਤੇ ਮੰਗਵਾਉਣੇ ਚਾਹੀਦੇ ਹਨ। ਫਿਰ ਬੱਚਿਆਂ ਨਾਲ ਬੈਠ ਕੇ ਪੜ੍ਹਨੇ ਚਾਹੀਦੇ ਹਨ। ਉਨ੍ਹਾਂ ਵਿਚਲਾ ਸਾਹਿਤ ਬੱਚਿਆਂ ਨੂੰ ਸੁਣਾ ਕੇ ਅਤੇ ਪੜ੍ਹਨ ਲਈ ਦੇ ਕੇ ਬੱਚਿਆਂ ਨੂੰ ਸਾਹਿਤ ਪੜ੍ਹਨ ਵਾਲ਼ੇ ਪਾਸੇ ਜੋੜਿਆ ਜਾ ਸਕਦਾ ਹੈ। ਤਾਮਿਲਨਾਡੂ ਅਤੇ ਕੇਰਲਾ ਰਾਜਾਂ ਵਿੱਚ ਹਰੇਕ ਘਰ ਵਿੱਚ ਇੱਕ ਲਾਇਬਰੇਰੀ ਬਣਾਈ ਗਈ ਹੈ। ਉੱਥੇ ਉਨ੍ਹਾਂ ਨੇ ਵਾਧਾ ਇਹ ਕੀਤਾ ਹੈ ਕਿ ਛੋਟੇ ਬੱਚਿਆਂ ਲਈ ਉਨ੍ਹਾਂ ਦੀ ਉਮਰ ਅਤੇ ਰੁਚੀਆਂ ਅਨੁਸਾਰ ਵੱਖਰੀ ਲਾਇਬਰੇਰੀ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਸ ਤਰ੍ਹਾਂ ਸਾਨੂੰ ਪੰਜਾਬੀਆਂ ਨੂੰ ਵੀ ਆਪਣੇ ਘਰਾਂ ਵਿੱਚ ਲਾਇਬਰੇਰੀ ਜਰੂਰ ਬਣਾਉਣੀ ਚਾਹੀਦੀ ਹੈ। ਜਦੋਂ ਬੱਚੇ ਆਪਣੇ ਘਰਾਂ ਵਿੱਚ ਬਹੁਤ ਸਾਰੀਆਂ ਪੁਸਤਕਾਂ ਨੂੰ ਇੱਕ ਸੰਗ੍ਰਹਿ ਦੇ ਰੂਪ ਵਿੱਚ ਦੇਖਣਗੇ, ਤਦ ਉਹ ਇਨ੍ਹਾਂ ਪੁਸਤਕਾਂ ਨੂੰ ਪੜ੍ਹਨ ਲਈ ਜਰੂਰ ਆਕਰਸ਼ਿਤ ਅਤੇ ਉਤਸ਼ਾਹਿਤ ਹੋਣਗੇ।

ਵਿਦੇਸ਼ਾਂ ਵਿੱਚ ਆਮ ਲੋਕ ਘਰਾਂ ਵਿੱਚ ਅਤੇ ਸਫ਼ਰ ਦੌਰਾਨ ਕਿਤਾਬਾਂ ਪੜ੍ਹਦੇ ਹਨ। ਇਸ ਢੰਗ ਨਾਲ਼ ਉਹ ਆਪਣੇ ਬੱਚਿਆਂ ਨੂੰ ਵੀ ਪੁਸਤਕਾਂ ਪੜ੍ਹਨ ਦੀ ਆਦਤ ਬਚਪਨ ਤੋਂ ਹੀ ਪਾ ਦਿੰਦੇ ਹਨ। ਇਸ ਤੋਂ ਇਲਾਵਾ ਉਹ ਆਪਣੇ ਬੱਚਿਆਂ ਦੇ ਜਨਮ ਦਿਨ ਮਨਾਉਂਦੇ ਸਮੇਂ ਬੱਚਿਆਂ ਦੇ ਪਸੰਦ ਦੀਆਂ ਵਸਤੂਆਂ ਅਤੇ ਪੁਸਤਕਾਂ ਉਨ੍ਹਾਂ ਨੂੰ ਤੋਹਫ਼ੇ ਦੇ ਤੌਰ 'ਤੇ ਦਿੰਦੇ ਹਨ। ਅਜਿਹਾ ਪ੍ਰਬੰਧ ਸਾਨੂੰ ਪੰਜਾਬੀਆਂ ਨੂੰ ਵੀ ਕਰ ਲੈਣਾ ਚਾਹੀਦਾ ਹੈ। ਬਹੁਤਾ ਕੁਝ ਬੱਚੇ ਵੇਖ ਕੇ ਸਿੱਖਦੇ ਹਨ। ਜੇਕਰ ਘਰਾਂ ਵਿੱਚ ਮਾਂ ਪਿਉ ਅਤੇ ਸਕੂਲਾਂ ਵਿੱਚ ਪ੍ਰਿੰਸੀਪਲ ਅਤੇ ਅਧਿਆਪਕਾਂ ਦੇ ਹੱਥਾਂ ਵਿੱਚ ਪੁਸਤਕਾਂ ਹੋਣਗੀਆਂ ਤਾਂ ਕੁਦਰਤੀ ਤੌਰ 'ਤੇ ਬੱਚਿਆਂ ਨੂੰ ਵੀ ਇਹੋ ਆਦਤਾਂ ਪੈ ਜਾਣਗੀਆਂ। ਉਨ੍ਹਾਂ ਦੀ ਵੀ ਪੁਸਤਕਾਂ ਨਾਲ਼ ਦੋਸਤੀ ਪਵੇਗੀ।

ਇਸ ਦੇ ਨਾਲ਼ ਹੀ ਇਹ ਵੀ ਜ਼ਰੂਰੀ ਹੈ ਕਿ ਹਫ਼ਤੇ ਵਿੱਚ ਘੱਟ ਤੋਂ ਘੱਟ ਦੋ ਦਿਨਾਂ ਲਈ ਸਵੇਰ ਦੀ ਸਭਾ ਵਿੱਚ ਸਕੂਲ ਪ੍ਰਿੰਸੀਪਲ ਜਾਂ ਕਿਸੇ ਅਧਿਆਪਕ ਵੱਲੋਂ ਪੜ੍ਹੀ ਗਈ ਪੁਸਤਕ ਦੀ ਚਰਚਾ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ। ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਦੱਸਣ ਦੀ ਲੋੜ ਹੈ ਕਿ ਹੁਣੇ-ਹੁਣੇ ਪੜ੍ਹੀ

ਪੁਸਤਕ ਦਾ ਲੇਖਕ ਕੌਣ ਹੈ? ਉਸ ਦਾ ਪਿਛੋਕੜ ਕੀ ਹੈ? ਪੁਸਤਕ ਵਿੱਚ ਕਿਹੜੇ-ਕਿਹੜੇ ਵਿਸ਼ਿਆਂ ਨੂੰ ਮੁੱਖ ਤੌਰ 'ਤੇ ਛੋਹਿਆ ਗਿਆ ਹੈ। ਲੇਖਕ ਆਪਣੇ ਚੁਣੇ ਵਿਸ਼ੇ ਨੂੰ ਨਿਭਾਉਣ ਵਿੱਚ ਕਿੱਥੋਂ ਤੱਕ ਸਫ਼ਲ ਰਿਹਾ ਹੈ? ਲੇਖਕ ਦੀ ਰਚੀ ਪੁਸਤਕ ਦਾ ਸਮਾਜ ਅਤੇ ਵਿਦਿਆਰਥੀਆਂ ਉੱਤੇ ਕੀ ਪ੍ਰਭਾਵ ਪਵੇਗਾ? ਇਸ ਢੰਗ ਨਾਲ਼ ਵਿਦਿਆਰਥੀਆਂ ਦੇ ਦਿਲਾਂ ਵਿੱਚ ਵੀ ਸੰਬੰਧਿਤ ਪੁਸਤਕ ਅਤੇ ਹੋਰ ਪੁਸਤਕਾਂ ਪੜ੍ਹਨ ਲਈ ਜਗਿਆਸਾ ਪੈਦਾ ਹੋਵੇਗੀ।

ਮਨੋਵਿਗਿਆਨੀਆਂ ਅਤੇ ਸਿੱਖਿਆ ਸ਼ਾਸਤਰੀਆਂ ਦਾ ਕਹਿਣਾ ਹੈ ਕਿ ਸਕੂਲਾਂ ਵਿੱਚ ਬੱਚਿਆਂ ਉੱਪਰ ਸਿਲੇਬਸ ਵਾਲ਼ੀਆਂ ਪੁਸਤਕਾਂ ਦਾ ਬੇਲੋੜਾ ਬੋਝ ਪਾ ਕੇ, ਉਨ੍ਹਾਂ ਵਿੱਚੋਂ ਪੜ੍ਹਨ ਦੀ ਰੁਚੀ ਨੂੰ ਘਟਾਇਆ ਜਾ ਰਿਹਾ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਬੋਰਡ ਵੱਲੋਂ ਨਿਰਧਾਰਤ ਕੀਤੇ ਪਾਠਕ੍ਰਮ ਦਾ ਮੁੜ ਮੁਲਾਂਕਣ ਕੀਤਾ ਜਾਵੇ। ਸਕੂਲੀ ਵਿਦਿਆਰਥੀਆਂ ਦੇ ਸਿਲੇਬਸ ਵਿੱਚ ਸ਼ਾਮਲ ਬੇਲੋੜੀਆਂ ਰਚਨਾਵਾਂ ਨੂੰ ਬਾਹਰ ਕੱਢਿਆ ਜਾਣਾ ਚਾਹੀਦਾ ਹੈ। ਨਵੇਂ ਸਾਹਿਤਕਾਰ ਬੱਚਿਆਂ ਦੀਆਂ ਰੁਚੀਆਂ ਨੂੰ ਧਿਆਨ ਵਿੱਚ ਰੱਖ ਕੇ ਵਧੀਆ, ਉਸਾਰੂ, ਦਿਲਚਸਪ ਸਾਹਿਤ ਸਿਰਜਣਾ ਕਰ ਰਹੇ ਹਨ। ਇਨ੍ਹਾਂ ਨਵੇਂ ਸਾਹਿਤਕਾਰਾਂ ਦੀਆਂ ਦਿਲਚਸਪ ਰਚਨਾਵਾਂ ਨੂੰ ਵਿਦਿਆਰਥੀਆਂ ਦੇ ਸਿਲੇਬਸ ਦਾ ਹਿੱਸਾ ਬਣਾਉਣ ਦੀ ਬਹੁਤ ਵੱਡੀ ਲੋੜ ਹੈ।

ਸਕੂਲ ਵਿੱਚ ਅਧਿਆਪਕਾਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਜਦੋਂ ਵੀ ਪੜ੍ਹਾਉਣ ਲਈ ਆਪਣੀ ਜਮਾਤ ਵਿੱਚ ਜਾਣ ਤਾਂ ਆਪਣੇ ਹੱਥ ਵਿੱਚ ਕੋਈ ਨਾ ਪੁਸਤਕ ਜ਼ਰੂਰ ਰੱਖਣ। ਜਦੋਂ ਵਿਦਿਆਰਥੀ ਅਧਿਆਪਕ ਦੇ ਹੱਥ ਵਿੱਚ ਫੜੀ ਪੁਸਤਕ ਨੂੰ ਵੇਖਣਗੇ ਤਾਂ ਉਹ ਲਾਜ਼ਮੀ ਤੌਰ 'ਤੇ ਆਪਣੇ ਅਧਿਆਪਕ ਨੂੰ ਪੁਸਤਕ ਸੰਬੰਧੀ ਪ੍ਰਸ਼ਨ ਪੁੱਛਣਗੇ। ਇਹੋ ਉਹ ਸਮਾਂ ਹੁੰਦਾ ਹੈ, ਜਦੋਂ ਸੂਝਵਾਨ, ਸੁਹਿਰਦ ਅਤੇ ਸੰਜੀਦਾ ਅਧਿਆਪਕ ਆਪਣੇ ਤਜਰਬੇ ਦੇ ਆਧਾਰ 'ਤੇ ਪੁਸਤਕ ਦੇ ਲੇਖਕ ਸੰਬੰਧੀ ਜਾਣਕਾਰੀ ਦਿੰਦਾ ਹੋਇਆ ਅਛੋਪਲੇ ਜਿਹੇ ਹੀ ਆਪਣੇ ਵਿਦਿਆਰਥੀਆਂ ਦੇ ਦਿਲਾਂ ਵਿੱਚ ਪੁਸਤਕਾਂ ਪੜ੍ਹਨ ਦਾ ਬੀਜ, ਬੀਜ ਦਿੰਦਾ ਹੈ। ਇਹੋ ਬੀਜ ਜਦੋਂ ਪੁੰਗਰਦਾ ਹੈ ਤਾਂ ਉਸ ਦੀਆਂ ਸ਼ਾਖਾਵਾਂ ਨੂੰ ਛੋਟੀਆਂ-ਛੋਟੀਆਂ ਕਵਿਤਾਵਾਂ, ਕਹਾਣੀਆਂ ਲੱਗੀਆਂ ਹੁੰਦੀਆਂ ਹਨ। ਇਹੋ ਕਵਿਤਾਵਾਂ ਕਹਾਣੀਆਂ ਬੱਚਿਆਂ ਦੇ ਮਨਾਂ ਵਿੱਚ ਪੁਸਤਕ ਪਿਆਰ ਪੈਦਾ ਕਰਨ ਦਾ ਵਸੀਲਾ ਬਣ ਜਾਂਦੀਆਂ ਹਨ।

ਇਸ ਤੋਂ ਇਲਾਵਾ ਅਧਿਆਪਕ ਖ਼ੁਦ ਬੱਚਿਆਂ ਨੂੰ ਲਾਇਬਰੇਰੀ ਜਾਂ ਰੀਡਿੰਗ ਕਾਰਨਰਾਂ ਵਿੱਚ ਲੈ ਕੇ ਜਾਣ। ਉਨ੍ਹਾਂ ਨਾਲ਼ ਬੈਠ ਕੇ ਆਪ ਵੀ ਪੁਸਤਕਾਂ, ਰਸਾਲੇ, ਮੈਗਜ਼ੀਨ ਪੜ੍ਹਨ ਅਤੇ ਬੱਚਿਆਂ ਨੂੰ ਪੜ੍ਹਨ ਲਈ ਪ੍ਰੇਰਿਤ ਕਰਨ। ਇਸ ਦੇ ਨਾਲ਼ ਹੀ ਪੜ੍ਹੀ ਗਈ ਕਹਾਣੀ, ਕਵਿਤਾ ਜਾਂ ਲੇਖ ਉੱਤੇ ਹਲਕੀ ਫੁਲਕੀ ਚਰਚਾ ਜ਼ਰੂਰ ਕਰਨੀ ਚਾਹੀਦੀ ਹੈ। ਇਸ ਤੋਂ ਬਿਨਾਂ ਸਕੂਲ ਪ੍ਰਿੰਸੀਪਲਾਂ ਦਾ ਵੀ ਇਹ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਸਕੂਲ ਦੇ ਸੁਹਿਰਦ ਅਤੇ ਸੂਝਵਾਨ ਅਧਿਆਪਕਾਂ ਦੀ ਸਲਾਹ ਨਾਲ਼ ਵਿਦਿਆਰਥੀਆਂ ਦੀਆਂ ਰੁਚੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਨਵੀਆਂ-ਨਵੀਆਂ ਪੁਸਤਕਾਂ ਸਕੂਲ ਲਾਇਬਰੇਰੀ ਵਿੱਚ ਪਾਉਂਦੇ ਰਹਿਣ।

ਇੱਥੇ ਇਹ ਗੱਲ ਕਹਿਣੀ ਬਣਦੀ ਹੈ ਕਿ ਹੁਣ ਸਾਡੇ ਬਹੁਤੇ ਸਰਕਾਰੀ, ਅਰਧ-ਸਰਕਾਰੀ, ਪ੍ਰਾਈਵੇਟ, ਪਬਲਿਕ, ਕੌਨਵੈਂਟ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪੁਸਤਕਾਂ ਪੜ੍ਹਨ ਲਈ ਬਿਲਕੁਲ ਵੀ ਪ੍ਰੇਰਿਤ ਅਤੇ ਉਤਸ਼ਾਹਿਤ ਨਹੀਂ ਕੀਤਾ ਜਾਂਦਾ। ਜਿਹੜੇ ਅਧਿਆਪਕਾਂ ਨੂੰ ਵਿਦਿਆਰਥੀ ਆਪਣੇ ਆਦਰਸ਼ ਮੰਨੀਂ ਬੈਠੇ ਹਨ, ਉਹ ਖ਼ੁਦ ਹੀ ਪੁਸਤਕਾਂ ਦੇ ਨੇੜੇ ਨਹੀਂ ਢੁੱਕਦੇ। ਫਿਰ ਉਨ੍ਹਾਂ ਦੇ ਵਿਦਿਆਰਥੀਆਂ ਦੇ ਮਨਾਂ ਵਿੱਚ ਪੁਸਤਕਾਂ ਪੜ੍ਹਨ ਦੀ ਰੁਚੀ ਕਿਵੇਂ ਵਿਕਸਤ ਕੀਤੀ ਜਾ ਸਕਦੀ ਹੈ?

ਅੱਜ ਲੋੜ ਇਸ ਗੱਲ ਦੀ ਹੈ ਕਿ ਹਰੇਕ ਸਕੂਲ ਵਿੱਚ ਹਰੇਕ ਵਿਦਿਆਰਥੀ ਦੇ ਹਫ਼ਤੇ ਵਿੱਚ ਤਿੰਨ ਪੀਰੀਅਡ ਲਾਇਬਰੇਰੀ ਲਈ ਰਾਖਵੇਂ ਰੱਖੇ ਜਾਣ। ਲਾਇਬਰੇਰੀ ਅੰਦਰ ਸੋਹਣੀ ਸੀਰਤ ਵਾਲ਼ੀ ਸ਼ਖ਼ਸੀਅਤ ਬੱਚਿਆਂ ਨੂੰ "ਜੀਓ ਆਇਆਂ ਨੂੰ" ਕਹਿਣ ਵਾਲ਼ੀ ਹੋਵੇ ਤਾਂ ਜੋ ਬੱਚੇ ਚਾਈਂ-ਚਾਈਂ ਲਾਇਬਰੇਰੀ ਵੱਲ ਖਿੱਚੇ ਚਲੇ ਆਉਣ। ਲਾਇਬਰੇਰੀ ਦੀਆਂ ਪੁਸਤਕਾਂ ਨੂੰ ਅਲਮਾਰੀਆਂ ਵਿੱਚ ਬੰਦ ਕਰਕੇ ਜਿੰਦਰੇ ਲਾਉਣ ਦੀ ਲੋੜ ਨਹੀਂ ਹੈ। ਸਗੋਂ ਪੁਸਤਕਾਂ ਤਾਂ ਖੁੱਲ੍ਹੀਆਂ ਸ਼ੈਲਫਾਂ ਵਿੱਚ ਸੋਹਣੇ ਸਲੀਕੇਦਾਰ ਢੰਗ ਨਾਲ਼ ਸਜਾ ਕੇ ਰੱਖੀਆਂ ਜਾਣੀਆਂ ਚਾਹੀਦੀਆਂ ਹਨ। ਵਿਦਿਆਰਥੀ ਆਪਣੀ ਮਨਮਰਜ਼ੀ ਨਾਲ਼ ਪੁਸਤਕਾਂ ਦੀ ਫੋਲਾ ਫਾਲੀ ਕਰ ਸਕਣ। ਉਹ ਆਪੋ ਆਪਣੀ ਪਸੰਦ ਦੀ ਪੁਸਤਕ ਦੀ ਚੋਣ ਕਰ ਸਕਣ। ਉਹ ਲਾਇਬਰੇਰੀ ਦੇ ਰੀਡਿੰਗ ਹਾਲ ਵਿੱਚ ਬੜੇ ਆਰਾਮਦਾਇਕ ਢੰਗ ਨਾਲ਼ ਬੈਠ ਕੇ ਪੁਸਤਕ ਪੜ੍ਹ ਸਕਣ।

ਵਿਦਿਆਰਥੀਆਂ ਨੂੰ ਪੁਸਤਕਾਂ ਪੜ੍ਹਨ ਲਈ ਹੋਰ ਵਧੇਰੇ ਉਤਸ਼ਾਹਿਤ ਕਰਨ ਲਈ ਇੱਕ ਨਿਯਮ ਬਣਾਉਣ ਦੀ ਲੋੜ ਹੈ। ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਨਪਸੰਦ ਪੁਸਤਕ ਪੜ੍ਹਨ ਲਈ ਇੱਕ ਹਫ਼ਤੇ ਲਈ ਦਿੱਤੀ ਜਾਵੇ। ਨਾਲ਼ ਹੀ ਵਿਦਿਆਰਥੀਆਂ ਨੂੰ ਕਿਹਾ ਜਾਵੇ ਕਿ ਜਿਹੜਾ ਵਿਦਿਆਰਥੀ ਉਸ ਪੁਸਤਕ ਨੂੰ ਇੱਕ ਹਫ਼ਤੇ ਵਿੱਚ ਪੜ੍ਹ ਲਵੇਗਾ। ਫਿਰ ਉਸੇ ਪੁਸਤਕ ਸੰਬੰਧੀ ਦੋ ਸਫ਼ਿਆਂ ਦੀ ਸੰਖੇਪ ਜਾਣਕਾਰੀ ਆਪਣੇ ਘਰੋਂ ਲਿਖ ਕੇ ਲਿਆਵੇਗਾ, ਤਦ ਉਸ ਵਿਦਿਆਰਥੀ ਨੂੰ ਇੱਕ ਨਵਾਂ ਰਜਿਸਟਰ ਇਨਾਮ ਵਜੋਂ ਦਿੱਤਾ ਜਾਵੇਗਾ। ਇਸ ਪ੍ਰਕਾਰ ਵਿਦਿਆਰਥੀਆਂ ਨੂੰ ਉਤਸ਼ਾਹਿਤ ਅਤੇ ਸਨਮਾਨਿਤ ਕਰਕੇ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ।

ਇਸ ਤੋਂ ਇਲਾਵਾ ਭਾਸ਼ਾ ਦੇ ਅਧਿਆਪਕ ਆਪਸੀ

ਸਹਿਮਤੀ ਨਾਲ਼ ਕਿਸੇ ਇੱਕ ਪੁਸਤਕ ਦੀ ਚੋਣ ਕਰ ਲੈਣ। ਉਸ ਪੁਸਤਕ ਦੀਆਂ ਫੋਟੋ ਸਟੇਟ ਕਾਪੀਆਂ ਕਰਵਾ ਕੇ ਸਕੂਲ ਦੀ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇੱਕ-ਇੱਕ ਕਾਪੀ ਦੇ ਦਿੱਤੀ ਜਾਵੇ। ਇੱਕ ਹਫ਼ਤੇ ਪਿੱਛੋਂ ਸਵੇਰ ਦੀ ਸਭਾ ਵਿੱਚ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਉਸ ਪੜ੍ਹੀ ਗਈ ਪੁਸਤਕ ਵਿੱਚੋਂ ਪ੍ਰਸ਼ਨ ਪੁੱਛੇ ਜਾਣ। ਸਹੀ ਉੱਤਰ ਦੇਣ ਵਾਲ਼ੇ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਵਿੱਚ ਹੀ ਰਜਿਸਟਰ, ਬਾਲ ਪੈੱਨ, ਜਿਉਮੈਟਰੀ ਬਾੱਕਸ ਜਾਂ ਵਿਦਿਆਰਥੀਆਂ ਦੀ ਪੜ੍ਹਾਈ ਨਾਲ਼ ਸੰਬੰਧਿਤ ਕੋਈ ਹੋਰ ਵਸਤੂ ਇਨਾਮ ਵਿੱਚ ਦਿੱਤੀ ਜਾਣੀ ਚਾਹੀਦੀ ਹੈ। ਇਸ ਪ੍ਰਕਾਰ ਸਹੀ ਉੱਤਰ ਦੇਣ ਵਾਲ਼ੇ ਵਿੱਦਿਆਰਥੀਆਂ ਵਿੱਚ ਹੋਰ ਵਧੇਰੇ ਸਾਹਿਤ ਪੜ੍ਹਨ ਦੀ ਆਦਤ ਪਰਿਪੱਕ ਹੋਵੇਗੀ। ਗ਼ਲਤ ਉੱਤਰ ਦੇਣ ਵਾਲ਼ੇ ਵਿੱਦਿਆਰਥੀ ਅੱਗੇ ਤੋਂ ਵਧੇਰੇ ਧਿਆਨ ਨਾਲ਼ ਪੁਸਤਕਾਂ ਪੜ੍ਹਨ ਲਈ ਆਦਤ ਪਾਉਣਗੇ। ਪੁਸਤਕ ਸੰਬੰਧੀ ਮੁਕਾਬਲਾ ਖ਼ਤਮ ਹੋਣ ਉਪਰੰਤ ਦਸਵੀਂ ਜਮਾਤ ਦੇ ਵਿਦਿਆਰਥੀਆਂ ਕੋਲੋਂ ਸੰਬੰਧਿਤ ਪੁਸਤਕ ਜਾਂ ਫੋਟੋ ਸਟੇਟ ਦੀ ਕਾਪੀ ਵਾਪਸ ਲੈ ਕੇ ਅਗਲੇ ਹਫ਼ਤੇ ਲਈ ਕਿਸੇ ਹੋਰ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਦਿੱਤੀ ਜਾਣੀ ਚਾਹੀਦੀ ਹੈ। ਇਸ ਪ੍ਰਕਾਰ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਸਾਹਿਤ ਪੜ੍ਹਨ ਦੀ ਚੇਟਕ ਲਾਈ ਜਾ ਸਕਦੀ ਹੈ।

ਬੇਸ਼ੱਕ ਅੱਜਕਲ੍ਹ ਇਹ ਰੁਝਾਨ ਲਗਪਗ ਖ਼ਤਮ ਹੋ ਰਿਹਾ ਹੈ ਕਿ ਸਕੂਲ ਪ੍ਰਿੰਸੀਪਲ/ਹੈੱਡਮਾਸਟਰ ਕਿਸੇ ਸਾਹਿਤਕਾਰ ਨੂੰ ਸਕੂਲ ਵਿੱਚ ਬੁਲਾ ਕੇ ਵਿਦਿਆਰਥੀਆਂ ਦੇ ਰੂਬਰੂ ਕਰਨ ਨੂੰ ਵਾਧੂ ਦਾ ਝਮੇਲਾ ਮੰਨਣ ਲੱਗ ਪਏ ਹਨ। ਪਰੰਤੂ ਸਿੱਖਿਆ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਜੇਕਰ ਕਿਸੇ ਸਾਹਿਤਕਾਰ, ਕਹਾਣੀਕਾਰ, ਕਵੀ ਨੂੰ ਸਕੂਲ ਵਿੱਚ ਬੁਲਾ ਕੇ ਵਿਦਿਆਰਥੀਆਂ ਨਾਲ਼ ਉਸ ਦਾ ਸੰਵਾਦ ਰਚਾਇਆ ਜਾਵੇ। ਜਦੋਂ ਕੋਈ ਸਾਹਿਤਕਾਰ ਆਪਣੇ ਸੰਘਰਸ਼ਮਈ ਜੀਵਨ ਦੇ ਪਹਿਲੂ ਵਿਦਿਆਰਥੀਆਂ ਨਾਲ਼ ਸਾਂਝੇ ਕਰਦਾ ਹੈ। ਤੇ ਉਸ ਸੰਘਰਸ਼ ਵਿੱਚੋਂ ਨਿੱਕਲ ਕੇ ਸਾਹਿਤਕਾਰ ਕਿਸੇ ਉੱਚ ਮੁਕਾਮ ’ਤੇ ਅੱਪੜਦਾ ਹੈ ਤਾਂ ਉਸ ਸਾਹਿਤਕਾਰ ਦੀਆਂ ਗੱਲਾਂ ਤੋਂ ਵਿਦਿਆਰਥੀਆਂ ਨੂੰ ਬਹੁਤ ਜ਼ਿਆਦਾ ਪ੍ਰੇਰਨਾ ਮਿਲਦੀ ਹੈ। ਇਸ ਪ੍ਰਕਾਰ ਵਿਦਿਆਰਥੀ ਵੀ ਸਾਹਿਤ ਵੱਲ ਖਿੱਚੇ ਚਲੇ ਜਾਂਦੇ ਹਨ।

ਸੌ ਹੱਥ ਰੱਸਾ ਸਿਰੇ ਤੇ ਗੰਢ ਵਾਲ਼ੀ ਗੱਲ ਅਨੁਸਾਰ ਘਰਾਂ ਵਿੱਚ ਬੱਚਿਆਂ ਦੇ ਮਾਪੇ, ਸਕੂਲਾਂ ਵਿੱਚ ਵਿਦਿਆਰਥੀਆਂ ਦੇ ਅਧਿਆਪਕ ਸਾਹਿਬਾਨ ਅਤੇ ਸਕੂਲ ਮੁਖੀ ਸੁਹਿਰਦ ਸਾਂਝੇ ਯਤਨਾਂ ਨਾਲ਼ ਹੀ ਵਿਦਿਆਰਥੀਆਂ ਨੂੰ ਸਾਹਿਤ ਪੜ੍ਹਨ ਲਈ ਪ੍ਰੇਰਿਤ ਕਰਕੇ ਉਨ੍ਹਾਂ ਨੂੰ ਸਾਹਿਤ ਪੜ੍ਹਨ ਲਈ ਲਾ ਸਕਦੇ ਹਨ। ਇਸ ਪ੍ਰਕਾਰ ਮੋਬਾਇਲ ਫ਼ੋਨ ਦੀ ਵਰਤੋਂ ਨੂੰ ਕਿਸੇ ਹੱਦ ਤੱਕ ਘੱਟ ਕੀਤਾ ਜਾ ਸਕਦਾ ਹੈ।

**84276-85020**

## ਕੰਧ ਵਿਚਲੀ ਇਟੱ / ਡਾ. ਰਵਿੰਦਰ



ਕੰਧ ਤਾਂ ਚਲੋ
ਕੱਢ ਹੀ ਲਈ ਸੀ
ਰਿਸ਼ਤੇ ਵਿਚਕਾਰ

ਸਾਰੀ ਉਮਰ ਲਈ
ਤੋੜ ਵਿਛੋੜਾ ਵੀ
ਹੋ ਹੀ ਗਿਆ ਸੀ
ਇਕ ਦੂਜੇ ਦੀਆਂ ਯਾਦਾਂ,
ਖ਼ਤ, ਤਸਵੀਰਾਂ ਪਾੜ ਸਾੜ ਕੇ
ਵਸੀਅਤਾਂ ਜਾਇਦਾਦ ਦੇ
ਕਾਗ਼ਜ਼ ਵੀ ਸਾਂਭ ਸੰਭਾਲ
ਲਏ ਸਨ

ਸਾਰੇ ਰਾਹ ਬੰਦ ਕਰਨ ਪਿੱਛੋਂ
ਚੰਗਾ ਹੁੰਦਾ ਜੇ ਕੰਧ ‘ਚ
ਇਕ ਅੱਧ ਕੱਚੀ ਇੱਟ
ਗਿੱਲੇ ਗਾਰੇ ਨਾਲ ਲਾ ਕੇ
ਥੋੜ੍ਹੀ ਢਿੱਲੀ ਜਿਹੀ ਰੱਖ ਲੈਂਦੇ

ਕਦੇ ਕਦਾਈਂ ਉਹਨੂੰ ਕੱਢ ਕੇ
ਠੰਢੀ ਹਵਾ ਦੇ ਬੁੱਲੇ ਲਈ
ਇਕ ਦੂਜੇ ਨੂੰ ਸੁੱਖ ਸਾਂਦ ਪੁੱਛਣ
ਨਿੰਦਾ ਚੁਗਲੀ ਕਰਨ
ਸਾੜਾ ਈਰਖਾ
ਨਿਭਾਉਣ ਲਈ ਹੀ ਸਹੀ

ਰਿਸ਼ਤੇ ’ਚ ਕਦੀ
ਕਿਸੇ ਵੇਲੇ ਥੋੜ੍ਹੀ ਜਿੰਨੀ
ਮੁੜ ਜੁੜਨ ਦੀ
ਗੁੰਜਾਇਸ਼ ਰੱਖ ਲੈਂਦੇ.....।

## ਕਵਿਤਾਵਾਂ / ਗੁਰਤੇਜ ਕੋਹਾਰਵਾਲਾ

### ਹੜ੍ਹ

ਕਰਦਾ ਹਾਂ ਹੜ੍ਹ ਦਿਨ ਭਰ
ਆਪਣੇ ਹੜ੍ਹਿਆਏ ਪੰਜਾਬ ਦਾ
ਹਵਾਈ ਸਰਵੇਖਣ।

ਕੋਲ ਸਰਕਾਰੀ
ਹੈਲੀਕਾਪਟਰ ਤਾਂ ਨਹੀਂ,
ਸੋਸ਼ਲ-ਮੀਡੀਆ ਦਾ
ਉੱਡਣ-ਖਟੋਲਾ ਹੈ
ਇਸ 'ਤੇ ਸਵਾਰ ਰਹਿੰਦਾ ਹਾਂ
ਦਿਨ ਭਰ।

ਵੀਡਿਓ ਦੇਖਦਾ
ਬਲਿਹਾਰੇ ਜਾਂਦਾ ਹਾਂ
ਸ਼ਰਮਿੰਦਾ ਹੁੰਦਾ ਹਾਂ
ਦਾਨ-ਸੇਵਾ, ਪਾਰਾਵਾਰ ਨਹੀਂ ਕੋਈ।
ਭਰ ਆਉਂਦੀਆਂ ਨੇ ਅੱਖਾਂ
ਸ਼ੁਕਰ ਕਰਦਾਂ,
ਜਿਉਂਦਾ ਹਾਂ ਅਜੇ, ਕਿਤੋਂ।

ਚੜ੍ਹੇ ਪਾਣੀ ਵਾਲੇ ਇਲਾਕਿਆਂ 'ਚ
ਵੱਸਦੇ ਦੋਸਤਾਂ-ਸੱਜਣਾਂ ਨੂੰ
ਫ਼ੋਨ ਕਰਦਾ ਹਾਂ
ਜਾਣਦਾ ਹਾਂ ਉਹਨਾਂ ਦੀ ਖੈਰ-ਸੁੱਖ।

'ਗੂਗਲ ਪੇਅ'
ਕਰਦਾ ਹਾਂ ਕੁਝ ਰਾਸ਼ੀ
ਪਹੁੰਚ ਜਾਵੇ,
ਮੱਦਦ ਕਰਦੇ ਸਮਾਜ-ਸੇਵੀਆਂ ਕੋਲ
ਦਰਿਆਵਾਂ ਦੇ
ਬੰਨ੍ਹਾਂ 'ਤੇ ਦੋ ਡੰਗ ਦਾ
ਚਾਹ-ਪਾਣੀ ਹੀ ਸਹੀ
ਰਾਹਤ ਮਿਲਦੀ ਹੈ
ਜ਼ਰਾ ਰਾਹਤ ਭੇਜ ਕੇ।

ਸਤੰਬਰ ਦੇ ਮਿੱਸੇ ਦਿਨ ਹਨ
ਸਮੇਟ ਲੈਂਦੇ ਹਾਂ
ਆਥਣ ਦਾ ਰੋਟੀ-ਟੁੱਕ ਸੁਵਖ਼ਤੇ ਹੀ



ਕੀਟ ਪਤੰਗ ਆਉਣ ਤੋਂ
ਪਹਿਲਾਂ-ਪਹਿਲਾਂ
ਏ.ਸੀ. ਅਜੇ ਚਲਦੇ ਨੇ
ਤਨ ਦਾ ਸੁਖ
ਪਸਰ ਜਾਂਦਾ ਮੇਰੇ ਵਿਚ
ਸੌਂ ਜਾਂਦਾ ਹਾਂ ਜਲਦੀ।

ਅਚਾਨਕ ਅੱਧੀ-ਰਾਤ
ਟੁੱਟਦਾ ਹੈ ਕੋਈ
ਧੁੱਸੀ-ਬੰਨ੍ਹ ਮੇਰੇ ਅੰਦਰ
ਵਹਾਉਣ ਲੱਗਦਾ ਹੈ
ਮੇਰਾ ਬਿਸਤਰਾ ਮੰਜੇ ਸਮੇਤ
ਸਬੱਬੀਂ ਪੈ ਜਾਂਦਾ ਹੈ
ਹੱਥ ਕਿਸੇ ਤੂੜੀ ਦੇ ਕੁੱਪ ਨੂੰ
ਬਚ ਜਾਂਦਾ ਹਾਂ ਰੁੜ੍ਹਨੋ।

ਖੜ੍ਹੇ ਦਿਸਦੇ ਨੇ
ਅਨੰਤ ਬੇਚੈਨੀ ਵਿਚ
ਕਈ ਰਾਤਾਂ ਦੇ
ਉਨੀਂਦਰੇ ਥੱਕੇ ਬਜ਼ੁਰਗ
ਦਰਿਆਵਾਂ ਨੂੰ
ਦਿਨ-ਰਾਤ ਨੱਥ
ਮਾਰਦੇ ਗੱਭਰੂ
ਚੌਵੀ ਘੰਟੇ ਲੋਹ
ਤਪਾਉਂਦੀਆਂ ਬੀਬੀਆਂ
ਪੱਠਿਆਂ ਨੂੰ ਤਰਸੇ ਡੰਗਰ
ਡੁੱਬ ਮਰੀਆਂ
ਸਾਵੀਆਂ ਫਸਲਾਂ।

ਕਿਹੜੀ ਨੀਂਦ ਸੌਂ ਗਿਆ ਸਾਂ ਮੈਂ ?
ਸ਼ੁਕਰ ਹੈ ਹੜ੍ਹ ਨੇ
ਬਚਾ ਲਿਆ ਮੈਨੂੰ।

### ਮਿੱਟੀ

ਰਾਜੇ ਮਹਾਰਾਜੇ ਤਾਂ ਨਹੀਂ
ਦਸਾਂ ਨਹੁੰਆਂ ਦੀ
ਕਰ ਕੇ ਖਾਣ ਵਾਲੇ ਹਾਂ

ਫਿਰ ਵੀ ਦਿੱਤਾ ਹੈ
ਥੋੜ੍ਹੇ 'ਚੋਂ ਥੋੜ੍ਹਾ
ਦਰ ਆਏ ਲੋੜਵੰਦ ਨੂੰ
ਗਊ ਗਰੀਬ ਦੇ
ਮੂੰਹ ਪਾਇਆ ਹੈ
ਜਿੰਨਾ ਵੀ ਸਰਿਆ
ਚਿੜੀ-ਜਨੌਰ ਦੇ
ਭਾਗਾਂ ਦਾ ਛੱਡਿਆ
ਸ਼ੁਕਰ ਕੀਤਾ ਏਨੇ ਜੋਗੇ ਹਾਂ

ਅੱਜ ਪਲਟ ਗਈ ਧਰਤੀ
ਹੜ੍ਹ ਗਿਆ ਸਭ ਕੁਝ
ਕੱਖ ਵੀ ਨਹੀਂ ਬਚਿਆ,
ਜਾਨ ਤੋਂ ਸਿਵਾਏ
ਕਰੋਪੀ ਦੇ ਬੇਕਿਰਕ ਪਹਿਰ
ਅੱਜ ਲੈਣ ਵਾਲਿਆਂ ਦੀ
ਪੰਗਤ ਵਿਚ ਖੜ੍ਹੇ ਹਾਂ

ਪਤਾ ਹੈ ਹੋਰ ਚਾਰਾ ਨਹੀਂ ਕੋਈ
ਪਰ ਚਿੱਤ ਨਹੀਂ ਮੰਨਦਾ
ਹੱਥ ਅੱਡਣ ਨੂੰ

ਫਿਰ ਦਿਸਦਾ ਹੈ
ਭਰਾ ਹੀ ਤਾਂ ਆਏ ਨੇ
ਬਣ ਕੇ ਬਾਹਵਾਂ
ਨਿਊਂ ਜਾਂਦਾ ਹੈ ਸਿਰ
ਅੱਖਾਂ ਭਰ ਆਉਂਦੀਆਂ ਨੇ
ਪੁਆ ਲੈਂਦੇ ਹਾਂ ਝੋਲੀ 'ਚ
ਜੋ ਕੁਝ ਦੇਣ ਆਏ ਹਨ ਅੱਜ
ਦੇਣ ਜੋਗੇ।

## ਕਵਿਤਾ / ਪਾਣੀ ਬੰਬ / ਸੁਖਿੰਦਰ



ਹਕੂਮਤਾਂ, ਆਪਣੀਆਂ
ਵਿਰੋਧੀ ਸਰਕਾਰਾਂ,
ਵਿਰੋਧੀ ਲੋਕ ਭੀੜਾਂ,
ਵਿਰੋਧੀ ਦੇਸ਼ਾਂ, ਨੂੰ
ਭੈਭੀਤ ਕਰਨ ਲਈ, ਨਵੇਂ ਜ਼ਮਾਨੇ ਦੇ
ਹਥਿਆਰਾਂ ਦੀ ਵਰਤੋਂ
ਕਰਦੀਆਂ ਹਨ-

ਉਹ-
ਵਿਗਿਆਨਕ ਤਜਰਬੇ ਕਰਨ ਦੇ
ਨਾਮ ਉੱਤੇ ਨਕਲੀ ਬੱਦਲ ਪੈਦਾ ਕਰਕੇ, ਧਰਤੀ ਦੇ
ਕਿਸੀ ਵੀ ਹਿੱਸੇ ਵਿੱਚ, ਕਈ ਕਈ ਦਿਨ
ਲਗਾਤਾਰ, ਮੂਸਲਾਧਾਰ, ਬਰਸਾਤਾਂ ਦਾ ਕਹਿਰ
ਵਰਤਾਅ ਸਕਦੀਆਂ ਹਨ

ਉਹ-
ਵੱਡੇ ਵੱਡੇ, ਡੈਮਾਂ ਦੇ, ਸਰੋਵਰਾਂ ਵਿੱਚ
ਬਰਸਾਤਾਂ ਦਾ ਅਥਾਹ ਪਾਣੀ ਸੰਭਾਲ ਕੇ
ਕਿਸੀ ਵੀ ਇਲਾਕੇ, ਪ੍ਰਾਂਤ, ਸ਼ਹਿਰ, ਦੇਸ਼, ਨੂੰ
ਕਿਸੀ ਗੱਲ ਦੀ, ਸਜ਼ਾ ਦੇਣ ਲਈ
ਪਾਣੀ ਨੂੰ ਹੜ੍ਹ ਦਾ ਰੂਪ ਬਣਾ ਕੇ
ਸੜਕਾਂ, ਖੇਤ, ਘਰ, ਸਭ ਕੁਝ
ਪੂਰੀ ਤਰ੍ਹਾਂ, ਪਾਣੀ ਵਿੱਚ
ਡੋਬ ਸਕਦੀਆਂ ਹਨ

ਉਹ-
ਸਮੁੰਦਰ ਵਿੱਚ,
ਐਟਮੀ ਤਜਰਬੇ ਕਰਕੇ
ਸੁਨਾਮੀ ਲਿਆ ਸਕਦੀਆਂ ਹਨ
ਅਸਮਾਨ ਛੂੰਹਦੀਆਂ,
ਪਾਣੀ ਦੀਆਂ
ਲਹਿਰਾਂ ਦਾ ਕਹਿਰ ਵਰਤਾਅ ਸਕਦੀਆਂ ਹਨ
ਸਮੁੰਦਰ ਦੇ ਕੰਢੇ ਵਸਦੇ, ਸ਼ਹਿਰਾਂ, ਬਸਤੀਆਂ, ਨੂੰ
ਸਮੁੰਦਰੀ ਛੱਲਾਂ ਦੇ ਹੜ੍ਹ ਨਾਲ
ਤਬਾਹ ਕਰ ਸਕਦੀਆਂ ਹਨ
ਮਨੁੱਖੀ ਲਾਸ਼ਾਂ ਦੇ
ਅੰਬਾਰ ਲਗਾ ਸਕਦੀਆਂ ਹਨ


ਉਹ-
ਗਵਾਂਢੀ ਦੇਸ਼ਾਂ ਵਿੱਚ ਵਹਿੰਦੇ, ਸਾਂਝੇ
ਦਰਿਆਵਾਂ ਉੱਤੇ ਡੈਮ ਬਣਾ ਕੇ
ਦਰਿਆਵਾਂ ਦੇ ਪਾਣੀ ਦਾ ਵਹਾਅ
ਆਪਣੇ, ਕਾਬੂ ਹੇਠ
ਰੱਖ ਸਕਦੀਆਂ ਹਨ
ਗਵਾਂਢੀ ਦੇਸ਼ਾਂ ਵੱਲ ਜਾਂਦੇ
ਦਰਿਆਵਾਂ ਦੇ ਪਾਣੀ ਨੂੰ
ਮਨ-ਮਰਜ਼ੀ ਨਾਲ ਰੋਕ ਕੇ,
ਗਵਾਂਢੀ ਦੇਸ਼ਾਂ ਵਿੱਚ
ਸੋਕੇ ਵਾਲੇ ਹਾਲਾਤ
ਪੈਦਾ ਕਰ ਸਕਦੀਆਂ ਹਨ

ਨਵੇਂ ਯੁੱਗ ਵਿੱਚ
ਮਨੁੱਖ, ਤਬਾਹੀ ਦੇ
ਨਵੇਂ ਨਵੇਂ ਢੰਗ
ਲੱਭ ਰਿਹਾ ਹੈ-

ਵਿਗਿਆਨਕ ਖੋਜਾਂ, ਤਾਂ
ਮਨੁੱਖੀ, ਬੇਹਤਰੀ ਲਈ
ਵਰਤੀਆਂ ਜਾਣੀਆਂ ਸਨ

ਪਰ-
ਕਦੀ ਕਦੀ, ਮਨੁੱਖ ਅੰਦਰ
ਸੱਤਾ ਦੀ ਭੁੱਖ, ਇਸ ਹੱਦ ਤੱਕ
ਭਾਰੂ ਹੋ ਜਾਂਦੀ ਹੈ
ਉਸ ਦੇ, ਅੰਦਰਲਾ ਸ਼ੈਤਾਨ
ਉਸ ਨੂੰ-
ਮਨੁੱਖ ਤੋਂ ਹੈਵਾਨ
ਬਣਾ ਦਿੰਦਾ ਹੈ
ਇੱਕ ਦੇਵਤੇ ਤੋਂ
ਸ਼ੈਤਾਨ ਬਣਾ ਦਿੰਦਾ ਹੈ

## ਕਹਾਣੀ / ਉਡੀਕ ਤਾਂ ਹੈ / ਨਿਰੰਜਣ ਬੋਹਾ



ਜਦੋਂ ਦਾ ਗਗਨ ਆਇਐ, ਅਜੀਬ ਜਿਹੀ ਦੁਬਿਧਾ 'ਚ ਫਸਿਆ ਹੋਇਆਂ ਹਾਂ, ਸਮਝ ਨਹੀਂ ਆਉਂਦੀ ਕੀ ਕਰਾਂ ਤੇ ਕੀ ਨਾ ਕਰਾਂ। ਆਪਣੇ ਮਨ ਦੀ ਕਰਾਂ ਜਾਂ ਬੇਬੇ - ਬਾਪੂ ਦੀ ਮੰਨਾਂ । ਮਨ ਤਾਂ ਕਹਿੰਦੈ ਕਿ ਸਭ ਕੁਝ ਭੁੱਲ ਕੇ ਗਗਨ ਨੂੰ ਛਾਤੀ ਨਾਲ ਲਾ ਲੈ ਤੇ ਐਲਾਣ ਕਰਦੇ ਕਿ ਇਹ ਹੁਣ ਇਸੇ ਘਰ 'ਚ ਈ ਰਹੂ। ਪਰ ਅਜਿਹਾ ਕਰਦਿਆਂ ਬੇਬੇ -ਬਾਪੂ ਸਾਡੇ ਪਿਉ- ਪੁੱਤ ਦੇ ਰਾਹ ਵਿਚ ਆਣ ਖੜ੍ਹਦੇ ਨੇ। ਉਹ ਵਾਰ ਵਾਰ ਮੈਨੂੰ ਮੱਤਾਂ ਦੇ ਰਹੇ ਨੇ ਕਿ ਮੈਂ ਇਸ ਮਾਮਲੇ ਤੇ ਠੰਡੇ ਦਿਮਾਗ ਨਾਲ ਸੋਚਾਂ। ਉਹ ਆਖਦੇ ਨੇ ਕਿ ਇਹੋ ਜਿਹੇ ਫੈਸਲੇ ਸੋਚ- ਸਮਝ ਕੇ ਲਈ ਦੇ ਹੁੰਦੇ ਨੇ। ਪਹਿਲਾਂ ਦੀ ਗੱਲ ਹੋਰ ਸੀ, ਹੁਣ ਗੱਲ ਹੋਰ ਐ। ਬੇਬੇ-ਬਾਪੂ ਦੀਆਂ ਦਲੀਲਾਂ ਮੇਰਾ ਮਨ ਵੀ ਡਾਵਾਂ ਡੋਲ ਕਰ ਦਿੰਦੀਆਂ ਨੇ। ਪਰੀਤੀ ਮੇਰੀ ਨਹੀਂ ਬਣੀ ਤਾਂ ਇਹ ਵੀ ਤਾਂ ਉਸੇ ਦਾ ਈ ਖ਼ੂਨ ਐ। ਕੱਲ੍ਹ ਨੂੰ ਇਹ ਵੀ ਮੇਰਾ ਬਣੇਗਾ ਜਾਂ ਨਹੀਂ, ਇਸ ਬਾਰੇ ਕੀ ਕਿਹਾ ਜਾ ਸਕਦੈ? ਫਿਰ ਸੋਚਦਾਂ ਹਾਂ, ਮਨਾਂ ਲੜਾਈ ਤਾਂ ਤੇਰੀ ਪਰੀਤੀ ਨਾਲ ਹੋਈ ਐ..... ਵਿਚਾਰੇ ਇਸ ਬੱਚੇ ਦਾ ਕੀ ਕਸੂਰ। ਨਾਲੇ ਕੱਲ੍ਹ ਕੀਹਨੇ ਵੇਖੀ ਐ .... ਗੱਲ ਤਾਂ ਉਸਦੀ ਐ, ਜੋ ਅੱਜ ਮੇਰੇ ਨਾਲ ਬੀਤ ਰਹੀ ਐ। ਚੱਲੋਂ ਗਗਨ ਤਾਂ ਕੁਝ ਦਿਨ ਲਾ ਕੇ ਆਪਣੇ ਨਾਨਕੇ ਘਰ ਚਲਾ ਜਾਊ ਪਰ ਇਸ ਦੇ ਜਾਣ ਨਾਲ ਮੇਰਾ ਕਲ੍ਹ ਕਿਹੜਾ ਸੰਵਰ ਜੂ । ਦੀਂਹਦਾ ਈ ਐ ਸਭ ਕੁਝ .. ਅੱਜ ਰਤਨ ਦਾ ਟੱਬਰ ਮੇਰੇ ਨਾਲ ਕੀ ਕੁਪੱਤ ਕਰਦੈ.. ਕੱਲ੍ਹ ਨੂੰ ਇਹ ਕਿਹੜਾ ਮੇਰੇ 'ਤੇ ਛਤਰ ਝੁਲਾਊ।

"ਰਤਨ ਨਾਲ ਸਲਾਹਬਾਜ਼ੀ ਕਰਕੇ ਈ ਕੋਈ ਕਦਮ ਪੁੱਟੀਂ ਪੁੱਤ ! ਭਾਈਆਂ 'ਚ ਸਾਰੀ ਉਮਰ ਦਾ ਫਿੱਕ ਪੈ ਜੂ।" ਬਾਪੂ ਨੇ ਮੈਨੂੰ ਨਵੀਂ ਚਿਤਾਵਨੀ ਦੇ ਦਿੱਤੀ ਸੀ ।

ਬਾਪੂ ਦੀ ਗੱਲ ਸੁਣ ਕੇ ਮੈਨੂੰ ਉਸ 'ਤੇ ਵੀ ਗੁੱਸਾ ਆ ਰਿਹੈ। ਬਾਪੂ ਇਸ ਗੱਲ ਤੋਂ ਅਣਜਾਣ ਤਾਂ ਨਹੀਂ ਕਿ ਰਤਨ ਨਾਲ ਮੇਰਾ ਫਿੱਕ ਤਾਂ ਕਦੋਂ ਦਾ ਪੈ ਚੁਕੈ। ਇਹ ਤਾਂ ਬਸ ਉਨ੍ਹਾਂ ਦੇ ਮੂੰਹ ਨੂੰ ਹੀ ਮੈਂ ਉਸ ਨਾਲ ਥੋੜ੍ਹਾ ਬਹੁਤਾ ਵਰਤ -ਵਰਤਾ ਕਰੀ ਜਾਨਾਂ ਤੇ ਉਹ ਮੇਰੀ ਜ਼ਮੀਨ ਵਾਹੀ -ਬੀਜੀ ਜਾਂਦੇ ਨੇ। ਉਹਦੇ ਭੁਗਤਣੇ ਭੁਗਤਦਿਆਂ ਈ ਮੈਂ ਪੰਜ ਸਾਲ ਦੀ ਕੈਦ ਕੱਟੀ ਐ ਤੇ ਇਨ੍ਹਾਂ ਪੰਜ ਸਾਲਾਂ ਨੇ ਮੈਥੋਂ ਕੀ ਖੋਹ ਲਿਐ , ਇਸ ਬਾਰੇ ਵੀ ਬਾਪੂ ਨੂੰ ਭਲੀ ਭਾਂਤ ਪਤੈ।

ਬਾਪੂ ਜਾਣਦੈ ਕਿ ਜਦੋਂ ਚਾਚੇ ਕਿਆਂ ਨਾਲ ਰਤਨੇ ਦੀ ਲੜਾਈ ਹੋਈ ਸੀ ਤਾਂ ਮੈਂ ਟਰੱਕ ਲੈ ਕੇ ਬਠਿੰਡੇ ਵੱਲ ਗਿਆ ਹੋਇਆਂ ਸਾਂ। ਬੇ-ਦੋਸ਼ਾ ਹੁੰਦਿਆ ਵੀ ਮੈਨੂੰ ਪੰਜ ਸਾਲ ਜ਼ੇਲ੍ਹ ਵਿਚ ਕੱਟਣੇ ਪਏ ਨੇ ।ਮੁਕੱਦਮਾਂ ਲੜਣ ਲਈ ਵਿਕੀ ਅੱਧੇ ਕਿੱਲੇ ਜ਼ਮੀਨ ਵਿੱਚ ਵੀ ਮੇਰਾ ਬਰਾਬਰ ਦਾ ਹਿੱਸਾ ਸੀ। ਜੇ ਚਾਚਾ 307 ਦੇ ਕੇਸ ਵਿਚ ਮੇਰਾ ਨਾਂਅ ਨਾ ਲਿਖਵਾਉਂਦਾ ਤਾਂ ਕਾਹਨੂੰ ਇਹ ਦਿਨ ਵੇਖਣੇ ਪੈਣੇ ਸਨ।ਮੈਂ ਟਰੱਕ ਡਰਾਇਵਰੀ ਕਰਦਾ ਸਾਂ ਤੇ ਖੇਤੀ ਦਾ ਕੰਮ ਬਾਪੂ ਤੇ ਰਤਨ ਸੰਭਾਲਦੇ ਸਨ। ਚਾਚੇ ਦਾ ਮੁੰਡਾ ਛਿੰਦਾ ਸਾਂਝੀ ਵੱਟ ਦੀ ਖੁਰਚ ਖੁਰਚਾਈ ਤੋਂ ਬਾਜ ਨਹੀ ਸਨ ਆ ਰਿਹਾ ਤਾਂ ਰਤਨਾ ਉਸ ਨਾਲ ਉਲਝ ਗਿਆ ਸੀ। ਵੈਲਪੁਣੇ ਵਿੱਚ ਨਵੇ ਨਵੇਂ ਪੈਰ ਧਰਨ ਲੱਗੇ ਛਿੰਦੇ ਨੇ ਰਤਨੇ ਨੂੰ ਲਲਕਾਰ ਦਿੱਤਾ ਕਿ ਲਾ ਲੈ ਜਿਹੜਾ ਜ਼ੋਰ ਤੈਥੋਂ ਲੱਗਦੈ। ਸ਼ਰੀਕ ਦੀ ਬੋਲੀ ਰਤਨ ਤੋਂ ਸੁਣ ਨਹੀਂ ਸੀ ਹੋਈ ਉਸਦਾ ਖ਼ੂਨ ਉਬਾਲਾ ਖਾ ਗਿਆ ।

ਛਿੰਦਾ ਟਰੈਕਟਰ ਦੀਆਂ ਤਵੀਆਂ ਐਨ ਵੱਟ ਦੇ ਨੇੜੇ ਲੈ ਆਇਆ ਤਾਂ ਗੁੱਸੇ ਵਿੱਚ ਆਏ ਰਤਨ ਤੋਂ ਕਹੀ ਦਾ ਸਿੱਧਾ ਵਾਰ ਉਸਦੀ ਲੱਤ 'ਤੇ ਹੋ ਗਿਆ ਸੀ। ਛਿੰਦੇ ਦੀ ਲੱਤ ਤਾਂ ਬਚ ਰਹੀ ਪਰ ਜ਼ਖਮ ਡੂੰਘਾ ਹੋਣ ਕਾਰਨ ਉਹ ਤਿੰਨ ਚਾਰ ਮਹੀਨੇ ਲਈ ਬਿਸਤਰੇ ਨਾਲ ਬੱਝ ਗਿਆ। ਉਸਦੇ ਕਿਸੇ ਵੈਲੀ ਯਾਰ ਨੇ ਚਾਚੇ ਨੂੰ ਸਲਾਹ ਦਿੱਤੀ ਕਿ ਰਤਨ ਦੇ ਨਾਲ ਮੇਰਾ ਵੀ ਨਾਂ ਵੀ ਮੁਕੱਦਮੇ ਵਿਚ ਪਾ ਦਿੱਤਾ ਜਾਵੇ ਤਾਂ ਸਾਡੇ ਬਾਪੂ ਲਈ ਕੇਸ ਦੀ ਪੈਰਵਾਈ ਕਰਨੀ ਔਖੀ ਹੋ ਜੂ। ਮੈਂ ਆਪਣੇ ਪਿੰਡ ਤੋਂ ਬਾਹਰ ਹੋਣ ਦੇ ਬਥੇਰੇ ਸਬੂਤ ਪੁਲਿਸ ਨੂੰ ਦਿੱਤੇ ਸਨ ਪਰ ਥਾਨੇਦਾਰ ਨੇ ਚਾਚੇ ਤੋਂ ਵੱਢੀ ਖਾਧੀ ਹੋਈ ਸੀ। ਭਾਵੇਂ ਪੈਸੇ ਤਾਂ ਉਸ ਸਾਡੇ ਤੋਂ ਵੀ ਝਾੜ ਲਏ ਸਨ ਫੇਰ ਵੀ ਉਸ 326 ਤੇ ਨਾਲ 407 ਦੀ ਧਾਰਾ ਜੋੜ ਕੇ ਇਰਾਦਾ ਕਤਲ ਦਾ ਕੇਸ ਸਾਡੇ ਦੋਵਾਂ ਭਰਾਵਾਂ 'ਤੇ ਪਾ ਦਿੱਤਾ ਸੀ।

ਜੇ ਮੈਨੂੰ ਪੰਜ ਸਾਲ ਲਈ ਜੇਲ੍ਹ ਨਾ ਜਾਣਾ ਪੈਂਦਾ ਤਾਂ ਮੇਰੀ ਮੰਗ ਵੀ ਨਾ ਛੁੱਟਦੀ ਤੇ ਹੀ ਮੈਨੂੰ ਗੋਦ ਬੱਚੇ ਵਾਲੀ ਵਿਧਵਾ ਔਰਤ ਨਾਲ ਵਿਆਹ ਕਰਾਉਣ ਲਈ ਵੀ ਮਜਬੂਰ ਨਾ ਹੋਣਾ ਪੈਂਦਾ । ਪਹਿਲਾਂ ਬਾਪੂ ਤੇ ਬੇਬੇ ਨੇ ਬਥੇਰੀ ਕੋਸ਼ਿਸ਼ ਕੀਤੀ ਕਿ ਕਿਸੇ ਗਰੀਬ ਘਰ ਦੀ ਕੁਆਰੀ ਕੁੜੀ ਦਾ ਰਿਸ਼ਤਾ ਮੇਰੇ ਲਈ ਜੁੜ ਜਾਵੇ ਪਰ ਜਦੋਂ ਕਿਤੇ ਥੌਹ ਨਾ ਪਿਆ ਤਾਂ ਇਹ ਅੱਕ ਚੱਬਣਾ ਪਿਆ ਸੀ।ਮੇਰੇ ਲਈ ਆਹ ਸਾਰੇ ਧਰਮ ਸੰਕਟ ਜੇਲ੍ਹ ਜਾਣ ਕਰਨ ਈਂ ਪੈਦਾ ਹੋਏ ਨੇ। ਰਤਨ ਮੇਰੇ ਨਾਲੋਂ ਤਿੰਨ ਸਾਲ ਛੋਟਾ ਐ , ਉਸਨੂੰ ਮੇਰੀ ਮਾਮੀ ਨੇ ਆਪਣੇ ਸਹੁਰਿਆਂ ਵਾਲੇ ਪਾਸਿਓਂ ਰਿਸ਼ਤਾ ਕਰਵਾ ਦਿੱਤਾ ਪਰ ਮੇਰੀ ਉਮਰ ਥੋੜ੍ਹੀ ਵੱਧ ਹੋਣ ਕਰਕੇ ਸਾਕ ਨਾ ਜੁੜਿਆ। ਆਖਿਰ ਸਾਡੇ ਫੁੱਫੜ ਨੇ ਆਪਣੇ ਪਿੰਡੋਂ ਇੱਕ ਰਿਸ਼ਤੇ ਦੀ ਦੱਸ ਪਾਈ। ਪਰੀਤ ਦੇ ਘਰ ਵਾਲਾ ਡੇਢ ਸਾਲ ਪਹਿਲੋਂ ਇਕ ਐਕਸੀਡੈਂਟ ਵਿੱਚ ਮਰ ਚੁੱਕਾ ਸੀ ਤੇ ਉਸਦੀ ਗੋਦ ਇਕ ਮੁੰਡਾ ਵੀ ਸੀ। ਭਾਵੇਂ ਮੈਂ ਉਦੋਂ ਅਣਸਰਦੇ ਨੂੰ ਇਸ ਰਿਸ਼ਤੇ ਲਈ ਹਾਂ ਭਰੀ ਸੀ ਪਰ ਜਿਸ ਤਰ੍ਹਾਂ ਪਰੀਤ ਸਾਡੇ ਘਰ ਆ ਕੇ ਰਚ ਮਿਚ ਗਈ ਸੀ , ਮੈਨੂੰ ਆਪਣਾ ਫੈਸਲਾ ਬਿਲਕੁਲ ਦਰੁੱਸਤ ਲੱਗਣ ਲੱਗ ਪਿਆ ਸੀ। ਪਰੀਤ ਦੇ ਬੱਚੇ ਨੂੰ ਪਿਤਾ ਵਜੋਂ ਆਪਣਾ ਨਾਂ ਦੇਣ ਦੀ ਖੋਲ੍ਹ-ਖੁਲ੍ਹਾਈ ਸਾਡਾ

ਰਿਸ਼ਤਾ ਤੈਹ ਹੋਣ ਤੋਂ ਪਹਿਲਾਂ ਈਂ ਹੋ ਗਈ ਸੀ।

ਇਹ ਉਹੀ ਬੇਬੇ – ਬਾਪੂ ਨੇ ਜਿਹੜੇ ਕਿਸੇ ਵੇਲੇ ਗਗਨ ਨੂੰ ਆਪਣੀ ਗੋਦੀ ਵਿਚ ਨਹੀਂ ਸਨ ਉਤਾਰਦੇ, ਅੱਜ ਮੈਨੂੰ ਮੱਤਾਂ ਦੇ ਰਹੇ ਨੇ ਕਿ ਗਗਨ ਕਿਹੜਾ ਤੇਰਾ ਸੱਕਾ ਪੁੱਤ ਐ। ਠੀਕ ਐ ਗਗਨ ਨਾਲ ਖੂਨ ਦਾ ਰਿਸ਼ਤਾ ਨਹੀਂ ਐ, ਪਰ ਪਾਲਿਆ ਤਾਂ ਮੈਂ ਉਸਨੂੰ ਸੱਕੇ ਪੁੱਤਰਾਂ ਵਾਂਗ ਈ ਐ। ਇਹ ਉਦੋਂ ਉਹ ਸਾਲ ਭਰ ਦਾ ਸੀ ਜਦੋਂ ਉਹ ਆਪਣੀ ਮਾਂ ਨਾਲ ਮੇਰੇ ਘਰ ਆਇਆ ਸੀ। ਚਾਹੇ ਸ਼ਰੀਕੇ ਕਬੀਲੇ ਨੇ ਬੜੀਆਂ ਗੱਲਾਂ ਬਣਾਈਆਂ ਕਿ ਜੋਗਿੰਦਰ ਦੀ ਬਹੂ ਦਾਜ ਵਿੱਚ ਦੋ ਸਾਲ ਦਾ ਪਲਿਆ ਪਲਾਇਆ ਮੁੰਡਾ ਵੀ ਲੈ ਕੈ ਆਈ ਹੈ ਪਰ ਮੈਂ ‘ਐਵੇਂ ਕੁੱਤੇ ਭੌਂਕਦੇ ਨੇ’ ਕਹਿ ਕੇ ਕਿਸੇ ਦੀ ਗੱਲ ਨੂੰ ਗੌਲਿਆ ਨਹੀਂ ਸੀ। ਇਹ ਤਾਂ ਮੈਨੂੰ ਬਾਅਦ ਵਿਚ ਪਤਾ ਲੱਗਾ ਕਿ ਇਹੋ ਜਿਹੀਆਂ ਗੱਲਾਂ ਬਣਾਉਣ ਵਾਲਿਆਂ ‘ਚ ਮੇਰੀ ਛੋਟੀ ਭਰਜਾਈ ਸ਼ਰਨੀ ਸਭ ਤੋ ਅੱਗੇ ਸੀ।

ਗਗਨ ਦੀ ਤੋਤਲੀ ਜਿਹੀ ਆਵਾਜ਼ ਤੇ ਆਲੀਆਂ ਭੋਲੀਆਂ ਗੱਲਾਂ ਮੇਰਾ ਈ ਨਹੀਂ ਬੇਬੇ ਬਾਪੂ ਦਾ ਵੀ ਮਨ ਮੋਹ ਲੈਂਦੀਆਂ ਸਨ। ਉਦੋਂ ਤਾਂ ਸਾਡੇ ਵਿਚੋ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਗਗਨ ਮੇਰਾ ਆਪਣਾ ਖੂਨ ਨਹੀਂ ਐ। ਗਗਨ ਦਾ ਦੂਜਾ ਜਨਮ ਦਿਨ ਅਸੀਂ ਸਾਰਿਆਂ ਮਿਲ ਕੇ ਕਿੰਨੇਂ ਚਾਅ ਮਨਾਇਆ ਸੀ। ਉਸਨੂੰ ਸਕੂਲ ਵਿਚ ਦਾਖਲ ਕਰਾਉਣ ਵੇਲੇ ਮੈਂ ਪਿਤਾ ਵਜੋਂ ਵੀ ਆਪਣਾ ਈ ਨਾ ਲਿਖਵਾਇਆ ਸੀ। ਰਾਤ ਨੂੰ ਉਹ ਮੇਰੀ ਛਾਤੀ ਤੇ ਲਿਟ ਜਾਂਦਾ ਤਾਂ ਮੈਂ ਪਰੀਤ ਨੂੰ ਖਿਝਾਉਣ ਲਈ ਜਾਣ ਬੁੱਝ ਕੇ ਉਸਤੋਂ ਪੁੱਛਦਾ , ‘‘ਚੱਲ ਐਂ ਦੱਸ ਗਗਨ ਪੁੱਤ! ਤੈਨੂੰ ਮੰਮਾ ਚੰਗੇ ਲੱਗਦੇ ਨੇ ਕਿ ਪਾਪਾ’ ਮੇਰੀ ਜੇਬ ਵਿਚ ਪਈ ਚੀਜ਼ੀ ਦੇ ਲਾਲਚ ਸਦਕਾ ਉਸਦੇ ਮੂੰਹੋ ਇਹੀ ਬੋਲ ਨਿਕਲਦੇ ‘ਮੰਮਾ ਦੰਦੇ.. ਪਾਪਾ ਛੋਨੇ...। ਭਾਵੇਂ ਪਿੰਡ ਵਿੱਚ ਵੀ ਸਰਕਾਰੀ ਪ੍ਰਾਇਮਰੀ ਸਕੂਲ ਮੌਜੂਦ ਸੀ ਪਰ ਮੈਂ ਉਸ ਨੂੰ ਸ਼ਹਿਰ ਦੇ ਚੰਗੇ ਪ੍ਰਾਈਵੇਟ ਸਕੂਲ ਵਿੱਚ ਦਾਖਲ ਕਰਵਾਇਆ ਸੀ। ਸਕੂਲ ਦੀ ਵਰਦੀ ਵਿੱਚ ਸਜੇ ਹੋਏ ਨੂੰ ਵੈਨ ’ਤੇ ਜਾਂਦਿਆਂ ਵੇਖ ਕੇ ਅਸੀਂ ਸਾਰੇ ਖੁਸ਼ ਹੁੰਦੇ।

ਸਾਡੀ ਗ੍ਰਹਿਸਥੀ ਦੇ ਚਾਰ ਸਾਲ ਤਾਂ ਬਹੁਤ ਸੋਹਣੇ ਨਿਭੇ ਪਰ ਪੰਜਵੇਂ ਸਾਲ ਵਿਚ ਪ੍ਰਵੇਸ਼ ਕਰਦਿਆਂ ਇਸ ਨੂੰ ਕਿਸੇ ਦੋਖੀ ਦੀ ਨਜ਼ਰ ਲੱਗ ਗਈ ਜਾਂ ਜਾਣ ਬੁਝ ਕੇ ਲਾ ਦਿੱਤੀ ਗਈ। ਵਿਆਹ ਦੇ ਤੀਜੇ ਸਾਲ ਗਗਨ ਨੂੰ ਖੇਡਣ ਲਈ ਆਪਣੀ ਭੈਣ ਨੀਲੋ ਵੀ ਮਿਲ ਗਈ ਸੀ ਤੇ ਸਭ ਕੁਝ ਠੀਕ ਚੱਲ ਰਿਹਾ ਸੀ। ਮੈਂ ਕੱਲਕਤੇ ਦਾ ਗੇੜਾ ਲਾ ਕੇ ਮਹੀਨੇ ਬਾਅਦ ਘਰ ਮੁੜਿਆ ਸਾਂ। ਪਤਾ ਨਹੀਂ ਸਾਡੇ ਕਿਸ ਦੋਖੀ ਨੇ ਪਰੀਤ ਦੇ ਮਨ ਇਹ ਗੱਲ ਬਿਠਾ ਦਿੱਤੀ ਕਿ ਉੱਥੇ ਗਿਆ ਮੈਂ ਮੁੱਲ ਦੀਆਂ ਤੀਵੀਆਂ ਨਾਲ ਖੇਹ ਖਾਂਦਾ ਹਾਂ। ਬਸ ਮੇਰੇ ਆਉਣ ਦੀ ਦੇਰ ਸੀ, ਉਸ ਕਲੇਸ਼ ਵਿੱਢ ਲਿਆ। ਮੈਂ ਬਥੇਰੀਆਂ ਸਫਾਈਆਂ ਦਿੱਤੀਆਂ ਪਰ ਉਸਦੇ ਬੱਤੀ ਹੀ ਐਸੀ ਲੱਗੀ ਕਿ ਮੇਰੀ ਕਿਸੇ ਸਫਾਈ ਦਾ ਅਸਰ ਹੀ ਨਹੀਂ ਸੀ ਹੋ ਰਿਹਾ। ਮੈਂ ਇਥੋਂ ਤੱਕ ਕਿਹਾ ਕਿ ਜੇ ਤੈਨੂੰ ਮੇਰੇ ‘ਤੇ ਸ਼ੱਕ ਐ ਤਾਂ ਮੈਂ ਬਿਹਾਰ ਬੰਗਾਲ ਜਾਂ ਬਿਹਾਰ ਵੱਲ ਹੁਣ ਗੇੜਾ ਲੈ ਕੇ ਹੀ ਨਹੀਂ ਜਾਵਾਂਗਾ ਪਰ ਤਾਂ ਵੀ ਉਹ ਮੈਨੂੰ ਅਬਾ ਤਬਾ ਬੋਲਦਾ ਰਹੀ । ਜਦੋਂ ਉਸ ਮੈਨੂੰ ਨੀਲੋ ਦੇ ਸਿਰ ‘ਤੇ ਹੱਥ ਰੱਖ ਕੇ ਸੌਂਹ ਖਾਣ ਲਈ ਕਿਹਾ ਤਾਂ ਮੈਂ ਥਿੜਕ ਗਿਆ। ਭਾਵੇਂ ਉਸ ਨਾਲ ਨਾਤਾ ਜੁੜਣ ਤੋਂ ਬਾਅਦ ਮੈਂ ਕਿਸੇ ਹੋਰ ਪਾਸੇ ਝਾਕਿਆ ਵੀ ਨਹੀਂ ਸਾਂ ਪਰ ਇਸ ਸੱਚ ਤੋਂ ਤਾਂ ਭੱਜ ਨਹੀਂ ਸੀ ਸਕਦਾ ਕਿ ਵਿਆਹ ਤੋਂ ਪਹਿਲਾਂ ਦੋ ਵਾਰ ਕੱਲਕਤੇ ਦੇ ਸੋਨਾ ਗਾਚੀ ਏਰੀਏ ਵਿਚ ਜਾ ਚੁੱਕਾ ਸਾਂ। ਸੌਂਹ ਚੁੱਕਣ ਤੋਂ ਟਾਲਾ ਵੱਟਣ ’ਤੇ ਉਹ ਹੋਰ ਬਿਫ਼ਰ ਗਈ ਤੇ ਮੇਰੀ ਦੁਖਦੀ ਰਗ ‘ਤੇ ਹੱਥ ਰੱਖ ਕੇ ਕਹਿ ਦਿੱਤਾ ਕਿ ਹੁਣ ਤੂੰ ਆਪ ਇੱਕ ਧੀ ਦਾ ਬਾਪ ਐਂ , ਤੈਨੂੰ ਸ਼ਰਮ ਆਉਣੀ ਚਾਹੀਦੀ ਐ। ਉਸ ਵੇਲੇ ਮੈਂ ਘੁੱਟ ਕੁ ਲਾਈ ਹੋਈ ਸੀ ਉਸਦੇ ਤੇਜ ਹਮਲਿਆਂ ਦਾ ਤੋੜ ਨਾ ਹੋਣ ਕਾਰਨ ਮੈਥੋਂ ਵੀ ਗੁੱਸੇ ਵਿੱਚ ਕਹਿ ਹੋ ਗਿਆ . ‘‘ਤੂੰ ਵੀ ਤਾਂ ਮੇਰੇ ਲੜ ਲੱਗਣ ਤੋਂ ਪਹਿਲਾਂ ਕਿਸੇ ਦੀ ਜੂਠ ਹੀ ਸੀ ...... ਮੈਂ ਤੇ ਕਦੇ ਇਸ ਗੱਲ ਦਾ ਇਤਰਾਜ਼ ਨਹੀਂ ਕੀਤਾ ਤੇ ਬਿਗਾਨੀ ਔਲਾਦ ਨੂੰ ਵੀ ਆਪਣਾ ਨਾਂ ਦਿੱਤੈ।‘‘

ਬਸ ਫਿਰ ਬਾਤ ਦਾ ਬਤੰਗੜ ਬਣ ਗਿਆ ਤੇ ਉਹ ਗਗਨ ਤੇ ਨੀਲੋ ਨੂੰ ਨਾਲ ਲੈ ਪੇਕੇ ਜਾ ਬੈਠੀ ਸੀ । ਮੈਂ ਬਥੇਰੀ ਵਾਰ ਇਕੱਲਾ ਵੀ ਤੇ ਪੰਚਾਇਤਾਂ ਨੂੰ ਵੀ ਨਾਲ ਲੈ ਕੇ ਗਿਆ ਪਰ ਮੇਰੇ ਵੱਲੋਂ ਜੂਠ ਕਹਿਣ ਦੀ ਗੱਲ ਉਹਦੇ ਅੰਦਰੋਂ ਨਹੀਂ ਸੀ ਨਿਕਲੀ ਰਹੀ। ਉਹ ਇਕੋ ਗੱਲ ਤੇ ਅੜੀ ਰਹੀ ਕਿ ਮੈਂ ਤਾਂ ਜੂਠ ਹਾਂ ਇਹ ਹੁਣ ਇਹ ‘ਸੁੱਚਾ’ ਕਿਸੇ ਸੁੱਚੀ ਨੂੰ ਈ ਆਪਣੇ ਘਰ ਲੈ ਆਵੇ।‘‘

ਪਰੀਤ ਘਰੋਂ ਕਾਹਦੀ ਚੱਲੀ ਗਈ ਮੇਰੀ ਤਾਂ ਦੁਨੀਆਂ ਹੀ ਉਜੜ ਗਈ। ਉਹ ਸੁਭਾਅ ਦੀ ਤਿੱਖੀ ਤੇ ਹਿੰਡੀ ਜ਼ਰੂਰ ਸੀ ਪਰ ਦਿਲ ਦੀ ਮਾੜੀ ਨਹੀਂ ਸੀ। ਪਰੀਤ ਤੇ ਬੱਚਿਆਂ ਦੇ ਜਾਣ ਤੋਂ ਬਾਅਦ ਘਰ ਖਾਣ ਨੂੰ ਪੈਂਦਾ ਤਾਂ ਮੈਂ ਲੱਗਦੀ ਵਾਹ ਆਪਣਾ ਵਕਤ ਟਰੱਕ ਯੂਨੀਅਨ ਵਿੱਚ ਬਿਤਾਉਂਦਾ। ਦਿਨ ਤਾਂ ਡਰਾਈਵਰਾਂ–ਕੰਡਕਟਰਾਂ ਨਾਲ ਗੱਲਾਂ ਕਰਦਿਆਂ ਲੰਘ ਜਾਂਦਾ ਪਰ ਸਾਰੀ ਰਾਤ ਜਾਗਦਿਆਂ ਤੇ ਪਾਸੇ ਮਾਰਦਿਆਂ ਹੀ ਬੀਤਦੀ। ਦੋ ਕੁ ਮਹੀਨੇ ਬਾਅਦ ਪਰੀਤ ਦੇ ਪਿੰਡ ਦੇ ਸਰਪੰਚ ਕਿਸੇ ਕੰਮ ਯੂਨੀਅਨ ਵਿਚ ਆਇਆ ਤਾਂ ਸਾਡੇ ਪ੍ਰਧਾਨ ਨੇ ਮੇਰਾ ਮੇਰੇ ਸਹੁਰੇ ਪਰਿਵਾਰ ਨਾਲ ਸਮਝੌਤਾ ਕਰਾਉਣ ਦੀ ਗੱਲ ਉਸ ਨਾਲ ਛੇੜ ਲਈ। ਸਰਪੰਚ ਨੂੰ ਸਾਰੀ ਗੱਲ ਦਾ ਪਹਿਲਾਂ ਈ ਪਤਾ ਸੀ ਇਸ ਲਈ ਉਸ ਪੈਂਦੀ ਸੱਟੇ ਹੀ ਕਹਿ ਦਿੱਤਾ ‘ਮੁੰਡਿਆ ਤੇਰੀ ਗਲਤੀ ਐ..... ਜੇ ਤੂੰ ਪੰਚਾਇਤ ਵਿੱਚ ਆਪਣੀ ਗਲਤੀ ਮੰਨ ਕੇ ਮੁਆਫੀ ਮੰਗ ਲਏਂਗਾ ਤਾਂ ਮੈਂ ਪਰੀਤ ਤੇ ਉਸਦੇ ਬਾਪੂ ‘ਤੇ ਦਬਾਅ ਪਾ ਕੇ ਥੋੜਾ ਸਮਝੌਤਾ ਕਰਾਉਣ ਦੀ ਕੋਸ਼ਿਸ਼ ਕਰ ਸਕਦਾਂ।’’

ਉਦੋਂ ਮੇਰੀ ਅਕਲ ਤੇ ਪਰਦਾ ਪੈ ਗਿਆ ਤੇ ਮੇਰੀ ਮਰਦ ਹਾਊਮੈ ਆਪਣੀ ਪਤਨੀ ਅੱਗੇ ਇਸ ਤਰ੍ਹਾਂ ਗੋਡੇ ਟੇਕਣ ਤੋਂ ਇਨਕਾਰੀ ਹੋ ਗਈ। ਮੈਨੂੰ ਐਂ ਸੀ ਬਈ ਮਹੀਨੇ ਦੋ ਮਹੀਨੇ

ਬਾਅਦ ਉਸਦਾ ਗੁੱਸਾ ਢੈਲਾ ਹੋ ਗਿਆ ਤਾਂ ਮੈਂ ਵਾਪਸ ਲੈ ਆਵਾਂਗਾ ਪਰ ਉਹ ਮਾਂ ਦੀ ਧੀ ਆਪਣੀ ਹਿੰਡ ਦੀ ਪੱਕੀ ਨਿਕਲੀ। ਉਦੋਂ ਤਾਂ ਛੋਟੇ ਰਤਨੇ ਨੇ ਵੀ ਮੇਰੇ ਮਰਦਪੁਣੇ ਨੂੰ ਤੁੱਖਣਾ ਦਿੱਤੀ ਸੀ , "ਬਾਈ, ਕਿਉਂ ਬਿਰ ਬਿਰ ਕਰਦੈਂ ..... ਤੂੰ ਤਾਂ ਜਵਾਂ ਕੋਡਾ ਈ ਹੋਈ ਜਾਣੈ ਤੀਵੀਂ ਅੱਗੇ ,... ਆਪੇ ਧੱਕੇ ਖਾ ਕੇ ਮੁੜੂ.. ਪੇਕੇ ਘਰ ਭਰਜਾਈਆਂ ਨਾਲ ਕੱਟਣਾ ਕਿਤੇ ਸੌਖੈ।" ਮੈਂ ਉਦੋਂ ਸਾਰੇ ਰਿਸ਼ਤੇਦਾਰਾਂ ਸਾਹਮਣੇ ਕੀ ਬੋਲਦਾ। ਭਾਵੇਂ ਮੇਰੇ ਮੇਰੇ ਕੋਲ ਸਬੂਤ ਤਾਂ ਨਹੀਂ ਪਰ ਮੈਨੂੰ ਪੂਰਾ ਸ਼ੱਕ ਸੀ ਕਿ ਪਰੀਤ ਅੰਦਰ ਮੇਰੇ ਪ੍ਰਤੀ ਜ਼ਹਿਰ ਸ਼ਰਨੀ ਨੇ ਈਂ ਭਰੀ ਸੀ ।

ਅਜੇ ਪਰੀਤ ਨੂੰ ਘਰੋਂ ਗਏ ਦੋ ਮਹੀਨੇ ਹੀ ਹੋਏ ਸਨ ਕਿ ਸ਼ਰਨੀ ਨੇ ਰਤਨ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ, ਅਖੇ ਬਾਈ ਮੇਰੇ ਵੱਲ ਘੂਰ ਘੂਰ ਕੇ ਝਾਕਦੈ ...... ਇਹਦੇ ਲੱਛਣ ਠੀਕ ਨਹੀਂ ਲੱਗਦੇ। ਕੰਨਾਂ ਦਾ ਕੱਚਾ ਰਤਨ ਮੇਰੇ ਨਾਲ ਉਲਝ ਪਿਆ ਤਾਂ ਨੌਬਤ ਅੱਡ ਹੋਣ ਤੱਕ ਪਹੁੰਚ ਗਈ। ਸ਼ਰਨੀ ਦੇ ਅੱਖੜ ਸੁਭਾਅ ਕਾਰਨ ਅਸੀਂ ਪਹਿਲਾਂ ਈਂ ਦੱਬੀ ਘੁੱਟੀ ਵਕਤ ਲੰਘਾ ਰਹੇ ਸਾਂ ਪਰ ਹੁਣ ਤਾਂ ਪਾਣੀ ਸਿਰ ਤੋਂ ਲੰਘ ਗਿਆ ਸੀ। ਸਾਡੇ ਦੋਹੇਂ ਮਾਮੇ ਬੁਲਾ ਲਏ ਗਏ। ਅੱਠ ਕਿੱਲੇ ਸਾਂਝੀ ਜ਼ਮੀਨ ਦੀਆਂ ਤਿੰਨ ਢੇਰੀਆਂ ਪਈਆਂ। ਤਿੰਨ-ਤਿੰਨ ਕਿੱਲੇ ਸਾਡੇ ਦੋਹਾਂ ਭਰਾਵਾਂ ਦੇ ਹਿੱਸੇ ਆਏ ਤੇ ਦੋ ਕਿੱਲੇ ਬੇਬੇ -ਬਾਪੂ ਨੇ ਜਿਉਣ -ਮਰਨ ਦੇ ਨਾਂ 'ਤੇ ਆਪਣੇ ਕੋਲ ਰੱਖ ਲਏ । ਬੇਬੇ-ਬਾਪੂ ਵਾਲੀ ਜ਼ਮੀਨ ਉਨ੍ਹਾਂ ਦੀ ਮੌਤ ਤੋਂ ਬਾਅਦ ਸਾਡੇ ਭਰਾਵਾਂ ਵਿੱਚ ਅੱਧੀ-ਅੱਧੀ ਵੰਡੀ ਜਾਣੀ ਸੀ। ਵੰਡ-ਵੰਡਾਈ ਕਰਦਿਆਂ ਬਾਪੂ ਨੂੰ ਮੇਰੇ ਨਾਲੋਂ ਰਤਨ ਦਾ ਵੱਧ ਫਿਕਰ ਸੀ। ਉਸ ਦੀ ਦਲੀਲ ਸੀ ਕਿ ਟਰੱਕ ਡਰਾਈਵਰ ਹੋਣ ਕਾਰਨ ਮੇਰਾ ਤਾਂ ਤਿੰਨ ਕਿੱਲਿਆਂ ਦੀ ਖੇਤੀ ਨਾਲ ਵੀ ਗੁਜ਼ਾਰਾ ਹੋਜੂ ਪਰ ਰਤਨੇ ਨੂੰ ਮੁਸ਼ਕਿਲ ਪੇਸ਼ ਆਊ। ਆਖਿਰ ਫੈਸਲਾ ਹੋਇਆ ਕਿ ਸਾਰੀ ਜ਼ਮੀਨ ਵਾਹੂ ਬੀਜੂ ਤਾਂ ਰਤਨ ਈਂ ਪਰ ਪਿੰਡ ਵਿਚ ਚਲਦੇ ਰੇਟ ਅਨੁਸਾਰ ਜ਼ਮੀਨ ਦੇ ਠੇਕੇ ਦੇ ਪੈਸੇ ਸਾਨੂੰ ਦਿੰਦਾ ਰਹੂ। ਜਿੰਨਾਂ ਚਿਰ ਭਰਾਵਾਂ ਵਿਚ ਇਤਫਾਕ ਬਣਿਆ ਰਿਹਾ ਉਨਾਂ ਚਿਰ ਸਾਰੀ ਜ਼ਮੀਨ ਰਤਨ ਵਾਹੁੰਦਾ - ਬੀਜਦਾ ਰਹੂ।

ਮੇਰੀ ਰੋਟੀ ਦਾ ਮਸਲਾ ਹੱਲ ਕਰਨ ਲਈ ਬੇਬੇ-ਬਾਪੂ ਨੇ ਮੇਰਾ ਨਾਲ ਰਹਿਣਾ ਪ੍ਰਵਾਨ ਕਰ ਲਿਆ । ਰਤਨ ਨੇ ਦੋ ਕੁ ਸਾਲ ਤਾਂ ਸਾਨੂੰ ਪਿੰਡ ਦੇ ਰੇਟ ਅਨੁਸਾਰ ਬਣਦਾ ਠੇਕਾ ਦਿੱਤਾ ਤੇ ਫਿਰ ਫਸਲ ਘੱਟ ਹੋਣ ਦੀ ਗੱਲ ਕਰਕੇ ਆਪ ਹੀ ਰੇਟ ਘਟਾ ਦਿੱਤਾ। ਪਿਛਲੇ ਵਾਰੀ ਤਾਂ ਉਸ ਨਰਮੇ ਨੂੰ ਸੁੰਡੀ ਪੈ ਜਾਣ ਦੇ ਨਾਂ 'ਤੇ ਠੇਕੇ ਅੱਧ ਵੀ ਨਹੀਂ ਸੀ ਮੋੜਿਆ। ਰਤਨ ਵੱਲੋਂ ਨਿਆਂ ਨਾ ਦਿੱਤੇ ਜਾਣ ਕਾਰਨ ਮੈਨੂੰ ਗੁੱਸਾ ਆਉਂਦਾ ਤਾਂ ਮੈਂ ਪਰ ਜ਼ਮੀਨ ਦਾ ਠੇਕਾ ਬਦਲਣ ਦੀ ਗੱਲ ਬਾਪੂ ਕੋਲ ਕਰਦਾ। ਪਰ ਬਾਪੂ ਦੀ ਹਰ ਵਾਰ ਇੱਕੋ ਹੀ ਦਲੀਲ ਹੁੰਦੀ, "ਕੋ ਨ੍ਹੀ, ਰਤਨ ਤੇਰਾ ਛੋਟਾ ਭਰਾ ਐ ਤੇ ਛੋਟੇ ਭਰਾ ਪੁੱਤਾਂ ਅਰਗੇ ਹੁੰਦੇ ਨੇ। ਦੁੱਖ ਸੁੱਖ 'ਚ ਉਹੀ ਤੇਰੇ ਨਾਲ ਖੜੂ ... ਜੇ ਉਹ ਦੋ ਪੈਸੇ ਘੱਟ ਵੀ ਦਿੰਦਾ ਐ ਸਮਝ ਲੈ ਪੈਸੇ ਆਪਣੇ ਈ ਘਰੇਂ ਨੇ।" ਮੈਂ ਬਾਪੂ ਦੇ ਦਿਲ ਦੀ ਸਾਰੀ ਗੱਲ ਸਮਝਦੈਂ । ਅਸਲ 'ਚ ਉਹ ਉਹ ਗੋਲ ਮੋਲ ਢੰਗ ਨਾਲ ਮੈਨੂੰ ਇਹੀ ਕਹਿੰਦਾ ਸੀ ਕਿ ਤੇਰੇ ਕਿਹੜੇ ਨਿਆਣੇ ਰੋਂਦੇ ਨੇ .. ਜ਼ਮੀਨ ਅੱਗੜ ਪਿੱਛੜ ਸਾਂਭਣੀ ਤਾਂ ਰਤਨ ਕਿਆ ਨੇ ਈਂ ਐ। ਢਿੱਲ ਮੱਠ ਹੋਣ 'ਤੇ ਤੈਨੂੰ ਸਹਾਰਾ ਵੀ ਤਾਂ ਇਸੇ ਦਾ ਤੱਕਣਾ ਪਊ ...ਫਿਰ ਕਾਹਨੂੰ ਕੌੜੇ ਤੂੰਬੇ ਤੋਂੜਦੈਂ ... ਜੋ ਉਹ ਕਰਦੈ ਕਰੀ ਜਾਣ ਦੇ ।"

ਚੰਗੀ ਜਾਂ ਮਾੜੀ ਜ਼ਿੰਦਗੀ ਲੰਘੀ ਜਾ ਰਹੀ ਸੀ ਪਰ ਹੁਣ ਗਿਆਰਾਂ ਸਾਲ ਬਾਅਦ ਗਗਨ ਨੇ ਫਿਰ ਖੜ੍ਹੇ ਪਾਣੀਆਂ ਵਿਚ ਕੰਕਰ ਸੁੱਟ ਦਿੱਤਾ ਐ । ਹੁਣ ਉਹ 16 ਸਾਲ ਦਾ ਭਰ ਜੁਆਨ ਹੋ ਗਿਐ । ਭਾਵੇਂ ਸਾਨੂੰ ਮਿਲਣ ਤਾਂ ਤਿੰਨ ਕੁ ਮਹੀਨੇ ਪਹਿਲਾਂ ਵੀ ਆਇਆ ਸੀ ਪਰ ਉਦੋਂ ਹੁਣ ਵਾਂਗ ਸਾਰਾ ਪਰਿਵਾਰ ਨੂੰ ਧਰਮ ਸੰਕਟ ਵਿਚੋਂ ਨਹੀਂ ਸੀ ਲੰਘਣਾ ਪਿਆ। ਉਦੋਂ ਉਹ ਤਿੰਨ ਕੁ ਘੰਟੇ ਲਾ ਕੇ ਵਾਪਸ ਚਲਿਆ ਗਿਆ ਸੀ। ਸੋਚਿਆ ਸੀ ਬਈ ਇਸ ਘਰ ਵਿੱਚ ਉਸਦਾ ਬਚਪਨ ਬੀਤਿਆ ਐ, ਇਸ ਲਈ ਘਰ ਦਾ ਮੋਹ ਉਸ ਨੂੰ ਸਾਡੇ ਅੱਲ ਖਿਚ ਲਿਆਇਐ।

"ਆਪਣੀ ਮੰਮੀ ਨੂੰ ਪੁੱਛ ਕੇ ਆਇਐਂ ਐਂ ਜਾਂ ਬਿਨਾਂ ਪੁੱਛੇ ਈ।'' ਗਿਆਰਾਂ ਸਾਲ ਬਾਅਦ ਪਹਿਲੀ ਵਾਰ ਉਸਦੇ ਘਰ ਆਉਣ ਤੇ ਮੈਥੋਂ ਪੁੱਛੇ ਬਿਨਾਂ ਰਿਹਾ ਨਹੀਂ ਸੀ ਗਿਆ।

"ਪਾਪਾ , ਮੇਰਾ ਦਿਲ ਕੀਤਾ ਆਪਣਾ ਪੁਰਾਣਾ ਘਰ ਵੇਖਣ ਲਈ.. ਇਸ ਲਈ ਮੈਂ ਤਾਂ ਕਾਲਜ ਤੋਂ ਸਿੱਧਾ ਈ ਏਧਰ ਆ ਗਿਆ ਹਾਂ, ਮੰਮੀ ਨਾਲ ਤਾਂ ਕੋਈ ਗੱਲ ਨਹੀਂ ਹੋਈ।" ਜੇ ਉਹ ਹਾਂ ਵਿੱਚ ਜੁਆਬ ਦਿੰਦਾ ਤਾਂ ਮੈਨੂੰ ਉਸਦੇ ਆਉਣ ਦੀ ਇਸ ਤੋਂ ਵੀ ਵੱਧ ਖੁਸ਼ੀ ਹੋਣੀ ਸੀ ਕਿ ਗਗਨ ਰਾਹੀਂ ਹੀ ਸਹੀ ਪਰੀਤ ਦਾ ਇਸ ਘਰ ਨਾਲਾ ਨਾਤਾ ਤਾਂ ਅਜੇ ਵੀ ਜੁੜਿਆ ਹੋਇਐ। ਉਦੋਂ ਬੇਬੇ-ਬਾਪੂ ਨੇ ਵੀ ਉਸਨੂੰ ਬੁਕਲ ਵਿੱਚ ਲੈ ਕੇ ਪਿਆਰ ਦਿੱਤਾ ਸੀ ਤੇ ਜਾਂਦੇ ਹੋਏ ਦੀ ਜੇਬ ਵਿਚ ਸ਼ਗਨ ਵਜੋਂ ਪੰਜ ਸੌ ਰੁਪਏ ਵੀ ਪਾਏ ਸਨ। ਪਰ ਹੁਣ ਪਰ ਤਿੰਨ ਮਹੀਨਿਆਂ ਬਾਦ ਉਸਦੇ ਦੂਜੀ ਵਾਰੀ ਘਰ ਆਉਣ 'ਤੇ ਬਹੁਤ ਕੁਝ ਬਦਲ ਗਿਆ ਸੀ। ਜਦੋਂ ਬੇਬੇ ਬਾਪੂ ਨੇ ਉਸਦੇ ਹੱਥ ਵਿਚ ਕੱਪੜਿਆਂ ਦਾ ਭਰਿਆ ਅਟੈਚੀ ਵੇਖਿਆ ਤਾਂ ਹੈਰਾਨ ਤੇ ਪ੍ਰੇਸ਼ਾਨ ਹੋ ਗਏ ਸਨ।

ਜਦੋ ਉਸ ਦੱਸਿਆ ਕਿ ਉਸਦੇ ਕਾਲਜ ਤੋਂ ਉਸਦਾ ਨਾਨਕਾ ਪਿੰਡ ਵੱਧ ਦੂਰ ਪੈਂਦਾ ਹੈ ਤੇ ਉਹ ਸਰਦੀਆਂ ਦੇ ਤਿੰਨ ਮਹੀਨੇ ਇੱਥੋਂ ਹੀ ਕਾਲਜ ਆਇਆ-ਜਾਇਆ ਕਰੇਗਾ ਤਾਂ ਮੈਨੂੰ ਚਾਅ ਜਿਹਾ ਚੜ੍ਹ ਗਿਆ। ਪਰ ਬੇਬੇ ਬਾਪੂ ਦੇ ਚਿਹਰੇ ਉਤਰ ਗਏ ਸਨ। ਮੇਰੀ ਖੁਸ਼ੀ ਬਾਪੂ ਨੂੰ ਚੰਗੀ ਨਹੀਂ ਸੀ ਲੱਗੀ। ਉਸਨੂੰ ਲੱਗਿਆ ਸੀ ਕਿ ਇਹ ਸਰਦੀਆਂ ਦੇ ਤਿੰਨ ਮਹੀਨੇ ਮੇਰੇ 'ਤੇ ਏਨੇ ਭਾਰੂ ਨਾ ਪੈ ਜਾਣ ਕਿ ਮੈਂ ਖਾਨਦਾਨੀ ਜ਼ਮੀਨ ਬਿਗਾਨੇ ਖੂਨ ਦੇ ਨਾਂਅ ਲਵਾਉਣ ਬਾਰੇ ਸੋਚਣ ਲੱਗ ਪਵਾਂ। ਉਹ ਮੈਨੂੰ ਥੋੜ੍ਹਾ ਪਰ੍ਹਾਂ ਲੈ ਗਿਆ, 'ਵੇਖ ਜੋਗਿੰਦਰ... ਜੇ ਪਰੀਤ ਤੇਰੇ ਨਾਲ ਨਿਭਦੀ

ਰਹਿੰਦੀ ਤਾਂ ਗੱਲ ਹੋਰ ਸੀ, ਪਰ ਹੁਣ ਇਸ ਦਾ ਇੱਥੇ ਰਹਿਣਾ ਠੀਕ ਨ੍ਹੀ.. ਐਵੇਂ ਕੋਈ ਨਵੀਂ ਭਸੂੜੀ ਖੜ੍ਹੀ ਹੋ ਜੂ .. ਤੂੰ ਇਸਨੂੰ ਕਿਸੇ ਤਰ੍ਹਾਂ ਘਰੋਂ ਟਾਲ ਦੇ।"

"ਐ ਮੈ ਘਰ ਆਏ ਨਿਆਣੇ ਨੂੰ ਕਿਵੇਂ ਘਰੋਂ ਕੱਢ ਦਿਆਂ..... ਚਾਹੇ ਬਿਗਾਨਾ ਖੂਨ ਐ ..ਪਰ ਫਿਰ ਵੀ ਆਪਣੇ ਖੂਨ ਨਾਲੋ ਸੌ ਗੁਣਾ ਵੱਧ ਮੋਹ ਕਰਦੈ ... ਪਹਿਲਾਂ ਚਾਚੇ ਨੇ ਤੇ ਫਿਰ ਛੋਟੇ ਭਰਾ ਨੇ ਮੇਰੇ ਨਾਲ ਕੀ ਕੀਤੀ ਐ.... ਮੈਂ ਭੁੱਲਿਆ ਨ੍ਹੀ...... ਪਰ ਤੇਰੇ ਮੂੰਹ ਨੂੰ ਚੁੱਪ ਆਂ। ਬਾਪੂ ਦੀ ਗੱਲ ਸੁਣ ਕੇ ਪਤਾ ਨਹੀਂ ਕਿੰਨੇਂ ਚਿਰਾਂ ਤੋਂ ਮੇਰੇ ਅੰਦਰ ਸਾਂਭਿਆ ਗੁੱਸਾ ਆਪ ਮੁਹਾਰੇ ਬਾਹਰ ਆ ਗਿਆ ਸੀ।

ਮੇਰੀ ਗੱਲ ਸੁਣ ਕੇ ਹਮੇਸ਼ਾ ਧੀਮੀ ਅਵਾਜ਼ ਵਿੱਚ ਬੋਲਣ ਵਾਲੇ ਬਾਪੂ ਦੀ ਸੁਰ ਵੀ ਕੁਝ ਤਿੱਖੀ ਹੋ ਗਈ 'ਜਦੋਂ ਇਸਦੀ ਮਾਂ ਗਿਆਰਾਂ ਸਾਲ ਦੀ ਪੇਕੇ ਬੈਠੀ ਐ ਤਾਂ ਦੱਸ ਇਸਦਾ ਤੇਰੇ ਨਾਲ ਕੀ ਰਿਸ਼ਤਾ ਰਹਿ ਗਿਐ?"

"ਇਸ ਨਾਲ ਨਾ ਸਹੀ ਪਰ ਨੀਲੋ ਨਾਲ ਆਪਣੇ ਰਿਸ਼ਤੇ ਤੋਂ ਮੈਂ ਭੱਜ ਨਹੀਂ ਸਕਦਾ.... ਇਹ ਨੀਲੋ ਦਾ ਈ ਭਰਾ ਐ ... ਤੇ ਨਾਲੇ ਮੇਰਾ ਅਜੇ ਪਰੀਤ ਨਾਲ ਤਲਾਕ ਵੀ ਨਹੀਂ ਹੋਇਆ।" ਮੇਰੀ ਦਲੀਲ ਬਾਪੂ ਨੂੰ ਧੁਰ ਅੰਦਰ ਤੱਕ ਹਿਲਾ ਗਈ। ਇਸ ਬਾਰੇ ਤਾਂ ਕਦੇ ਬਾਪੂ ਨੇ ਸੋਚਿਆ ਵੀ ਨਹੀਂ ਸੀ।

"ਪਰੀਤ ਇਸ ਘਰ ਨੂੰ ਆਪ ਛੱਡ ਕੇ ਗਈ ਐ ਤੇ ਹੁਣ ਉਸ ਅੰਦਰ ਤੇਰੀ ਜ਼ਮੀਨ ਹਥਿਆਉਣ ਦਾ ਲਾਲਚ ਪੈਦਾ ਹੋ ਗਿਐ .. ਇਹ ਆਪ ਨਹੀਂ ਆਇਆ, ਇਸਦੀ ਮਾਂ ਤੇ ਮਾਮਿਆਂ ਵੱਲੋਂ ਸਿਖਾ ਕੇ ਇੱਥੇ ਭੇਜਿਆ ਗਿਐ.... ਜੇ ਕੋਈ ਸਾਜਿਸ਼ ਨਾ ਨਿਕਲੀ ਤਾਂ ਮੇਰਾ ਨਾਂ ਵਟਾ ਦੀਂ, ਮੇਰੇ ਕੋਲ ਵੀ ਉਮਰ ਦਾ ਤਜਰਬਾ ਐ.. ਇਹ ਵਾਲ ਧੁੱਪ 'ਚ ਚਿੱਟੇ ਨਹੀਂ ਹੋਏ।" ਚਾਹੇ ਬਾਪੂ ਅੰਦਰੋ ਡਰ ਗਿਆ ਸੀ ਪਰ ਉਹ ਅਜੇ ਹਥਿਆਰ ਸੁੱਟਣ ਲਈ ਤਿਆਰ ਨਹੀਂ ਸੀ ਹੋਇਆ।

ਗੱਲ ਵੱਧਦੀ ਵੇਖ ਕੇ ਮੈਂ ਲੜਾਈ ਨੂੰ ਟਾਲਣ ਲਈ ਮੈ ਕਹਿ ਦਿੱਤਾ, "ਜ਼ਮੀਨ ਬਾਰੇ ਬਹੁਤੀ ਚਿੰਤਾ ਨਾ ਕਰ ਬਾਪੂ.. ਮੈਂ ਨਿਆਣਾ ਨਹੀ ਕਿ ਕੋਈ ਭਲੋ ਕੇ ਮੇਰੀ ਜ਼ਮੀਨ ਆਪਣੇ ਨਾਂ ਕਰਵਾ ਜੂ ...।"

ਮੇਰੇ ਢੈਲੇ ਹੋਣ ਤੇ ਬਾਪੂ ਨੇ ਵੀ ਵਿਚ ਵਿਚਾਲੇ ਦੀ ਨੀਤੀ ਅਪਣਾ ਲਈ। "ਮੇਰੀਆਂ ਗੱਲਾਂ 'ਤੇ ਠੰਡੇ ਦਿਮਾਗ ਨਾਲ ਵਿਚਾਰ ਕਰ ਪੁੱਤ ....ਮੈਂ ਤੇਰਾ ਦੁਸ਼ਮਣ ਨ੍ਹੀ ਪਰ ਮੈਨੂੰ ਚਿੰਤਾ ਕਿ ਕੋਈ ਤੇਰੇ ਭੋਲੇਪਣ ਤੋਂ ਫਾਇਦਾ ਨਾ ਉੱਠਾ ਲਵੇ।"

ਭਾਵੇਂ ਅਸੀ ਦੋਵਾਂ ਪਿਉ-ਪੁੱਤਾਂ ਨੇ ਵਕਤ ਵਿਚਾਰਦਿਆਂ ਗੱਲ ਨੂੰ ਅੱਗੇ ਨਹੀਂ ਸੀ ਵਧਣ ਦਿੱਤਾ ਪਰ ਕਾਲਜ ਪੜ੍ਹਦਾ ਗਗਨ ਹੁਣ ਬੇਬੇ ਬਾਪੂ ਦੇ ਬਦਲੇ ਰੌਂ ਨੂੰ ਪਛਾਨਣ ਦੇ ਕਾਬਿਲ ਹੋ ਗਿਆ ਸੀ।

"ਪਾਪਾ, ਲੱਗਦੈ ਮੇਰੇ ਆਉਣ ਨਾਲ ਘਰ 'ਚ ਕੋਈ ਪ੍ਰੋਬਲਮ ਪੈਦਾ ਹੋ ਗਈ ਐ ... ਹੁਣ ਤਾਂ ਦੇਰ ਹੋ ਗਈ ਹੈ ... ਤੁਸੀ ਫਿਕ੍ਰ ਨਾ ਕਰੋਂ ਮੈਂ ਸਵੇਰੇ ਦਿਨ ਚੜ੍ਹਦੇ ਈ ਚਲਾ ਜਾਵਾਂਗਾ।" ਉਸ ਬੜੀ ਹਲੀਮੀ ਨਾਲ ਕਿਹਾ ਸੀ।

"ਨਹੀ ਬੇਟਾ ਅਜਿਹੀ ਕੋਈ ਗੱਲ ਨਹੀਂ ਐ ... ਤੇਰਾ ਆਪਣਾ ਘਰ ਐ... ਤੂੰ ਚਾਹੇ ਸਾਰੀ ਉਮਰ ਇੱਥੇ ਰਹਿ।" ਮੈਂ ਉਸ ਦਾ ਮੋਢਾ ਥਾਪੜਦਿਆਂ ਕਿਹਾ ਹੈ ਤਾਂ ਬਾਪੂ ਨੇ ਵੀ ਮਾਹੌਲ ਨੂੰ ਸਾਂਵਾਂ ਕਰਨ ਲਈ ਉਸਨੂੰ ਅਜਿਹਾ ਦਿਲਾਸਾ ਦੇ ਦਿੱਤਾ ਸੀ ।

ਟ੍ਰਿਨ ਟ੍ਰਿਨ ਟ੍ਰਿਨ

ਗਗਨ ਦਾ ਮੁਬਾਇਲ ਖੜਕਿਆ ਹੈ ਪਰ ਉਸ ਸ਼ਕਰੀਨ ਤੇ ਨਜ਼ਰ ਮਾਰ ਕੇ ਫੋਨ ਕੱਟ ਦਿੱਤਾ ਹੈ।

"ਜਿਸ ਕੇ ਸਿਰ ਉਪਰ ਤੂੰ ਸਵਾਮੀ...।" ਹੁਣ ਰਿੰਗ ਟੋਨ ਦੀ ਥਾਂ ਭਰੇ ਸ਼ਬਦ ਦੇ ਬੋਲ ਮੇਰੇ ਮੁਬਾਇਲ ਤੇ ਗੂੰਜਣ ਲੱਗੇ ਹਨ।

"ਹੈਲੋ ਤੁਸੀਂ ਜੋਗਿੰਦਰ ਜੀ ਬੋਲਦੇ ਹੋ"' ਅਵਾਜ਼ ਮੈਨੂੰ ਜਾਣੀ ਪਛਾਣੀ ਲੱਗੀ ਹੈ, ਮੈਨੂੰ ਭੁਲੇਖਾ ਜਿਹਾ ਪਿਆ ਹੈ ਜਿਵੇਂ ਇਹ ਇਹ ਅਵਾਜ਼ ਪਰੀਤ ਦੀ ਹੋਵੇ....

"ਹਾਂ , ਮੈਂ ਜੋਗਿੰਦਰ ਸਿੰਘ ਈ ਬੋਲਦਾ।"

"ਮੈਂ ਪਰੀਤ ਬੋਲਦੀ ਆਂ ..ਸਵੇਰੇ ਕਾਲਜ ਜਾਣ ਵੇਲੇ ਗਗਨ ਮੇਰੇ ਨਾਲ ਥੋੜ੍ਹਾ ਨਰਾਜ਼ ਹੋ ਕੇ ਗਿਐ , ਉਹ ਅਜੇ ਤੱਕ ਘਰ ਨਹੀਂ ਮੁੜਿਆ ...ਮੈਨੂੰ ਫਿਕਰ ਹੋ ਰਹੀ ਐ ... ਕਿਧਰੇ ਤੁਹਾਡੇ ਵੱਲ ਤਾਂ ਨਹੀਂ ਆਇਆ... ਸੁਣਿਐਂ ਉਹ ਇਕ ਦੋ ਵਾਰ ਉਹ ਪਹਿਲਾਂ ਵੀ ਥੋਨੂੰ ਮਿਲ ਕੇ ਗਿਐ।"

ਪਰੀਤ ਦੀ ਅਵਾਜ਼ ਦੀ ਪੁਸ਼ਟੀ ਹੋਣ 'ਤੇ ਖੁਸ਼ੀ ਤੇ ਹੈਰਾਨੀ ਨਾਲ ਮੇਰੇ ਬੁਲ੍ਹ ਕੰਬਣ ਲੱਗ ਪਏ ਹਨ।

"ਹਾਂ, ਏਧਰ ਹੀ ਆਇਐ...।" ਮੇਰੀ ਅਵਾਜ਼ ਵਿਚ ਮੇਰੀ ਭਾਵੁਕਤਾ ਵੀ ਬੋਲ ਰਹੀ ਐ।


'ਉਸਨੂੰ ਸਮਝਾ ਬੁਝਾ ਕੇ ਮੇਰੇ ਕੋਲ ਭੇਜ ਦਿਉ ਜਾਂ ਮੇਰੀ ਉਸ ਨਾਲ ਗੱਲ ਕਰਾ ਦਿਉ...ਪਲੀਜ਼।"ਉਸਦੀ ਆਵਾਜ਼ ਵਿਚ ਆਈ ਨਰਮੀ ਤੋਂ ਲੱਗਦਾ ਸੀ ਕਿ ਉਹ ਬਾਰਾਂ ਸਾਲ ਪਹਿਲਾਂ ਵਾਲੀ ਪਰੀਤ ਨਹੀਂ ਸਗੋਂ ਕੋਈ ਹੋਰ ਬੋਲ ਰਹੀ ਐ।

"ਬਾਰਾਂ ਸਾਲ ਬਾਅਦ ਮਸੇਂ ਤਾਂ ਇਹ ਮੇਰੇ ਕਾਬੂ ਆਇਐ.. ਮੈਂ ਤਾਂ ਹੁਣ ਨਹੀਂ ਭੇਜਾਂਗਾ... ਜੇ ਤੂੰ ਉਸਨੂੰ ਲਿਜਾਣਾ ਤਾਂ ਆਪ ਆ ਕੇ ਲੈ ਜਾ।" ਪਤਾ ਨਹੀਂ ਕਿਵੇਂ ਮੇਰੇ ਮੂੰਹੋਂ ਇਹ ਬੋਲ ਨਿਕਲ ਗਏ ਸਨ।

"ਮੇਰੀ ਗਗਨ ਨਾਲ ਗੱਲ ਕਰਾ ਦਿਉ...।" ਉਸਦੀ ਅਵਾਜ਼ ਵਿਚ ਇਸ ਵਾਰ ਤਰਲਾ ਵੀ ਸ਼ਾਮਿਲ ਸੀ।

"ਲੈ ਆਪਣੀ ਮੰਮੀ ਨਾਲ ਗੱਲ ਕਰ।" ਮੈਂ ਫੋਨ ਉਸ ਨੂੰ ਫੋਨ ਫੜਾ ਦਿੱਤਾ ਹੈ ਤੇ ਮੇਰੀ ਝੇਪ ਵਿਚ ਉਸਨੂੰ ਗੱਲ ਵੀ ਕਰਨੀ ਪੈ ਗਈ ਹੈ। ਮੈਨੂੰ ਇਹ ਤਾਂ ਸਮਝ ਨਹੀਂ ਆਈ ਕਿ ਮਾਂ ਪੁੱਤ ਦੇ ਵਿਚਕਾਰ ਝਗੜਾ ਕੀ ਹੋਇਐ... ਪਰ ਏਨੀ ਕੁ ਭਿਣਕ ਜ਼ਰੂਰ ਪੈ ਗਈ ਕਿ ਗਗਨ ਦਾ ਆਪਣੇ ਮਾਮਿਆਂ ਨਾਲ ਵੀ ਬੋਲ ਬੁਲਾਰਾ ਹੋਇਐ ..ਤੇ ਗੱਲ ਕਾਫੀ ਵੱਧੀ ਹੋਈ ਐ। ਪਤਾ ਨਹੀਂ

## ਯਾਦਾਂ ਅਤੇ ਸੁਪਨੇ / ਡਾ. ਦਵਿੰਦਰ ਬਿਮਰਾ



ਬੈਠੀਏ ਜੇ ਸੋਚਣ
ਤਾਂ ਦੋ ਹੀ
ਤਾਂ ਲੜੀਆਂ
ਤੁਰਦੀਆਂ
ਦਿਸਦੀਆਂ ਹਨ
ਇੱਕ ਲੜੀ ਯਾਦਾਂ ਦੀ
ਇੱਕ ਸੁਪਨਿਆਂ ਦੀ ਲੜੀ

ਨੱਚਣ ਲੱਗ ਪੈਂਦੀਆਂ ਹਨ
ਦਿਮਾਗ਼ ਵਿੱਚ
ਪੁਰਾਣੀਆਂ ਯਾਦਾਂ

ਯਾਦਾਂ ਉੜਨ ਤਸ਼ਤਰੀਆਂ
ਬਣ ਬਣ
ਆਉਂਦੀਆਂ ਹਨ
ਕਿਤੇ ਦੋਸਤ
ਮੰਡਲੀਆਂ ਦੇ ਮੂੰਹੋਂ
ਨਿਕਲਦੇ ਗੀਤ
ਘੇਰਦੇ ਹਨ

ਕਿਤੇ ਪਿੰਡ
ਸ਼ਹਿਰ
ਸਕੂਲ ਕਾਲਜ ਦੇ
ਉਹ ਪਿਆਰੇ ਚਿਹਰੇ
ਅਸਮਾਨ 'ਚ ਖਿੱਚ ਕੇ
ਲੈ ਜਾਂਦੇ ਹਨ

ਜਿਹੜੇ ਦਿਲੋਂ
ਕੱਢੇ ਨਹੀਂ ਜਾ ਸਕਦੇ

ਲਾਇਬਰੇਰੀ 'ਚ
ਬੈਠ ਪੜ੍ਹਦਿਆਂ
ਅਚਾਨਕ ਉਨ੍ਹਾਂ
ਹੁਸੀਨ ਅੱਖਾਂ ਦੇ
ਸਾਗਰ ਦਾ ਹੜ੍ਹ
ਹੁਣ ਵੀ ਭਿਉਂ ਜਾਂਦਾ ਹੈ
ਜਾਂ ਫਿਰ
ਸੁਪਨਿਆਂ ਦਾ
ਸੰਸਾਰ ਹੁੰਦਾ ਹੈ

ਦਿਮਾਗ ਵਿੱਚ
ਕਿੱਥੇ ਜਾਣਾ ਹੈ
ਕੀ ਕਰਨਾ ਹੈ
ਕਿਸ ਨੂੰ ਮਿਲਣਾ ਹੈ

ਕੀ ਪੜ੍ਹਨਾ ਹੈ
ਕੀ ਲਿਖਣਾ ਹੈ
ਕੀ ਬਣਨਾ ਹੈ
ਕਿਵੇਂ ਨਿਕਲਣਾ ਹੈ

ਤੁਫ਼ਾਨਾਂ 'ਚੋਂ
ਕਿਹੜੇ ਸੰਘਰਸ਼ ਦੀ ਰਾਹ
ਫੜੀਏ
ਭਵਿੱਖ ਦਾ ਲੰਮਾ ਸਫ਼ਰ

ਉਲੀਕਦੇ ਹਾਂ
ਜ਼ਿੰਦਗੀ ਤੁਰਦੀ ਹੈ
ਸੁਪਨਿਆਂ,
ਯਾਦਾਂ ਦੇ ਸਹਾਰੇ।

ਕਿਉਂ ਗਗਨ ਦੇ ਆਪਣੇ ਮਾਮਿਆਂ ਨਾਲ ਝਗੜਾ ਹੋਣ ਤੇ ਮੈਨੂੰ ਰਾਹਤ ਜਿਹੀ ਮਿਲੀ ਐ। ਫ਼ੋਨ ਤੇ ਗੱਲ ਕਰਨ ਸਮੇਂ ਉਸਦੇ ਹਟਕੋਰੇ ਸੁਣ ਕੇ ਭਾਵੇਂ ਮੈਨੂੰ ਪ੍ਰੇਸ਼ਾਨੀ ਵੀ ਹੋਈ ਐ ਪਰ ਮੇਰਾ ਦਿਮਾਗ ਕਿਸੇ ਹੋਰ ਈ ਉਧੇੜ-ਬੁਣ ਵਿਚ ਪੈ ਗਿਐ ਕਿ ਰੋਪੜ ਦੇ ਪੱਕੇ ਜਿੰਦੇ ਨੂੰ ਹੱਥ ਆਈ ਚਾਬੀ ਲਾਈ ਕਿਵੇਂ ਜਾਵੇ।

ਗਗਨ ਨੇ ਵੀਹ ਮਿੰਟ ਆਪਣੀ ਮੰਮੀ ਨਾਲ ਗੱਲਾਂ ਕਰਨ ਤੋਂ ਬਾਅਦ ਫੋਨ ਮੈਨੂੰ ਫੜਾ ਦਿੱਤਾ ਹੈ। ਮੈਂ ਉਸ ਨੂੰ ਜੱਫੀ ਵਿਚ ਲੈ ਕੇ ਚੁੱਪ ਕਰਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ "ਪੁੱਤ ਕਿਸੇ ਗੱਲ ਦੀ ਫਿਕਰ ਨਾ ਕਰ ਤੇਰਾ ਪਾਪਾ ਤੇਰੇ ਨਾਲ ਹੈ।"

ਬੇਬੇ-ਬਾਪੂ ਨਵੀਂ ਪੈਦਾ ਹੋਈ ਸਥਿਤੀ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਮੇਰੇ ਕੰਨਾਂ ਵਿਚ ਮਿੱਠਾ ਜਿਹਾ ਸੰਗੀਤ ਗੂੰਜ ਰਿਹੈ .....।

**-89682-82700**

## ਕਵਿਤਾ ਠੱਗਾਂ ਵਰਗੀ ਹੁੰਦੀ

ਮੇਰੇ ਵਰਗੇ ਨਾਸਤਿਕ ਬੰਦੇ ਦਾ
ਭਲਾ ਬਿੱਲੀ
ਰਾਹ ਕਿਵੇਂ ਕੱਟ ਸਕਦੀ
ਬਿੱਲੀ ਬਿੰਬ ਹੈ, ਮਿੱਥ ਹੈ ਜਾਂ ਪਰੰਪਰਾ
ਬੰਦਾ ਜੀਅ ਤਾਂ ਪਰਕਟੈਸ ਹੀ ਰਿਹਾ ਹੁੰਦਾ
ਵੀਕਨੈਸ ਬੰਦੇ ਨੂੰ ਸਨਕੀ ਬਣਾ ਦਿੰਦੀ
ਮੇਰਾ ਕਵੀ ਮਨ ਉਸਨੂੰ ਮਿੱਥ 'ਚੋਂ ਟੋਲ ਰਿਹਾ
ਸੁਣਿਆ ਉਸ ਚੁੱਪ ਦੇ ਰੋਜ਼ੇ ਰੱਖੇ
ਕਿੰਨੇ ਪੁੰਨਿਆ ਦੇ ਚੰਨ
ਆਏ ਚਲੇ ਗਏ
ਮੈਂ ਉਸਦੇ ਰੱਖੇ ਰੋਜ਼ਿਆਂ 'ਚ ਉਲਝਿਆ
ਅਬਸਰਡ ਕਿਸੇ ਕੌਲ ਨੂੰ ਅਨੁਵਾਦ ਕਰ ਰਿਹਾ
ਸਭ ਕਾਸੇ ਤੋਂ ਮੁਨਕਰ ਹੋ ਜਿਹੜਾ ਖਲਾਅ ਜਨਮ ਲੈਂਦਾ
ਉਸ ਨੂੰ ਭਰਨ ਲਈ ਆਤਮ ਵਿਸ਼ਵਾਸ ਦੀ ਲੋੜ ਹੁੰਦੀ
ਕੁਝ ਲੋਕ ਪੱਥਰਾਂ 'ਚੋਂ ਰੱਬ ਸਿਰਜਦੇ
ਕੁਝ ਲੋਕ ਮੱਥਾ ਰਗੜਦੇ
ਤੇ ਹਾਰੇ ਹੋਏ ਲੋਕ ਕਵਿਤਾ ਲਿਖਦੇ
ਇਸ ਨੂੰ ਮੇਰਾ ਆਸਿਤਕ ਹੋਣਾ ਨਾ ਸਮਝਿਆ ਜਾਵੇ
ਕਦੇ ਕਵਿਤਾ ਮੈਨੂੰ ਰੱਬ ਤੋਂ ਵੀ ਵੱਡੀ ਲੱਗਦੀ
ਤੁਸੀਂ ਪੁੱਛੋਗੇ ਕਿਵੇਂ ?
ਜਿਵੇਂ ਕਵਿਤਾ ਮੈਨੂੰ ਠੱਗ ਕੇ ਔਹ ਗਈ

## ਟੈੱਬੂ ਦੀ ਡੋਰ ਵੈੱਲ / ਮੱਖਣ ਮਾਨ

ਸ਼ਾਇਦ ਉਹ ਮਿੱਥ ਸੀ
ਖੋਲ੍ਹ ਨਾ ਹੋਈ
ਠੀਕ ਤਰ੍ਹਾਂ
''ਡੀ ਕੋਡ'' ਕਿਵੇਂ ਕਰਦਾ ?
ਮਿੱਥ ਸੀ ਜਾਂ ਟੈਬੂ ਨਾਲ ਬੰਨ੍ਹੀ ਡੋਰ ਵੈੱਲ
ਉਹ ਸੀ ਜੀਵਨ ਦੇ ਟ੍ਰੈਫਿਕ ਦੇ ਨੇਮ ਤੋੜਨ ਵਾਲਾ
ਮੁਹੱਬਤ ਨੂੰ ਤਲੀ ਤੇ ਰੱਖ ਬਿਚੀਆਂ ਪਾਉਂਦਾ
ਸਾਧ ਪੁਰਖ਼ - ਸੁਸਾਇਡਲ ਪਾਗਲਪਨ

ਨੇਮ ਦੀ ਡੋਰ 'ਚ ਵੱਜੀ ਮਿੱਥ
ਕੋਈ ਬਿੰਬ ਦ੍ਰਿਸ਼
ਅਵਸਥਾ ਨਹੀਂ ਸੀ
ਆਪਣੇ ਆਪ 'ਚ ਉਲਝੀ ਕੋਈ ਦੁਵਿਧਾ ਸੀ



ਉਸ ਦੇ ਕਲਪਿਤ ਸੰਸਾਰ 'ਚ
ਸਦੀਆਂ ਤੋਂ ਜੰਮੀ ਧੂਣੀ ਦੁਆਲੇ ਪੁਰਖੇ ਜੁੜਨ ਲੱਗਦੇ
-ਅੱਗ 'ਚੋਂ ਲੰਘਦਾ ਆਕਾਰ
-ਧਰਤੀ 'ਚ ਖੁਭ ਜਾਂਦਾ
ਖ਼ੌਫ਼ 'ਚ ਕਿੰਨੀਆਂ ਸ਼ਕਲਾਂ,
ਆਤਮਾਵਾਂ, ਪੁਨਰ ਜਨਮ
-ਉਛਲਦੀਆਂ
-ਸਮੁੰਦਰ 'ਚ ਜੰਮ ਜਾਂਦੀਆਂ
-ਆਤਮਾ ਦੀ ਗੈਲਰੀ 'ਚ
-ਨੂੰਹ ਨਾਲ ਖੁਰਚਦੀ ,ਕੋਸਦੀ ਕਿਸਮਤ
ਦੁੱਬਕ ਕੇ - ਧਰਮ 'ਚ ਬੱਝੀ ਮਰਿਆਦਾ ਹੋ ਜਾਂਦੀ
ਮਨ ਵੱਜਦ 'ਚ ਆਉਂਦਾ ਹੋਵੇਗਾ ਤਾਂ ਕੀ ?
-ਔਰਤ ਸੀ ?
ਚਾਹਤ ਦੀ ਹਰਿਕ ਪਰਤ ਭਾਰ ਹੇਠ ਦੱਬ
ਮੁਹੱਬਤ ਭੁਰ ਚੁੱਕੇ ਫਿੰਗਰ ਪ੍ਰਿੰਟਸ ਦਾ ਬਾਰੂਦ ਹੋ ਜਾਂਦੀ
-ਤੇ ਉਹ ਸਫੈਦ ਕਿਲ੍ਹੇ ਦੀ ਸੰਗਮਰਮਰ
-ਖਿਆਲਾਂ 'ਚ ਚੁੰਮਦਾ-ਕਵਿਤਾ ਘੜਦੈ
- ਅੱਖਰਾਂ ਨੂੰ ਕੱਟਦਾ-ਵਰਕੇ ਪਲਟਦਾ
ਸੋਚਦਾ ਟੈਬੂ ਨਾਲ ਬੰਨ੍ਹੀ ਡੋਰ ਵੈੱਲ
-ਛਲਾਵਾ ਸੀ-ਮਿੱਥ ਸੀ
-ਡੀ ਕੋਡ ਕਿਵੇਂ ਕਰਾਂ ?
ਸੋਚ ਦੀ ਛੱਲ ਮੁੜ ਮੁੜ ਚੜ੍ਹਦੀ ਲਹਿੰਦੀ
ਮੁੜਦਾ ਆਪਣੀ ਵੱਲ-ਆਖਦਾ
-ਸੱਚੀ ਉਹ ਟੈੱਬੂ ਦੀ ਡੋਰ ਵੈੱਲ ਸੀ
-ਕਿਵੇਂ ਵਰ੍ਹਦੀ ਮੋਹਲੇਧਾਰ ਬਣਕੇ ?
ਉਹ ਉਹਦੀ ਖੱਬੀ ਛਾਤੀ 'ਚ ਵਿਲਕਦੀ ਤੜਫ਼ਦੀ
-ਪੱਥਰ ਮਨ ਤੇਹ ਦੀ ਬਾਤ ਪਾਉਂਦੀ
ਜਿਸਮ ਦੇ ਇਕਲਾਪੇ ਨੂੰ ਤੋੜਨ
-ਨਾ ਤੋੜਨ 'ਚ ਘਿਰੀ
ਮੁਹੱਬਤ ਦੀ ਅਗਨ 'ਚ ਤਪ ਰਹੀ ਸਿੱਲ੍ਹ ਸੀ ਕੋਈ
-ਮਿੱਥ ਜਿਸ ਦੀ ਖੋਲ੍ਹਦਿਆਂ
ਬ੍ਰਹਿਮੰਡ ਵਰਕਿਆਂ ਉਪਰ ਫ਼ੈਲਿਆ ਪਾਗਲਪਣ ਸੀ ਕੋਈ।

## ਕਹਾਣੀ / ਹਾਦਸੇ ਦਰ ਹਾਦਸੇ / ਗੁਰਮੀਤ ਸਿੰਘ ਸਿੰਗਲ



ਕਾਲੀ ਸਿਆਹ ਰਾਤ ਦੀ ਹਿੱਕ ਪਾੜਦਿਆਂ ਸੂਰਜ ਦੀਆਂ ਸੁਨਹਿਰੀ ਕਿਰਨਾਂ ਰੋਸ਼ਨਦਾਨ ਵਿੱਚੋਂ ਲੰਘ ਕੇ ਕਮਰੇ ਵਿਚਲੇ ਫਰਸ਼ ਨੂੰ ਚੁੰਮ ਰਹੀਆਂ ਨੇ। ਮੇਰੇ ਖਿਚੜੀ ਵਾਲਾਂ ਤੇ ਇਹ ਸੁਨਹਿਰੀ ਕਿਰਨਾਂ ਪੈ ਰਹੀਆਂ ਨੇ। ਮੈਂ ਸਾਹਮਣੇ ਲੱਗੇ ਆਦਮਕੱਦ ਸ਼ੀਸ਼ੇ ਵਿੱਚੋ ਇਹ ਸਭ ਕੁਝ ਵੇਖ ਰਹੀ ਆਂ। ਪੁੜਪੁੜੀਆਂ ਦੇ ਦੋਵੇਂ ਪਾਸੇ ਬਿਲਕੁੱਲ ਚਿੱਟੇ ਹੋ ਗਏ ਨੇ,ਜਿਵੇਂ ਕਪਾਹ ਦੇ ਟੀਂਡੇ ਖਿੜ ਪਏ ਹੋਣ। ਹੁਣ ਤਾਂ ਚਿਹਰੇ ਦੀਆਂ ਝੁਰੜੀਆਂ ਹੋਰ ਗਹਿਰੀਆਂ ਹੁੰਦੀਆਂ ਜਾ ਰਹੀਆਂ ਨੇ ਜਿੰਦਗੀ ਦੇ ਖਤਮ ਹੁੰਦਿਆਂ ਹੀ ਇਹ ਵੀ ਖਤਮ ਹੋ ਜਾਣਗੀਆਂ। ਉਮਰ ਬੀਤਣ ਦੇ ਨਾਲ ਨਾਲ ਇਹਨਾਂ ਦਾ ਜਾਲ ਹੋਰ ਸੰਘਣਾਂ ਹੁੰਦਾ ਚਲਾ ਜਾਏਗਾ। ਸਰਕਾਰੀ ਨੌਕਰੀ ਤੋਂ ਰਿਟਾਇਰ ਹੋਇਆਂ ਮੈਨੂੰ ਹਾਲੇ ਕੁੱਝ ਹੀ ਮਹੀਨੇ ਹੋਏ ਨੇ।

ਕੰਮ ਵਾਲੀ ਲੱਛੀ ਹੁਣ ਤੱਕ ਨਹੀਂ ਬਹੁੜੀ। ਰਾਤ ਫਿਰ ਉਹਦੇ ਸ਼ਰਾਬੀ ਪਤੀ ਨੇ ਮਾਰਿਆ ਹੋਣੈ। ਆਉਂਦਿਆਂ ਈ ਰਾਤ ਦੀ ਦਰਦ ਕਹਾਣੀ ਦੱਸਣੀ ਸ਼ੁਰੂ ਕਰੇਗੀ "ਬੀਬੀ ਜੀ ਰਾਤ ਮੇਰੇ ਕੋ ਸ਼ਰਾਬ ਪੀ ਕਰ ਬਹੁਤ ਮਾਰਾ...ਕਸਮ ਸੇ ਪੂਰਾ ਬਦਨ ਦਰਦ ਕਰ ਰਹਾ ਹੈ...ਇਸ ਲੀਏ ਆਜ ਆਨੇ ਮੇਂ ਦੇਰ ਹੋ ਗਈ"। ਜਾਂ ਫਿਰ ਕਿਸੇ ਬੱਚੇ ਦੀ ਬਿਮਾਰੀ ਬਾਰੇ ਦੱਸੇਗੀ। ਉਹਦਾ ਵਿਚਾਰਾ ਜਿਹਾ ਚਿਹਰਾ ਵੇਖ ਕੇ ਮੈਂ ਪਸੀਜ ਜਾਂਦੀ ਆਂ। ਦਰਦ ਦੀ ਸੁਰਖ ਲਕੀਰ ਮੇਰੇ ਜਿਸਮ ਤੋਂ ਆਰ ਪਾਰ ਹੋ ਜਾਂਦੀ ਏ। ਬੱਸ ਮੈਂ ਉਸ ਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਦੀ ਆਂ।

ਲੱਛੀ ਨੂੰ ਮੇਰੇ ਪੁੱਤਰ ਰਾਕੇਸ਼ ਨੇ ਕੰਮ ਲਈ ਰੱਖਿਆ ਹੋਇਆ ਏ। ਜਿੰਨੀ ਦੇਰ ਲੱਛੀ ਕੋਠੀ ਵਿੱਚ ਕੰਮ ਕਾਰ ਕਰਦੀ ਫਿਰਦੀ ਨਜ਼ਰ ਆਉਂਦੀ ਰਹਿੰਦੀ ਏ,ਉਨੀਂ ਦੇਰ ਮੇਰੇ ਮਨ ਨੂੰ ਸਕੂਨ ਜਿਹਾ ਮਿਲਦਾ ਰਹਿੰਦੈ। ਮੇਰੀ ਨੂੰਹ ਡਾਕਟਰ ਅਤੇ ਪੁੱਤਰ ਇੰਜੀਨੀਅਰ ਏ। ਦੋਵੇਂ ਆਪੋ ਆਪਣੇ ਵਿੱਚ ਮਸਤ ਨੇ। ਮੇਰੇ ਕੋਲ ਬੈਠਣ ਦੀ ਤਾਂ ਜਿਵੇਂ ਉਹਨਾਂ ਕੋਲ ਵਿਹਲ ਨਹੀਂ। ਮੈਂ ਪੁੱਤਰ ਦੀ ਇੱਕ ਝਲਕ ਵੇਖਣ ਲਈ ਤਰਸਦੀ ਰਹਿੰਦੀ ਆਂ। ਉਹ ਕੰਪਨੀ ਤੋਂ ਗਈ ਰਾਤ ਮੁੜਦਾ ਏ....ਤੇ ਸਿੱਧਾ ਆਪਣੇ ਕਮਰੇ ਵਿੱਚ ਜਾ ਵੜਦਾ ਏ। ਛੁੱਟੀ ਵਾਲੇ ਦਿਨ ਦੋਵੇਂ ਸੱਜ ਧੱਜ ਕੇ ਮੇਰੇ ਕੋਲ ਆਉਂਣਗੇ। ਅਛੋਪਲੇ ਜਿਹੇ। ਉਦੋਂ ਮੈਂ ਜਿਵੇਂ ਅੰਤ੍ਰੀਵ ਮਨ ਦੀਆਂ ਸੁੱਖਦ ਵਾਦੀਆਂ ਵਿੱਚ ਘੁੰਮਦੀ ਆਂ। ਸੱਚੀਂ ਬੜਾ ਸਕੂਨ ਆਉਂਦੈ। ਨੂੰਹ ਸ਼ੁਸ਼ਮਾ ਸਾਹਮਣੇ ਪਈ ਕੁਰਸੀ ਤੇ ਬੈਠ ਜਾਂਦੀ ਏ। ਅਡੋਲ। ਜਿਵੇਂ ਰਬੜ ਦੀ ਗੁੱਡੀ ਹੋਵੇ। ਬਸ ਟਿੱਕਟਿੱਕੀ ਲਗਾ ਕੇ ਮੇਰੇ ਵੱਲ ਵੇਂਹਦੀ ਰਹਿੰਦੀ ਏ। ਉਹਦੇ ਕੱਪੜਿਆਂ ਦੀ ਤੜਕ ਭੜਕ,ਮੋਢੇ ਤੇ ਲਮਕਦਾ ਪਰਸ ਅਤੇ ਚਿਹਰੇ ਤੇ ਕੀਤਾ ਮੇਕਅੱਪ ਅਤੇ ਪੁੱਤਰ ਰਾਕੇਸ਼ ਦੇ ਸੂਟ ਬੂਟ ਤੇ ਮੇਰੀ ਨਜ਼ਰ ਤਿਲਕ ਤਿਲਕ ਪੈਂਦੀ ਏ। ਮੈਨੂੰ ਅੰਦਾਜ਼ਾ ਹੋ ਜਾਂਦੈ... ਜੋੜੀ ਕਿਤੇ ਜਾ ਰਹੀ ਏ।

ਇਹ ਦੋਵੇਂ ਛੁੱਟੀ ਵਾਲੇ ਦਿਨ ਇੰਜ ਈ ਕਰਦੇ ਨੇ। ਪੂਰੀ ਛੁੱਟੀ ਬਾਹਰ ਗੁਜ਼ਾਰਨ ਉਪਰੰਤ ਗਈ ਰਾਤ ਘਰ ਵੜਦੇ ਨੇ। ਮੈਂ ਇੰਨੀ ਵੱਡੀ ਕੋਠੀ ਵਿੱਚ ਪਿੰਜਰੇ ਦੇ ਪੰਛੀ ਵਾਂਗ ਬੰਦ ਈ ਰਹਿੰਨੀ ਆਂ।

ਵਿਆਹ ਤੋਂ ਪਹਿਲਾਂ ਵੀ ਰਾਕੇਸ਼ ਆਪਣੇ ਦੋਸਤਾਂ ਵਿੱਚ ਹੀ ਪਰਚਿਆ ਰਹਿੰਦਾ ਸੀ। ਉਹ ਮੇਰੇ ਕੋਲ ਉਦੋਂ ਹੀ ਆਉਂਦਾ ਜਦੋਂ ਉਸ ਨੂੰ ਪੈਸਿਆਂ ਦੀ ਜਰੂਰਤ ਹੁੰਦੀ।

ਪਹਿਲਾਂ ਪਹਿਲ ਮੈਂ ਸੋਚਿਆ ਸੀ ਕਿ ਰਾਕੇਸ਼ ਦਾ ਵਿਆਹ ਬੜੇ ਚਾਵਾਂ ਲਾਡਾਂ ਨਾਲ ਕਰਾਂਗੀ। ਫਿਰ ਘਰ ਨੂੰਹ ਆਏਗੀ। ਮੇਰੇ ਪਾਸ ਬੈਠਿਆ ਕਰੇਗੀ। ਮੇਰੀ ਪੂਰੀ ਜਿੰਦਗੀ ਦਾ ਅਕੇਵਾਂ ਤੇ ਥਕੇਵਾਂ ਦੂਰ ਹੋ ਜਾਏਗਾ। ਸੱਚੀਂ ਕਿੰਨਾਂ ਚਾਅ ਸੀ ਮੈਨੂੰ ਰਾਕੇਸ਼ ਦੇ ਵਿਆਹ ਦਾ। ਜਦੋਂ ਮਨ ਹੀ ਮਨ ਵਿੱਚ ਮੈਂ ਉਹਨੂੰ ਦੁਲਹਾ ਬਣਿਆ ਘੋੜੀ ਬੈਠਿਆਂ ਚਿੱਤਵਦੀ ਤਾਂ ਮੇਰੇ ਸਮੁੱਚੇ ਜਿਸਮ ਵਿੱਚ ਖੁਸ਼ੀ ਦੀ ਲਹਿਰ ਦੌੜ ਜਾਂਦੀ। ਪਰ ਮੈਂ ਜਦੋਂ ਵੀ ਉਹਦੇ ਨਾਲ ਵਿਆਹ ਦੀ ਗੱਲ ਤੋਰਦੀ ਤਾਂ ਉਹ ਹੱਸ ਕੇ ਟਾਲ ਜਾਂਦਾ। ਮੇਰੇ ਨਾਲ ਅੰਦਰਲੀ ਗੱਲ ਕਦੇ ਸਾਂਝੀ ਨਾਂ ਕਰਦਾ।

"ਰਾਕੇਸ਼ ਤੂੰ ਪੜ੍ਹ ਲਿਖ ਕੇ ਨੌਕਰੀ ਲੱਗ ਗਿਆ ਏਂ,..ਤੇਰੀ ਆਪਣੀ ਕੋਠੀ ਏ,ਹੁਣ ਤੂੰ ਵਿਆਹ ਕਿਉਂ ਨਹੀਂ ਕਰਵਾਉਂਦਾ..,? ਅਕਸਰ ਮੈਂ ਉਹਨੂੰ ਪੁੱਛਦੀ ਰਹਿੰਦੀ।

ਮੰਮੀ ਮੈਂ ਤੇਰਾ ਇਹ ਉਲਾਂਭਾ ਵੀ ਛੇਤੀ ਲਾਹ ਦਿਆਂਗਾ। ਉਹ ਮਿਨ੍ਹੀ ਜਿਹੀ ਮੁਸਕੁਰਾਹਟ ਨਾਲ ਮੈਨੂੰ ਚੁੱਪ ਕਰਵਾ ਦਿੰਦਾ।

ਇੱਕ ਦਿਨ ਮੈਂ ਹੱਕੀ ਬੱਕੀ ਰਹਿ ਗਈ। ਅੱਜ ਰਾਕੇਸ਼ ਮੇਰੇ ਕਮਰੇ ਵਿੱਚ ਇਕੱਲਾ ਨਹੀਂ ਆਇਆ ਸੀ। ਉਹਦੇ ਨਾਲ ਇੱਕ ਸੋਹਣੀ ਕੁੜੀ ਸੀ। ਗੋਰੀ ਨਿਸ਼ੋਹ ਜਿਹੀ। ਲਾਲ ਚੂੜਾ ਉਹਦੀਆਂ ਕਲਾਈਆਂ ਤੇ ਅਠਖੇਲੀਆਂ ਕਰ ਰਿਹਾ ਸੀ।

"ਸ਼ੁਸ਼ਮਾਂ ਇਹ ਮੇਰੀ ਮੰਮੀ ਏ.." ਸ਼ੁਸ਼ਮਾ ਅਤੇ ਰਾਕੇਸ਼ ਝੱਟ ਮੇਰੇ ਪੈਰਾਂ ਵੱਲ ਝੁੱਕ ਗਏ। ਮੈਂ ਹਾਲੇ ਵੀ ਹੱਕੀ ਬੱਕੀ ਉਹਨਾਂ ਵੱਲ ਤੱਕ ਰਹੀ ਸਾਂ। ਮੈਨੂੰ ਕੁਝ ਵੀ ਨਹੀਂ ਅਹੁੜ ਰਿਹਾ ਸੀ। ਮੈਂ ਦੋਵਾਂ ਨੂੰ ਪਿਆਰ ਦਿੱਤਾ ਤੇ ਰਾਕੇਸ਼ ਵੱਲ ਸਵਾਲੀਆਂ ਨਜ਼ਰਾਂ ਨਾਲ ਵੇਖਣ ਲੱਗੀ।

ਮੰਮੀ ਵੇਖ ਮੈਂ ਤੁਹਾਡੇ ਲਈ ਨੂੰਹ ਲੈ ਆਇਆ ਹਾਂ। ਰਾਕੇਸ਼ ਨੇ ਇੱਕ ਫਿਕਰੇ ਵਿੱਚ ਹੀ ਸਾਰੀ ਗੱਲ ਮੁਕਾ ਦਿੱਤੀ ਸੀ। ਜਿਵੇਂ ਵਿਆਹ ਜਿਹੇ ਪਵਿੱਤਰ ਬੰਧਨ ਦੀਆਂ ਸਾਰੀਆਂ

ਰਸਮਾਂ,ਰੀਤੀ ਰਿਵਾਜ, ਇਸ ਫਿਕਰੇ ਵਿੱਚ ਹੀ ਸਮਾ ਗਏ ਹੋਣ। ਕਿੰਨੇ ਸੁਪਨੇ ਵੇਖੇ ਸਨ ਮੈਂ ਰਾਕੇਸ਼ ਦੇ ਵਿਆਹ ਦੇ। ਮੈਨੂੰ ਬੜਾ ਚਾਅ ਸੀ ਰਾਕੇਸ਼ ਦੇ ਵਿਆਹ ਦੇ ਸੁਹਾਗ ਗੀਤ ਗਾਉਂਣ ਦਾ। ਹੁਣ ਤਾਂ ਸਾਰੇ ਸੁਪਨੇ ਟੁੱਟੀ ਹੋਈ ਮਾਲਾ ਦੇ ਮਣਕਿਆਂ ਵਾਂਗ ਬਿੱਖਰ ਗਏ ਸਨ। ਮੈਂ ਜਿਵੇਂ ਗਹਿਰੀ ਨੀਂਦ ਵਿੱਚੋਂ ਜਾਗੀ ਹੋਵਾਂ। ਮੈਂ ਝੱਟ ਸੁਸ਼ਮਾਂ ਨੂੰ ਆਪਣੀ ਛਾਤੀ ਨਾਲ ਘੁੱਟ ਲਿਆ। ਅੱਖਾਂ ਵਿੱਚ ਲਟਕੇ ਹੰਝੂ ਝਰ ਝਰ ਕਰਦੇ ਵਹਿ ਤੁਰੇ।

ਦਿਨ ਚੋਖਾ ਚੜ੍ਹ ਆਇਆ ਏ । ਬਾਹਰ ਕਿਸੇ ਦੇ ਕਦਮਾਂ ਦੀ ਪੈੜਚਾਲ ਸੁਣਾਈ ਦਿੱਤੀ ਏ। ਸ਼ਾਇਦ ਲੱਛੀ ਆ ਗਈ ਏ। ਉਹ ਸਿੱਧੀ ਰਸੋਈ ਵਿੱਚ ਚਲੀ ਗਈ ਏ। ਭਾਂਡੇ ਧੋਣ ਲੱਗ ਪਈ ਏ। ਫਿਰ ਉਹ ਮਸ਼ੀਨ ਲਗਾ ਕੇ ਕੱਪੜੇ ਧੋਏਗੀ। ਫਿਰ ਸਾਰੇ ਕਮਰਿਆਂ ਵਿੱਚ ਝਾੜੂ ਪੋਚਾ ਕਰੇਗੀ। ਮੇਰੇ ਨਾਲ ਦੁੱਖ ਸੁੱਖ ਸਾਂਝਾ ਕਰੇਗੀ। ਪਤਾ ਨਹੀਂ ਇਉਂ ਗੱਲਾਂ ਕਰਦੀ ਉਹ ਮੈਨੂੰ ਚੰਗੀ ਲਗਦੀ ਏ। ਉਹ ਵਿਚਾਰੀ ਮੇਰੀ ਬਹੁਤ ਸੇਵਾ ਕਰਦੀ ਏ। ਕੋਸੇ ਤੇਲ ਨਾਲ ਮੇਰੇ ਸਰੀਰ ਦੀ ਮਾਲਿਸ਼ ਕਰ ਦਿੰਦੀ ਏ। ਸਿਰ ਵਿੱਚ ਤੇਲ ਝੱਸਦੀ ਏ। ਮੇਰਾ ਸਰੀਰ ਹੌਲਾ ਫੁੱਲ ਹੋ ਜਾਂਦੈ। ਮੈਂ ਵੀ ਉਹਦਾ ਹੱਕ ਨਹੀਂ ਮਾਰਦੀ। ਉਸ ਨੂੰ ਬੱਝਵੀਂ ਤਨਖਾਹ ਤੋਂ ਇਲਾਵਾ ਕੁੱਝ ਨਾ ਕੁੱਝ ਦਿੰਦੀ ਹੀ ਰਹਿੰਨੀ ਆਂ।

ਮੈਂ ਵੀ ਨਿਰੀ ਆਲਸੀ ਆਂ। ਹੁਣ ਤੱਕ ਬੈੱਡ ਮੱਲੀ ਪਈ ਆਂ। ਲੱਛੀ ਕੱਪੜੇ ਧੋ ਰਹੀ ਏ। ਉਸ ਦੀ ਸੱਜੀ ਅੱਖ ਤੇ ਨੀਲ ਪਿਆ ਹੋਇਐ। ਮੇਰੇ ਵੱਲ ਵੇਖ ਕੇ ਨੀਂਵੀ ਪਾ ਲੈਂਦੀ ਏ।

ਲੱਛੀ ਕੀ ਹੋਇਐ...ਤੇ ਆਹ ਅੱਖ ਤੇ ਨੀਲਾ ਨਿਸ਼ਾਨ ਕਿਉਂ ਪਿਆ ਹੋਇਐ। ਮੈਂ ਸਵਾਲ ਕਰਦੀ ਆਂ।

''ਬੀਬੀ ਜੀ ਰਾਤ ਫਿਰ ਮਾਰਾ ਮੁਝੇ ਸ਼ਰਾਬ ਪੀ ਕਰ। ਕਹਿੰਦਿਆਂ ਉਹ ਫੁੱਟ ਫੁੱਟ ਰੋਣ ਲੱਗ ਪਈ ਏ। ਉਹਦਾ ਰੋਣ ਮੇਰੇ ਤੋਂ ਝੱਲਿਆ ਨਹੀਂ ਜਾਂਦਾ। ਮੇਰੇ ਅਲਸਾਏ ਜਿਸਮ ਵਿੱਚ ਝਰਨਾਹਟ ਜਿਹੀ ਫਿਰ ਜਾਂਦੀ ਏ। ਮੈਂ ਬਾਥਰੂਮ ਵਿੱਚ ਜਾ ਵੜਦੀ ਆਂ। ਠੰਢੇ ਪਾਣੀ ਨਾਲ ਨਹਾ ਕੇ ਬੇਚੈਨ ਮਨ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੀ ਆਂ। ਬਾਥਰੂਮ ਵਿੱਚੋਂ ਵਿਹਲੀ ਹੋ ਕੇ ਮੈਂ ਧੜੰਮ ਆਪਣੇ ਬੈਡ ਤੇ ਆ ਬਹਿੰਦੀ ਆਂ। ਨਰਮ ਨਰਮ ਗੱਦੇ ਵੀ ਮੈਨੂੰ ਕੰਡਿਆਂ ਦੀ ਸੇਜ਼ ਲੱਗ ਰਹੇ ਨੇ।

ਲੱਛੀ ਆਪਣਾ ਕੰਮ ਮੁਕਾ ਕੇ ਮੇਰੇ ਸਾਹਮਣੇ ਸਟੂਲ ਤੇ ਆ ਬਹਿੰਦੀ ਏ। ਕੰਮ ਕਰਦਿਆਂ ਉਹਦੇ ਮੂੰਹ ਤੇ ਗਰਮੀ ਆ ਗਈ ਏ। ਜਿਸ ਕਾਰਨ ਉਸ ਦੀ ਅੱਖ ਤੇ ਪਿਆ ਨੀਲ ਹੋਰ ਵੀ ਨੀਲਾ ਦਿਖਾਈ ਦਿੰਦਾ ਏ।

''ਹੁਣ ਦੱਸ ਕੀ ਹੋਇਐ..? ਮੈਂ ਉਸਦੇ ਦਰਦ ਵਿਹੂੰਣੇਂ ਚਿਹਰੇ ਵੱਲ ਵੇਖ ਕੇ ਸਵਾਲ ਕਰਦੀ ਆਂ।

''ਬੱਸ ਬੀਬੀ ਜੀ ਕਿਆ ਬਤਾਊਂ, ਛੋਟੀ ਛੋਟੀ ਸੀ ਬਾਤ ਪਰ ਲੜਤਾ ਮੇਰੇ ਸਾਥ....ਛੋਟੀ ਸੀ ਬਾਤ ਪੀਛੇ ਪੀਟ ਦੇਤਾ ਮੇਰੇ ਕੋ। ਬਸ ਏਕ ਹੀ ਰੱਟ ਲਗਾਏ ਹੈ ਕਿ ਤੂੰ ਬੱਚੋਂ ਕੋ ਲੇਕਰ ਆਪਣੇ ਮਾਇਕੇ ਚਲੀ ਜਾਹ। ਆਪ ਹੀ ਬਤਾਓ ਇੰਨ ਮਾਸੂਮੋਂ ਕੋ ਲੇਕਰ ਕਹਾਂ ਚਲੀ ਜਾਊਂ

ਉਹਦੀਆਂ ਅੱਖੀਆਂ ਵਿੱਚੋਂ ਦੁਬਾਰਾ ਪਾਣੀ ਵਹਿ ਤੁਰਿਆ ਏ। ਮੇਰਾ ਮਨ ਪਸੀਜ ਉਠਿਆ ਏ।'' ਲੱਛੀਏ ਜ਼ਮਾਨਾਂ ਬੜਾ ਭੈੜਾ ਏ, ਇਸ ਜ਼ਮਾਨੇ ਨਾਲ ਲੜਨ ਲਈ ਹਿੰਮਤ ਚਾਹੀਦੀ ਏ। ਤੇ ਪਹਾੜ ਜਿੱਡਾ ਜੇਰਾ। ਤੂੰ ਰੋ ਨਾ ਮਨ ਕਰੜਾ ਕਰ। ਇਵੇਂ ਹੀ ਮਿਹਨਤ ਮਜ਼ਦੂਰੀ ਕਰਕੇ ਬੱਚਿਆਂ ਨੂੰ ਪੜ੍ਹਾ। ਤੇਰੀ ਮਿਹਨਤ ਜਰੂਰ ਰੰਗ ਲਿਆਏਗੀ। ਮੈਂ ਉਹਨੂੰ ਮੱਤਾਂ ਦੇਣੀਆਂ ਸ਼ੁਰੂ ਕਰ ਦਿੰਦੀ ਆਂ। ਮੈਂ ਅਕਸਰ ਉਸ ਨੂੰ ਅਜਿਹੇ ਉਪਦੇਸ਼ ਦਿੰਦੀ ਰਹਿੰਦੀ ਆਂ। ਉਹ ਮੇਰੇ ਵੱਲ ਬਿੱਟ ਬਿੱਟ ਤੱਕਦੀ ਰਹਿੰਦੀ ਏ। ਉਪਦੇਸ਼ ਸੁਣ ਕੇ ਜਿਵੇਂ ਉਹਦੇ ਅੰਦਰ ਕੋਈ ਤਾਕਤ ਆ ਜਾਂਦੀ ਏ। ਉਹ ਚਾਂਈਂ ਚਾਂਈ ਦੁਬਾਰਾ ਕੰਮ ਵਿੱਚ ਜੁੱਟ ਜਾਂਦੀ ਏ।

ਆਪਣਾ ਕੰਮ ਮੁਕਾ ਕੇ ਲੱਛੀ ਕਦੋਂ ਦੀ ਚਲੀ ਗਈ ਏ। ਉਹਦੀ ਅਣਹੋਂਦ ਮੈਨੂੰ ਦੁਖਾਈ ਰੱਖਦੀ ਏ। ਉਹ ਆਪਣਾਂ ਦੁੱਖ ਸੁੱਖ ਮੇਰੇ ਨਾਲ ਸਾਂਝਾ ਕਰਕੇ, ਮਨ ਹੌਲਾ ਕਰਕੇ ਚਲੀ ਜਾਂਦੀ ਏ। ਇਸ ਪੱਥਰਾਂ ਦੇ ਸ਼ਹਿਰ ਵਿੱਚ ਲੋਕ ਵੀ ਪੱਥਰ ਦਿਲ ਨੇ। ਕਿਸੇ ਕੋਲ ਇੱਕ ਦੂਜੇ ਲਈ ਕੋਈ ਵਿਹਲ ਨਹੀਂ। ਸ਼ਾਮ ਦੀ ਸੈਰ ਕਰਨ ਜਾਂਦੀ ਆਂ ਤਾਂ ਲੋਕ ਕੋਲੋਂ ਦੀ ਕਾਹਲੀ ਕਾਹਲੀ ਲੰਘ ਜਾਂਦੇ ਨੇ। ਇੱਕ ਦੂਜੇ ਦਾ ਦੁੱਖ ਸੁੱਖ ਸੁਣਨ ਲਈ ਕਿਸੇ ਕੋਲ ਵਿਹਲ ਨਹੀਂ।

ਮੈਂ ਆਪਣੇ ਪੁੱਤਰ ਰਾਕੇਸ਼ ਨੂੰ ਬੜੇ ਜ਼ੋਖਮਾਂ ਨਾਲ ਪਾਲਿਆ ਏ। ਜੀਹਦੇ ਕੋਲ ਮੇਰੇ ਲਈ ਦੋ ਪਲ ਦਾ ਵਿਹਲ ਨਹੀਂ। ਉਸ ਲਈ ਮੈਂ ਸਾਰੀ ਜਿੰਦਗੀ ਦਾਅ ਤੇ ਲਾ ਛੱਡੀ ਸੀ। ਇਸ ਨੂੰ ਇੰਜੀਨੀਅਰ ਬਣਾਉਣਾਂ ਮੇਰੇ ਲਈ ਡੂੰਘੇ ਸਮੁੰਦਰ ਵਿੱਚੋ ਹੀਰਾ ਲੱਭਣ ਸਮਾਨ ਸੀ। ਇਹੋ ਕੁੱਝ ਸੋਚ ਸੋਚ ਕੇ ਮੇਰੇ ਮਨ ਦੀਆਂ ਡੂੰਘਾਣਾਂ ਵਿੱਚ ਅਸਹਿ ਦਰਦ ਉਠਦਾ ਏ। ਜਦੋਂ ਇਹ ਦਰਦ ਉਠਦਾ ਏ ਤਾਂ ਮੈਂ ਅਤੀਤ ਦੇ ਝੁੰਗਲਮਾਟੇ ਵਿੱਚ ਜਾ ਵੜਦੀ ਆਂ।

.......... ਤੇ ਮੇਰੀ ਰੂਹ ਕੰਬ ਉਠਦੀ ਏ।

ਮੇਰੇ ਸਕੂਲ ਦੇ ਦਿਨਾਂ ਦੀ ਗੱਲ ਏ। ਮੈਂ ਪੜ੍ਹਾਈ ਵਿੱਚ ਬੜੀ ਹੁਸ਼ਿਆਰ ਹੁੰਦੀ ਸੀ। ਹਾਈ ਸਕੂਲ ਪੁੱਜਦਿਆਂ ਤੱਕ ਮੈਂ ਫਸਟ ਡਵੀਜ਼ਨ ਵਿੱਚ ਹੀ ਪਾਸ ਹੁੰਦੀ ਸਾਂ। ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਵੀ ਮੇਰੀ ਸ਼ਮੂਲੀਅਤ ਹੁੰਦੀ ਸੀ। ਮੈਂ ਖੇਡਾਂ ਵਿੱਚ ਵੀ ਹਿੱਸਾ ਲੈਂਦੀ। ਮੈਂ ਸਾਰੀ ਕਲਾਸ ਵਿੱਚੋਂ ਸੋਹਣੀ ਸਾਂ।

ਸਾਡੇ ਘਰ ਦੇ ਪਿਛਵਾੜੇ ਇੱਕ ਗੁੰਡਾ ਟਾਈਪ ਮੁੰਡਾ ਰਹਿੰਦਾ ਸੀ। ਪ੍ਰਕਾਸ਼, ਐਵੇਂ ਜਿਹਾ...ਬੇਢੱਬਾ ਜਿਹਾ....ਕੁਚੱਜਾ ਜਿਹਾ। ਉਹਦੀ ਆਪਣੇ ਮਾਂ ਪਿਓ ਨਾਲ ਅਕਸਰ ਲੜਾਈ ਰਹਿੰਦੀ। ਉਹਦੀ ਚਾਲ ਢਾਲ ਫਿਲਮੀਂ ਵਿਲੇਨ ਵਰਗੀ ਸੀ। ਸ਼ਾਇਦ ਉਹ ਜਿਆਦਾ ਫਿਲਮਾਂ ਵੇਖਦਾ ਸੀ। ਉਹ ਕੁੜੀਆਂ ਕੋਲੋਂ ਦੀ ਫਿਲਮੀ ਗੀਤ ਗੁਣਗੁਣਾਉਂਦਾ ਲੰਘਦਾ ।

ਉਸਦੇ ਦਿਲ ਵਿੱਚ ਮੁਹੱਲੇ ਦੀਆਂ ਕੁੜੀਆਂ ਲਈ ਕੋਈ ਇਜ਼ਤ ਨਹੀਂ ਸੀ। ਉਹਦੇ ਲਈ ਕੁੜੀਆਂ ਦੇ ਮਨ ਵਿੱਚ ਮਣਾਂ ਮੂੰਹੀ ਨਫਰਤ ਸੀ। ਉਹ ਮੈਟ੍ਰਿਕ ਤੱਕ ਵੀ ਪੜ੍ਹ ਨਹੀਂ ਸਕਿਆ ਸੀ। ਹੁਣ ਤਾਂ ਉਹ ਸੜਕਸ਼ਾਪ ਮਜਨੂੰ ਬਣ ਗਿਆ ਸੀ।

ਮੇਰੀ ਮਾੜੀ ਕਿਸਮਤ ਨੂੰ ਪ੍ਰਕਾਸ਼ ਮੇਰੇ ਮਗਰ ਹੱਥ ਧੋ ਕੇ ਪੈ ਗਿਆ। ਮੈਨੂੰ ਆਉਂਦੀ ਜਾਂਦੀ ਨੂੰ ਛੇੜਦਾ ਰਹਿੰਦਾ। ਮੈਂ ਉਸ ਤੋਂ ਸਹਿਮ ਸਹਿਮ ਜਾਂਦੀ। ਉਸ ਨੇ ਸਾਰੀ ਸ਼ਰਮ ਛਿੱਕੇ ਟੰਗ ਦਿੱਤੀ ਸੀ। ਮੈਂ ਬੀ.ਏ. ਸੈਕਿੰਡ ਈਅਰ ਵਿੱਚ ਹੋਈ ਤਾਂ ਮੇਰੇ ਅੰਗਾਂ ਵਿੱਚ ਲੋਹੜੇ ਦਾ ਨਿਖਾਰ ਆ ਗਿਆ। ਪ੍ਰਕਾਸ਼ ਮੈਨੂੰ ਹਸਰਤ ਭਰੀਆਂ ਨਜ਼ਰਾਂ ਨਾਲ ਤੱਕਦਾ ਰਹਿੰਦਾ। ਮੈਂ ਉਸ ਤੋਂ ਅੰਤਾਂ ਦੀ ਪ੍ਰੇਸ਼ਾਨ ਸਾਂ। ਰਾਹਾਂ ਵਿੱਚ ਮੈਨੂੰ ਉਹ ਕਿਸੇ ਨਾ ਕਿਸੇ ਬਹਾਨੇ ਬਲਾਉਂਦਾ ਰਹਿੰਦਾ। ਉਸ ਦੀ ਭੈੜੀ ਸ਼ਕਲ ਤੋਂ ਮੈਨੂੰ ਅੰਤਾਂ ਦੀ ਨਫਰਤ ਸੀ। ਮੈਂ ਉਸ ਨੂੰ ਇੱਕ ਦਿਨ ਸਾਫ ਕਹਿ ਦਿੱਤਾ ਕਿ ਉਹ ਮੈਨੂੰ ਕਦੇ ਵੀ ਬੁਲਾਉਂਣ ਦੀ ਕੋਸ਼ਿਸ਼ ਨਾ ਕਰੇ। ਗੁੱਸੇ ਵਿੱਚ ਉਸਦਾ ਬੇਢੱਬਾ ਚਿਹਰਾ ਤਮਤਮਾ ਉਠਿੱਆ।

ਮੈਂ ਤਾਂ ਜਿੰਦਗੀ ਵਿੱਚ ਕੁਝ ਬਣਨਾ ਸੋਚਿਆ ਸੀ। ਮੈਂ ਸੋਚਦੀ ਪੜ੍ਹ ਲਿਖ ਕੇ ਟੀਚਰ ਬਣਾਂਗੀ। ਮੈਨੂੰ ਬੱਚਿਆਂ ਨੂੰ ਪੜ੍ਹਾਉਣ ਦਾ ਬਹੁਤ ਚਾਅ ਸੀ। ਇਹੋ ਟੀਚਾ ਮਿੱਥ ਕੇ ਮੈਂ ਤਨ ਮਨ ਨਾਲ ਪੜ੍ਹਾਈ ਕਰ ਰਹੀ ਸਾਂ।

ਕਈਆਂ ਦਿਨਾਂ ਤੋਂ ਪ੍ਰਕਾਸ਼ ਮੇਰੇ ਬਹੁਤ ਹੀ ਮਗਰ ਪੈ ਗਿਆ ਸੀ। ਘਰੋਂ ਨਿਕਲਦਿਆਂ ਅਤੇ ਬੱਸ ਸਟੈਂਡ ਤੱਕ ਪੁੱਜਦਿਆਂ ਉਹ ਪਰਛਾਵੇ ਵਾਂਗ ਮੇਰੇ ਨਾਲ ਨਾਲ ਚੱਲਦਾ। ਉਹ ਬੱਸ ਵਿੱਚ ਵੀ ਮੇਰੇ ਨਾਲ ਚੜ੍ਹ ਜਾਂਦਾ। ਕਈ ਵਾਰ ਬੱਸ ਵਿੱਚ ਭੀੜ ਹੁੰਦੀ। ਮੈਨੂੰ ਬੱਸ ਵਿੱਚ ਖੜ੍ਹਨਾ ਪੈ ਜਾਂਦਾ। ਉਹ ਬੱਸ ਵਿੱਚ ਜਾਣ ਬੁੱਝ ਕੇ ਮੇਰੇ ਸਰੀਰ ਨਾਲ ਖਹਿਣ ਦੀ ਕੋਸ਼ਿਸ਼ ਕਰਦਾ। ਇਸ ਤਰਾਂ ਹੀ ਘਰ ਤੋਂ ਕਾਲਿਜ ਤੱਕ ਕਾਲਿਜ ਤੋਂ ਘਰ ਤੱਕ ਮੈਨੂੰ ਇਉਂ ਮਹਿਸੂਸ ਹੁੰਦਾ ਕਿ ਜਿਵੇਂ ਕੋਈ ਪ੍ਰੇਤ ਮੇਰੇ ਸਿਰ ਤੇ ਮੰਡਰਾ ਰਿਹਾ ਹੋਵੇ। ਮੈਂ ਕਿਸੇ ਅਣਜਾਣੇ ਡਰ ਨਾਲ ਸਹਿਮ ਸਹਿਮ ਜਾਂਦੀ। ਪ੍ਰਕਾਸ਼ ਜਿੰਨਾਂ ਮੈਨੂੰ ਤੰਗ ਕਰਦਾ ਉਨੀਂ ਹੀ ਉਹਦੇ ਪ੍ਰਤੀ ਨਫਰਤ ਮੇਰੇ ਮਨ ਵਿੱਚ ਭਰਦੀ ਜਾਂਦੀ। ਪ੍ਰਕਾਸ਼ ਦੀ ਗੁੰਡਾਗਰਦੀ ਦੀ ਕਦੇ ਮੈਂ ਘਰ ਵਿੱਚ ਗੱਲ ਨਾ ਕਰਦੀ। ਮੈਂ ਸੋਚਦੀ ਸਾਂ ਆਪੇ ਹੰਭ ਹਾਰ ਕੇ ਹਟ ਜਾਏਗਾ।

ਬੀ.ਏ.ਸੈਕਿੰਡ ਈਅਰ ਵਿੱਚੋਂ ਮੈਂ ਪਾਸ ਹੋ ਗਈ ਸਾਂ। ਮੈਂ ਬੀ.ਏ.ਫਾਈਨਲ ਵਿੱਚ ਦਾਖਲਾ ਲੈ ਲਿਆ ਸੀ। ਇਸ ਸਾਲ ਰੱਬ ਨੇ ਸਾਡੇ ਉਤੇ ਕਹਿਰ ਵਰਤਾਇਆ। ਡੈਡੀ ਦੀ ਇੱਕ ਐਕਸੀਡੈਂਟ ਨਾਲ ਮੌਤ ਹੋ ਗਈ। ਮੇਰੇ ਸੀਨੇ ਤੇ ਅੱਜ ਵੀ ਉਹ ਸੀਨ ਹੁ-ਬ-ਹੂ ਉਕਰਿਆ ਪਿਆ ਏ ਜਦੋਂ ਡੈਡੀ ਦੀ ਮੌਤ ਦੀ ਖਬਰ ਸੁਣ ਕੇ ਮੰਮੀ ਕੰਧ ਨਾਲ ਟੱਕਰ ਮਾਰ ਕੇ ਬੇਹੋਸ਼ ਹੋ ਗਈ ਸੀ। ਬਾਅਦ ਵਿੱਚ ਉਹ ਗਹਿਰੇ ਸਦਮੇਂ ਕਾਰਨ ਨੀਮ ਪਾਗਲ ਜਿਹੀ ਹੋ ਗਈ ਸੀ।

ਮੈਂ ਘਰ ਵਿੱਚ ਸਾਰਿਆਂ ਤੋਂ ਵੱਡੀ ਸਾਂ। ਮੈਥੋਂ ਛੋਟੇ ਦੋ ਭੈਣ ਭਰਾ ਸਨ। ਮੰਮੀ ਅਕਸਰ ਬਿਮਾਰ ਰਹਿਣ ਲੱਗ ਪਈ ਸੀ। ਇਹਨਾਂ ਸਾਰਿਆਂ ਦੀ ਜਿੰਮੇਵਾਰੀ ਮੇਰੇ ਉਪਰ ਆਣ ਪਈ ਸੀ। ਮੈਂ ਡੈਡੀ ਨੂੰ ਯਾਦ ਕਰਦਿਆਂ ਛਮ-ਛਮ ਅੱਥਰੂ ਕੇਰਦੀ ਰਹਿੰਦੀ। ਸਰਕਾਰੀ ਹਦਾਇਤਾਂ ਅਨੁਸਾਰ ਡੈਡੀ ਦੇ ਦਫਤਰ ਵਾਲਿਆਂ ਨੇ ਮੈਨੂੰ ਤਰਸ ਦੇ ਅਧਾਰ ਤੇ ਕਲਰਕ ਭਰਤੀ ਕਰ ਲਿਆ ਸੀ।

ਮੈਂ ਅਣਮੰਨੇ ਜਿਹੇ ਮਨ ਨਾਲ ਦਫਤਰ ਜਾਣ ਲੱਗੀ ਸਾਂ। ਫਿਰ ਕੁਝ ਹੀ ਦਿਨ ਬੀਤੇ ਸਨ ਕਿ ਮੈਨੂੰ ਮਹਿਸੂਸ ਹੋਣ ਲੱਗਾ ਕਿ ਦਫਤਰ ਵਿੱਚ ਪਾੜ ਖਾਣੀਆਂ ਨਜ਼ਰਾਂ ਮੇਰੇ ਜਿਸਮ ਦੇ ਆਰ ਪਾਰ ਹੁੰਦੀਆਂ ਰਹਿੰਦੀਆਂ ਨੇ। ਆਲੇ ਦੁਆਲੇ ਬੈਠੇ ਬਾਬੂ ਤਕਰੀਬਨ ਦੋਹਰੇ ਅਰਥਾਂ ਵਾਲੇ ਸ਼ਬਦ ਬੋਲਦੇ ਰਹਿੰਦੇ। ਕਈ ਵਾਰ ਉਹ ਇੰਨਾਂ ਅੱਗੇ ਵੱਧ ਜਾਂਦੇ ਜਿਥੇ ਸ਼ਰਮ ਨਾਂ ਦੀ ਕੋਈ ਚੀਜ਼ ਨਾ ਹੋਵੇ। ਇਹਨਾਂ ਬਾਬੂਆਂ ਦੀ ਨਜ਼ਰ ਤੋਂ ਮੈਂ ਆਪਣੇ ਆਪ ਨੂੰ ਸਮੇਟੀ ਰੱਖਦੀ। ਇਹਨਾਂ ਵਿੱਚ ਉਹ ਬਾਬੂ ਵੀ ਹੁੰਦੇ ਜਿਹੜੇ ਕਈ ਵਾਰ ਡੈਡੀ ਨਾਲ ਸਾਡੇ ਘਰ ਆ ਚੁੱਕੇ ਸਨ ਅਤੇ ਬੜੇ ਪਿਆਰ ਨਾਲ ਮੈਨੂੰ ਬੇਟੀ ਕਹਿ ਕੇ ਬੁਲਾਉਂਦੇ ਸਨ। ਪਰ ਮੈਂ ਕਿਸੇ ਵੱਲ ਬਹੁਤਾ ਧਿਆਨ ਨਾ ਦਿੰਦੀ। ਮੈਂ ਨੀਵੀਆਂ ਪਾ ਕੇ ਆਪਣੇ ਕੰਮ ਵਿੱਚ ਰੁੱਝੀ ਰਹਿੰਦੀ।

ਡੈਡੀ ਦੀ ਮੌਤ ਤੋਂ ਬਾਅਦ ਤਾਂ ਪ੍ਰਕਾਸ਼ ਹੋਰ ਵੀ ਬੇਮੁਹਾਰਾ ਹੋ ਗਿਆ ਸੀ। ਰਸਤੇ ਵਿੱਚ ਉਹ ਮੈਨੂੰ ਛੇੜਦਾ ਰਹਿੰਦਾ। ਮੈਂ ਖਾਮੋਸ਼ ਰਹਿੰਦੀ। ਮੇਰੀ ਇਸ ਖਾਮੋਸ਼ੀ ਦਾ ਖਬਰੇ ਉਸ ਨੇ ਕੀ ਅੰਦਾਜ਼ਾ ਲਾ ਲਿਆ। ਇੱਕ ਦਿਨ ਸ਼ਾਮ ਦੇ ਘੁਸਮੁੱਸੇ ਜਿਹੇ ਵਿੱਚ ਜਦੋਂ ਮੈਂ ਬਜ਼ਾਰ ਤੋਂ ਵਾਪਸ ਆ ਰਹੀ ਸਾਂ ਤਾਂ ਉਸਨੇ ਗਲੀ ਦੇ ਮੋੜ ਤੇ ਮੇਰੀ ਬਾਂਹ ਫੜ ਲਈ। ਮੈਨੂੰ ਉਸ ਨੇ ਧਿੰਗੋਜ਼ੋਰੀ ਆਪਣੀਆਂ ਬਾਹਾਂ ਵਿੱਚ ਘੁੱਟਣਾਂ ਚਾਹਿਆ। ਪਰ ਪਤਾ ਨਹੀਂ ਕਿਥੋ ਮੇਰੇ ਅੰਦਰ ਤਾਕਤ ਆ ਗਈ। ਮੈਂ ਕਾਅੜ ਕਰਦਾ ਚਾਂਟਾ ਉਸਦੇ ਮੂੰਹ ਤੇ ਜੜ ਦਿੱਤਾ। ਉਸ ਨੇ ਮੈਨੂੰ ਛੱਡ ਦਿੱਤਾ ਤੇ ਮੇਰੇ ਵੱਲ ਕੌੜ ਨਜ਼ਰਾਂ ਨਾਲ ਝਾਕਣ ਲੱਗਿਆ। ਮੈਂ ਇਹ ਸਮਾਂ ਵੀ ਅਜ਼ਾਈਂ ਨਾਂ ਜਾਣ ਦਿੱਤਾ। ਮੈਂ ਉਹਦੇ ਮੂੰਹ ਤੇ ਥੁੱਕਿਆ ਅਤੇ ਤੇਜ਼ ਕਦਮਾਂ ਨਾਲ ਆਪਣੇ ਘਰ ਆਣ ਵੜੀ। ਮੈਂ ਘਰ ਵਿੱਚ ਇਸ ਬਾਰੇ ਕੋਈ ਗੱਲ ਨਹੀਂ ਕੀਤੀ ਸੀ। ਮੰਮੀ ਉਂਜ ਨੀਮ ਪਾਗਲ ਜਿਹੀ ਸੀ। ਛੋਟੇ ਭੈਣ ਭਰਾ ਕੁੱਝ ਵੀ ਕਰਨ ਜੋਗੇ ਨਹੀਂ ਸਨ।

ਉਸ ਦਿਨ ਤੋਂ ਬਾਅਦ ਕਦੇ ਪ੍ਰਕਾਸ਼ ਮੇਰੇ ਰਾਹਾਂ ਵਿੱਚ ਨਹੀਂ ਆਇਆ ਸੀ। ਉਹ ਕਿੰਨੇ ਹੀ ਦਿਨਾਂ ਤੋਂ ਮੁਹੱਲੇ ਵਿੱਚੋਂ ਗਾਇਬ ਸੀ। ਪਰ ਡਰ ਨਾਲ ਮੈਂ ਸਹਿਮੀ ਪਈ ਸਾਂ। ਸੋਚਦੀ ਸਾਂ ਪਤਾ ਨਹੀਂ ਬਦਲਾ ਲੈਣ ਲਈ ਉਹ ਕੀ ਕੁੱਝ ਕਰੇ।

ਇੱਕ ਦਿਨ ਹੱਦ ਹੀ ਹੋ ਗਈ ਸੀ। ਸ਼ਰਾਬੀ ਹਾਲਤ ਵਿੱਚ ਪ੍ਰਕਾਸ਼ ਸਾਡੇ ਘਰ ਦੇ ਮੂਹਰੇ ਗਾਲ੍ਹਾਂ ਕੱਢ ਰਿਹਾ ਸੀ। ਉਹ ਮੇਰਾ ਨਾਂ ਲੈ ਲੈ ਕੇ ਗਾਲ੍ਹਾਂ ਕੱਢ ਰਿਹਾ ਸੀ। ਮੇਰੇ ਚਾਲ ਚੱਲਣ ਤੇ ਤਰਾਂ ਤਰਾਂ ਦੇ ਇਲਜ਼ਾਮ ਲਾ ਰਿਹਾ ਸੀ। ਮੈਂ ਅੰਦਰ ਵੜ ਕੇ

ਡੈਡੀ ਨੂੰ ਯਾਦ ਕਰਦਿਆਂ ਹੁਬਕੀਂ ਹੁਬਕੀਂ ਰੋਣ ਲੱਗੀ ਸਾਂ। ਅਸੀਂ ਡਰਦਿਆਂ ਅੰਦਰੋਂ ਕੁੰਡੀ ਮਾਰ ਲਈ ਸੀ। ਫਿਰ ਚੁੱਪ ਵਰਤ ਗਈ ਸੀ। ਸ਼ਾਇਦ ਪ੍ਰਕਾਸ਼ ਗਾਲ੍ਹਾਂ ਕੱਢ ਕੇ ਉਥੋਂ ਚਲਾ ਗਿਆ ਸੀ। ਫਿਰ ਬਾਹਰ ਕੋਈ ਗੱਡੀ ਆਉਣ ਦੀ ਅਵਾਜ਼ ਆਈ। ਇਹ ਪੁਲਿਸ ਸੀ। ਸ਼ਾਇਦ ਕਿਸੇ ਨੇ ਪੁਲਿਸ ਨੂੰ ਫੋਨ ਕਰ ਦਿੱਤਾ ਸੀ। ਪ੍ਰਕਾਸ਼ ਉੱਥੋਂ ਰਫੂ ਚੱਕਰ ਹੋ ਚੁੱਕਾ ਸੀ।

ਤੁਸੀਂ ਫਿਕਰ ਨਾ ਕਰੋ। ਮੈਂ ਉਸ ਦੀ ਸਾਰੀ ਬਦਮਾਸ਼ੀ ਕੱਢ ਦਿਆਂਗਾ। ਉਸ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਤੁੰਨ ਦਿਆਂਗਾ। ਥਾਣੇਦਾਰ ਨੇ ਬੜੀ ਮਿੱਠੀ ਅਵਾਜ਼ ਵਿੱਚ ਮੈਨੂੰ ਹੌਂਸਲਾ ਦਿੱਤਾ ਸੀ। ਉਸ ਨੇ ਮੈਨੂੰ ਥਾਣੇ ਆ ਕੇ ਬਿਆਨ ਲਿਖਵਾਉਣ ਲਈ ਕਿਹਾ ਸੀ।

ਮੈਨੂੰ ਡੈਡੀ ਦੀ ਯਾਦ ਵਾਰ ਵਾਰ ਸਤਾਉਂਦੀ। ਡੈਡੀ ਸਾਨੂੰ ਸਾਰਿਆਂ ਨੂੰ ਬਹੁਤ ਪਿਆਰ ਕਰਦੇ ਸਨ। ਪਰ ਮੌਤ ਦੇ ਜ਼ਾਲਮ ਪੰਜੇ ਨੇ ਸਾਥੋਂ ਡੈਡੀ ਖੋਹ ਲਿਆ ਸੀ। ਮੈਂ ਫਿਰ ਹੁਬਕੀਂ ਹੁਬਕੀਂ ਰੋਣ ਲੱਗੀ ਸਾਂ।

ਦੂਜੇ ਦਿਨ ਮੈਂ ਪ੍ਰਕਾਸ਼ ਦੀਆਂ ਜ਼ਿਆਦਤੀਆਂ ਬਾਰੇ ਥਾਣੇ ਵਿੱਚ ਸਭ ਕੁੱਝ ਲਿਖ ਕੇ ਦੇ ਆਈ ਸਾਂ। ਥਾਣੇਦਾਰ ਨੂੰ ਮੈਂ ਆਪਣੇ ਡੈਡੀ ਦੀ ਮੌਤ ਬਾਰੇ,ਮੰਮੀ ਦੀ ਸਦਮੇ ਵਿੱਚ ਹੋਈ ਨੀਮ ਪਾਗਲਾਂ ਵਾਲੀ ਹਾਲਤ ਬਾਰੇ ਅਤੇ ਮੈਂ ਘਰ ਵਿੱਚੋਂ ਸਭ ਤੋਂ ਵੱਡੀ ਹੋਣ ਦੇ ਨਾਤੇ ਘਰ ਦੀਆਂ ਜਿੰਮੇਵਾਰੀਆਂ ਬਾਰੇ ਖੁਲ੍ਹ ਕੇ ਦੱਸ ਦਿੱਤਾ ਸੀ। ਨਾਲ ਹੀ ਪ੍ਰਕਾਸ਼ ਜਿਹੇ ਬਦਮਾਸ਼ ਤੋਂ ਖਹਿੜਾ ਛੁਡਾਉਂਣ ਦਾ ਵਾਸਤਾ ਵੀ ਪਾਇਆ ਸੀ। ਥਾਣੇਦਾਰ ਨੇ ਮੈਨੂੰ ਪੂਰਾ ਹੌਂਸਲਾ ਦਿੱਤਾ ਸੀ ਕਿ ਅੱਜ ਤੋਂ ਬਾਅਦ ਪ੍ਰਕਾਸ ਮੇਰੇ ਰਾਹਾਂ ਵਿੱਚ ਨਹੀਂ ਆਏਗਾ।

ਪੁਲਿਸ ਨੇ ਛੇਤੀ ਹੀ ਪ੍ਰਕਾਸ਼ ਨੂੰ ਕਾਬੂ ਕਰ ਲਿਆ ਸੀ। ਮੁਹੱਲੇ ਦੇ ਕੁੱਝ ਸਿਆਣੇ ਬੰਦੇ ਵਿੱਚ ਪੈ ਗਏ ਸਨ। ਉਹਨਾਂ ਨੇ ਪ੍ਰਕਾਸ਼ ਤੋਂ ਲਿਖਤੀ ਮੁਆਫੀਨਾਮਾ ਵੀ ਦਿਵਾ ਦਿੱਤਾ ਸੀ। ਮੈਂ ਵੀ ਕੋਰਟ ਕਚਿਹਰੀਆਂ ਦੇ ਚੱਕਰਾਂ ਵਿੱਚ ਨਹੀਂ ਪੈਣਾਂ ਚਾਹੁੰਦੀ ਸੀ। ਇਸ ਲਈ ਮੈਂ ਰਾਜੀਨਾਮਾ ਲਿਖ ਦਿੱਤਾ। ਇਸ ਤਰਾਂ ਪ੍ਰਕਾਸ਼ ਜੇਲ੍ਹ ਵਿੱਚੋਂ ਛੁੱਟ ਆਇਆ।

ਉਸ ਦਿਨ ਤੋਂ ਬਾਅਦ ਪ੍ਰਕਾਸ਼ ਮੈਨੂੰ ਮੁਹੱਲੇ ਵਿੱਚ ਕਦੇ ਵੀ ਦਿਖਾਈ ਨਾ ਦਿੱਤਾ। ਸਾਡੇ ਮੁਹੱਲੇ ਵਿਚਲੀ ਤੀਸਰੀ ਗਲੀ ਵਿੱਚ ਸਾਡੇ ਦਫਤਰ ਵਿੱਚ ਕੰਮ ਕਰਦਾ ਜੁਗਿੰਦਰ ਸਿੰਘ ਰਹਿੰਦਾ ਸੀ। ਅੰਤਾਂ ਦਾ ਚੁਗਲਖੋਰ। ਉਸ ਨੇ ਮੇਰੇ ਨਾਲ ਹੋਈ ਬੀਤੀ ਬਾਰੇ ਸਾਰੇ ਦਫਤਰ ਵਿੱਚ ਰੌਲਾ ਪਾ ਦਿੱਤਾ ਸੀ। ਇੱਧਰ ਮੁਹੱਲੇ ਵਾਲੇ ਵੀ ਮੇਰੀਆਂ ਖੰਭਾਂ ਦੀਆਂ ਡਾਰਾਂ ਬਣਾਉਂਦੇ ਰਹਿੰਦੇ। ਸਭ ਤੋਂ ਮੋਹਰੀ ਪ੍ਰਕਾਸ਼ ਦੇ ਘਰ ਵਾਲੇ ਸਨ। ਮੇਰਾ ਦਿਨ ਰਾਤ ਦਾ ਚੈਨ ਉੱਡ ਗਿਆ ਸੀ। ਮੇਰਾ ਸੁਭਾਅ ਵੀ ਅੰਤਾਂ ਦਾ ਚਿੜਚਿੜਾ ਹੁੰਦਾ ਜਾਂਦਾ ਸੀ। ਗੱਲ ਗੱਲ ਤੇ ਮੈਂ ਸਾਰਿਆਂ ਨਾਲ ਲੜ ਪੈਂਦੀ। ਮੈਨੂੰ ਕੋਈ ਚੀਜ਼ ਚੰਗੀ ਨਾ ਲੱਗਦੀ। ਮੈਨੂੰ ਆਪਣਾ ਆਪ ਘੁੰਮਣ ਘੇਰੀਆਂ ਵਿੱਚ ਫਸਿਆ ਮਹਿਸੂਸ ਹੁੰਦਾ।

ਡੈਡੀ ਦੀ ਮੌਤ ਹੋ ਜਾਣ ਤੱਕ ਮੈਂ ਬੀ.ਏ.ਫਾਈਨਲ ਕਰ ਚੁੱਕੀ ਸਾਂ। ਮੇਰਾ ਹੋਰ ਪੜ੍ਹਾਈ ਕਰਕੇ ਟੀਚਰ ਬਣਨ ਦਾ ਸੁਪਨਾ ਰੇਤ ਦੀ ਦੀਵਾਰ ਵਾਂਗ ਢਹਿ ਢੇਰੀ ਹੋ ਗਿਆ ਸੀ। ਹੁਣ ਤਾਂ ਸੋਹਲ ਜਿੰਦ ਨੂੰ ਭਾਰੀ ਜਿੰਮੇਵਾਰੀਆਂ ਨੇ ਆਣ ਘੇਰਿਆ ਸੀ। ਮੇਰੇ ਉਤੇ ਹਰ ਸਮੇਂ ਉਦਾਸੀ ਛਾਈ ਰਹਿੰਦੀ। ਮੈਨੂੰ ਨਾ ਘਰ ਸ਼ਾਂਤੀ ਮਿਲਦੀ ਨਾ ਦਫਤਰ। ਮੈਨੂੰ ਮੇਰੀ ਜਿੰਦਗੀ ਦਰਿਆ ਦੀਆਂ ਲਹਿਰਾਂ ਤੇ ਡੋਲਦੀ ਕਿਸ਼ਤੀ ਵਾਂਗ ਲੱਗਦੀ। ਕਈ ਵਾਰ ਸੋਚਦੀ ਖੁਦਕੁਸ਼ੀ ਕਰ ਲਵਾਂ। ਪਰ ਬਿਮਾਰ ਮੰਮੀ ਅਤੇ ਛੋਟੇ ਭੈਣ ਭਰਾ ਦਾ ਚਿਹਰਾ ਮੇਰੀਆਂ ਅੱਖਾਂ ਮੂਹਰੇ ਘੁੰਮ ਜਾਂਦਾ। ਮੈਂ ਸੋਚਦੀ ਕਿ ਕਿਸੇ ਕਮਰੇ ਵਿੱਚ ਬੰਦ ਹੋ ਜਾਵਾਂ। ਜਿਥੇ ਮੈਨੂੰ ਕੋਈ ਨਾ ਬੁਲਾਵੇ। ਮੇਰਾ ਚਿਹਰਾ ਦਿਨੋਂ ਦਿਨ ਕਾਲਾ ਪੈਂਦਾ ਜਾਂਦਾ। ਗ੍ਰਹਿਣ ਲੱਗੇ ਚੰਦ ਵਾਂਗ।

ਜਿਸ ਥਾਣੇਦਾਰ ਕੋਲ ਮੈਂ ਪ੍ਰਕਾਸ਼ ਵਿਰੁੱਧ ਬਿਆਨ ਦਿੱਤੇ ਸਨ। ਉਹ ਥਾਣੇਦਾਰ ਅਕਸਰ ਮੈਨੂੰ ਨਾਕੇ ਵਾਲੇ ਮੋੜ ਤੇ ਮਿਲਦਾ। ਮੈਨੂੰ ਵੇਖ ਵੇਖ ਕੇ ਉਹ ਆਪਣੀ ਪੋਚਵੀਂ ਪੱਗ ਸੰਵਾਰਨ ਲੱਗਦਾ। ਮੁੱਛਾਂ ਨੂੰ ਤਾਅ ਦਿੰਦਾ। ਨਿੰਮਾਂ ਨਿੰਮਾਂ ਮੁਸਕਰਾਉਂਦਾ। ਇਸ ਨਾਕੇ ਰਾਹੀਂ ਲੰਘਦਿਆਂ ਥੋੜ੍ਹੀ ਦੂਰ ਬੱਸ ਸਟਾਪ ਸੀ। ਜਿਥੋਂ ਮੈਂ ਅਕਸਰ ਬੱਸੀ ਫੜਨੀ ਹੁੰਦੀ ਸੀ। ਸਵੇਰੇ ਸ਼ਾਮ ਇਹ ਥਾਣੇਦਾਰ ਮੈਨੂੰ ਇਸ ਹੀ ਨਾਕੇ ਤੇ ਮਿਲਦਾ। ਇਉਂ ਜਾਪਦਾ ਜਿਵੇਂ ਚੌਵੀ ਘੰਟੇ ਇਸ ਦੀ ਇਥੇ ਹੀ ਡਿਊਟੀ ਹੋਵੇ।

''ਕੁੜੀਏ ਫਿਰ ਤਾਂ ਨਹੀਂ ਤੈਨੂੰ ਉਸ ਬਦਮਾਸ਼ ਨੇ ਕਦੇ ਤੰਗ ਕੀਤਾ ? ਅਚਾਨਕ ਸ਼ਾਮ ਵੇਲੇ ਨਾਕੇ ਵਿੱਚੋ ਲੰਘਦਿਆਂ ਉਸ ਨੇ ਮੈਨੂੰ ਪੁੱਛਿਆ ਸੀ। ਮੈਂ ''ਨਹੀਂ ਜੀ'' ਕਹਿ ਕੇ ਨੀਵੀਂਆਂ ਪਾਈ ਅੱਗੇ ਲੰਘ ਆਈ ਸਾਂ।

ਇੱਕ ਦਿਨ ਸਾਡੇ ਘਰ ਦੇ ਸਾਹਮਣੇ ਪੁਲਿਸ ਦੀ ਜਿਪਸੀ ਆ ਕੇ ਰੁੱਕੀ। ਇਸ ਵਿੱਚ ਉਹ ਥਾਣੇਦਾਰ ਸੀ। ਬਾਕੀ ਪੁਲਿਸ ਵਾਲੇ ਜਿਪਸੀ ਵਿੱਚ ਹੀ ਬੈਠੇ ਰਹੇ ਥਾਣੇਦਾਰ ਅੰਦਰ ਆਣ ਵੜਿਆ। ਉਹ ਸਿੱਧਾ ਸੋਫੇ ਤੇ ਆ ਬੈਠਾ '' ਮੈਂ ਕਿਹਾ ਤੁਹਾਨੂੰ ਕੋਈ ਪ੍ਰੇਸ਼ਾਨ ਹੀ ਨਾ ਕਰ ਰਿਹਾ ਹੋਵੇ। ਇਧਰੋਂ ਲੰਘਿਆ ਜਾ ਰਿਹਾ ਸਾਂ। ਸੋਚਿਆ ਤੁਹਾਡਾ ਹਾਲ ਚਾਲ ਹੀ ਪੁੱਛਦਾ ਜਾਵਾਂ''। ਉਸ ਨੇ ਮੇਰੇ ਵੱਲ ਵੇਖਦਿਆਂ ਕੁੰਢੀਆਂ ਮੁੱਛਾਂ ਨੂੰ ਤਾਅ ਦਿੱਤਾ ਤੇ ਮਿੰਨੀ ਮਿੰਨੀ ਮੁਸਕਰਾਹਟ ਨਾਲ ਪੁੱਛਿਆ। ਛੋਟੀ ਭੈਣ ਚਾਹ ਬਣਾਉਂਣ ਚਲੀ ਗਈ। ਛੋਟਾ ਭਰਾ ਆਪਣੇ ਦੋਸਤਾਂ ਨਾਲ ਖੇਡਣ ਗਿਆ ਹੋਇਆ ਸੀ। ਦੂਸਰੇ ਕਮਰੇ ਵਿੱਚ ਬਿਮਾਰ ਮੰਮੀ ਪਈ ਸੀ। ਇਸ ਦੌਰਾਨ ਉਹ ਇਧਰ ਉਧਰ ਦੀਆਂ ਮਾਰਦਾ ਰਿਹਾ। ਤੇ ਫਿਰ ਚਾਹ ਪੀ ਕੇ ਚਲਾ ਗਿਆ।

ਉਹਦੇ ਜਾਣ ਤੋਂ ਬਾਅਦ ਮੈਨੂੰ ਇਉਂ ਜਾਪਿਆ ਜਿਵੇਂ ਵਾੜ ਹੀ ਖੇਤ ਨੂੰ ਖਾਣ ਲਈ ਕਾਹਲੀ ਹੋਵੇ। ਲੋਕਾਂ ਦੀ ਜਾਨ ਮਾਲ ਦਾ ਰਾਖਾ ਮੇਰੀ ਇਜ਼ਤ ਤੇ ਡਾਕਾ ਮਾਰਨ ਲਈ ਕਾਹਲਾ ਸੀ। ਇੰਜ ਹੀ ਉਹ ਕੁੱਝ ਦਿਨਾਂ ਬਾਅਦ ਸਾਡੇ ਘਰ ਆਣ

ਧਮਕਦਾ। ਮੈਂ ਨਾਂ ਚਾਹੁੰਦਿਆਂ ਵੀ ਉਸ ਨੂੰ ਘਰੋਂ ਜਾਣ ਲਈ ਨਾ ਕਹਿ ਸਕਦੀ। ਮੁਹੱਲੇ ਵਾਲੇ ਸਾਡੇ ਘਰ ਥਾਣੇਦਾਰ ਨੂੰ ਆਉਂਦਿਆਂ ਜਾਂਦਿਆਂ ਵੇਖਦੇ ਰਹਿੰਦੇ।

........ਪਤਾ ਨਹੀਂ ਕੀ ਕੀ ਖੰਭਾਂ ਦੀਆਂ ਡਾਰਾਂ ਬਣਾਉਂਦੇ ਰਹਿੰਦੇ।

ਮੇਰੇ ਦਫਤਰ ਵਿੱਚ ਉਹ ਨਵਾਂ ਨਵਾਂ ਆਇਆ ਸੀ। ਉਹ ਅਕਸਰ ਮੇਰੇ ਨਾਲ ਗੱਲਾਂ ਮਾਰਨ ਆ ਜਾਂਦਾ। ਮੈਨੂੰ ਉਹ ਬੜਾ ਭੋਲਾ ਜਿਹਾ ਲੱਗਿਆ। ਉਹ ਮੈਨੂੰ ਪਿਆਰ ਭਰੀ ਨਜ਼ਰ ਨਾਲ ਤੱਕਦਾ। ਉਹਦੀ ਤੱਕਣੀ ਵਿੱਚ ਅਜੀਬ ਕਸ਼ਿਸ਼ ਸੀ। ਉਸਦੀ ਦੂਸਰੀ ਸ਼ਾਖਾ ਸੀ। ਪਰ ਅਸੀਂ ਬਹਿੰਦੇ ਇੱਕ ਹੀ ਹਾਲ ਵਿੱਚ ਸਾਂ। ਅਸੀਂ ਇੱਕ ਦੂਜੇ ਨੂੰ ਮਿਲਣ ਲੱਗੇ ਸਾਂ। ਸਾਡੀਆਂ ਮੁਲਾਕਾਤਾਂ ਉਥੇ ਵੀ ਹੋਣ ਲੱਗੀਆਂ ਜਿੱਥੇ ਸਾਡੇ ਤੋਂ ਇਲਾਵਾ ਕੋਈ ਨਾ ਹੁੰਦਾ।

ਅਨਿਲ ਦਾ ਮੇਰੀ ਜਿੰਦਗੀ ਵਿੱਚ ਆਉਣ ਕਾਰਨ ਜਿਵੇਂ ਮੈਥੋਂ ਰੁੱਠ ਕੇ ਜਾ ਚੁੱਕੀ ਬਹਾਰ ਫਿਰ ਵਾਪਸ ਆ ਗਈ ਸੀ। ਮੇਰਾ ਦੂਰ ਸੱਤ ਅਸਮਾਨਾਂ ਵਿੱਚ ਓਡਾਰੀਆਂ ਮਾਰਨ ਨੂੰ ਚਿੱਤ ਕਰਦਾ। ਆਲਾ ਦੁਆਲਾ ਮਹਿਕਾਂ ਬਿਖੇਰਦਾ ਲੱਗਦਾ। ਠੰਢੀਆਂ ਮਿਠੀਆਂ ਪੌਣਾਂ ਮੇਰੇ ਕੁਆਰੇ ਅੰਗਾਂ ਨੂੰ ਛੇੜ ਛੇੜ ਲੰਘਦੀਆਂ। ਮੈਂ ਚੱਲਦੀਆਂ,ਰੁਮਕਦੀਆਂ,ਠੰਢੀਆਂ ਪੌਣਾਂ ਨੂੰ ਆਪਣੇ ਕਲਾਵੇ ਵਿੱਚ ਭਰਨ ਦੀ ਕੋਸ਼ਿਸ਼ ਕਰਦੀ....ਖੀਵੀ ਖੀਵੀ ਹੋਈ ਰਹਿੰਦੀ। ਅਨਿਲ ਮੇਰੀ ਨਸ ਨਸ ਵਿੱਚ ਸਮਾ ਗਿਆ ਸੀ। ਪਲ ਪਲ ਸਹਿਕਦੀ ਜਿੰਦਗੀ ਹੁਣ ਮਹਿਕਾਂ ਬਿਖੇਰ ਰਹੀ ਸੀ। ਮੈਨੂੰ ਆਪਣਾ ਆਪ ਚੰਗਾ ਚੰਗਾ ਲੱਗਦਾ। ਸਮੇਂ ਦੇ ਥਪੇੜਿਆਂ ਦੀ ਮਾਰ ਸਹਿੰਦੇ ਨਿਸਲ ਹੋਏ ਜਿਸਮ ਵਿੱਚ ਹੁਣ ਫੁਰਤੀ ਭਰ ਗਈ ਸੀ।

ਸਾਰੇ ਦਫਤਰ ਵਿੱਚ ਮੇਰੇ ਅਤੇ ਅਨਿਲ ਦੇ ਪਿਆਰ ਦੀ ਚਰਚਾ ਸੀ। ਅਸੀਂ ਸ਼ਰੇਆਮ ਇੱਕ ਦੂਸਰੇ ਨੂੰ ਮਿਲਦੇ ਕੁੜੀਆਂ ਮੈਨੂੰ ਅਨਿਲ ਦਾ ਨਾਂ ਲੈ ਲੈ ਕੇ ਛੇੜਦੀਆਂ। ਮੈਨੂੰ ਚੰਗਾ ਚੰਗਾ ਲੱਗਦਾ। ਵੈਸੇ ਮੈਂ ਅਨਿਲ ਦਾ ਨਾਂ ਸੁਣ ਕੇ ਜਾਣ ਬੁੱਝ ਕੇ ਛੂਈ ਮੂਈ ਹੁੰਦੀ ਰਹਿੰਦੀ। ਪਰ ਮੇਰੇ ਅੰਦਰੋਂ ਖੁਸ਼ੀ ਦੇ ਫੁਆਰੇ ਫੁੱਟਦੇ ਰਹਿੰਦੇ। ਸਮਾਂ ਆਪਣੀ ਚਾਲ ਨਾਲ ਸਰਕ ਰਿਹਾ ਸੀ।

ਛੋਟੀ ਭੈਣ ਅਤੇ ਛੋਟਾ ਭਰਾ ਹੁਣ ਮੰਮੀ ਨੂੰ ਸੰਭਾਲਣ ਜੋਗੇ ਹੋ ਗਏ ਸਨ। ਮੰਮੀ ਪ੍ਰਤੀ ਮੇਰੀ ਜ਼ਿਮੇਵਾਰੀ ਕਾਫੀ ਘੱਟ ਗਈ ਸੀ। ਉਹ ਦੋਵੇਂ ਮੰਮੀ ਨੂੰ ਸਹੀ ਵਕਤ ਨਾਲ ਦਵਾਈ ਦਿੰਦੇ। ਕਈ ਵਾਰ ਉਹ ਆਪ ਹੀ ਉਸ ਨੂੰ ਹਸਪਤਾਲ ਦਿਖਾ ਲਿਆਉਂਦੇ। ਇਹਨਾਂ ਕੰਮਾਂ ਲਈ ਮੈਨੂੰ ਦਫਤਰ ਤੋਂ ਛੁੱਟੀ ਨਾ ਲੈਣੀ ਪੈਂਦੀ। ਇਸ ਤਰਾਂ ਉਹਨਾਂ ਨੂੰ ਮੰਮੀ ਪ੍ਰਤੀ ਜਿੰਮੇਵਾਰੀ ਨਿਭਾਉਂਦਿਆਂ ਵੇਖਦੀ ਤਾਂ ਮਨ ਬੜਾ ਹੀ ਸਕੂਨ ਮਿਲਦਾ।

ਕਈ ਵਾਰ ਅਨਿਲ ਮੈਨੂੰ ਆਪਣੇ ਘਰ ਲੈ ਜਾਂਦਾ। ਅਨਿਲ ਦੇ ਪੂਰੇ ਪਰਿਵਾਰ ਨੇ ਮੈਨੂੰ ਪਸੰਦ ਕੀਤਾ ਸੀ। ਅਨਿਲ ਵੀ ਸਾਡੇ ਘਰ ਆ ਜਾਂਦਾ। ਛੁੱਟੀ ਵਾਲੇ ਦਿਨ ਅਸੀਂ ਘੁੰਮਣ ਚਲੇ ਜਾਂਦੇ। ਮੁਹੱਲੇ ਵਾਲੇ ਮੇਰੇ ਬਾਰੇ ਤਰਾਂ ਤਰਾਂ ਦੀਆਂ ਗੱਲਾਂ ਕਰਦੇ ਰਹਿੰਦੇ। ਪਰ ਮੈਂ ਉਹਨਾਂ ਦੀ ਪਰਵਾਹ ਨਾ ਕਰਦੀ।

ਉਹ ਦਿਨ ਵੀ ਆਇਆ ਜਦੋਂ ਮੈਂ ਤੇ ਅਨਿਲ ਵਿਆਹ ਦੇ ਬੰਧਨਾਂ ਵਿੱਚ ਬੱਝ ਗਏ ਸਾਂ। ਦੋ ਸਾਲ ਹੁਸੀਨ ਸੁਪਨੇਂ ਵਾਗ ਬੀਤ ਗਏ ਸਨ।

ਇਹ ਉਸ ਦਿਨ ਦੀ ਗੱਲ ਏ,ਜਿਸ ਦਿਨ ਮੈਂ ਤੇ ਅਨਿਲ ਡਾਕਟਰ ਦਿਓਂ ਚੈਕ-ਅੱਪ ਕਰਵਾ ਕੇ ਨਿੱਕਲੇ ਸਾਂ। ਮੇਰਾ ਪੈਰ ਭਾਰੀ ਸੀ। ਬਾਹਰ ਨਿਕਲਦਿਆਂ ਹੀ ਉਹੋ ਥਾਣੇਦਾਰ ਸਾਨੂੰ ਮਿਲ ਪਿਆ। ਉਸ ਨੇ ਜਬਰਦਸਤੀ ਸਾਨੂੰ ਆਣ ਘੇਰਿਆ। ਉਹ ਮੇਰੇ ਵੱਲ ਵੇਖ ਕੇ ਮੁਸਕਰਾਇਆ ਅਤੇ ਬਾਅਦ ਵਿੱਚ ਅਨਿਲ ਨਾਲ ਹੱਥ ਮਿਲਾਇਆ। ਅਨਿਲ ਕਦੇ ਮੈਨੂੰ ਸਵਾਲੀਆਂ ਨਜ਼ਰਾਂ ਨਾਲ ਤੱਕਦਾ। ਕਦੇ ਥਾਣੇਦਾਰ ਵੱਲ। ਉਸ ਥਾਣੇਦਾਰ ਨਾਲ ਦੋ ਤਿੰਨ ਜਣੇ ਹੋਰ ਸਨ, ਜੋ ਥੋੜੀਂ ਦੂਰ ਹੀ ਖੜ੍ਹੇ ਸਨ। ਹਾਲ ਚਾਲ ਪੁੱਛਦਿਆਂ ਆਪਣੀਆਂ ਕੁੰਢੀਆਂ ਮੁੱਛਾਂ ਵਿੱਚ ਮੁਸਕੁਰਾਉਂਦਿਆਂ ਜਿਆਦਾਤਰ ਉਹ ਮੇਰੇ ਵੱਲ ਹੀ ਵੇਖਦਾ ਰਿਹਾ। ਮੇਰਾ ਚਿੱਤ ਬੜਾ ਕਾਹਲਾ ਜਿਹਾ ਪੈਂਦਾ ਜਾਂਦਾ। ਮੈਨੂੰ ਇਉਂ ਜਾਪਦਾ ਜਿਵੇਂ ਮੇਰਾ ਵਜੂਦ ਸਿੱਲ ਪੱਥਰ ਬਣ ਗਿਆ ਹੋਵੇ। ਉਹ ਖਹਿੜਾ ਨਹੀਂ ਛੱਡ ਰਿਹਾ ਸੀ। ਸਾਨੂੰ ਉਹ ਚਾਹ ਪਿਲਾਉਂਣ ਤੇ ਅੜਿਆ ਹੋਇਆ ਸੀ। ਆਖਰ ਅਸੀਂ ਕੋਈ ਮਜਬੂਰੀ ਦੱਸ ਕੇ ਉਸ ਤੋਂ ਖਹਿੜਾ ਛੁਡਾਇਆ।

ਇਹ ਕੌਣ ਸੀ.....? ਅਚਾਨਕ ਅਨਿਲ ਨੇ ਪ੍ਰਸ਼ਨ ਕਰ ਦਿੱਤਾ,ਜਿਸ ਲਈ ਮੈਂ ਹਰਗਿਜ਼ ਤਿਆਰ ਨਹੀਂ ਸਾਂ। ਉਹਨੂੰ ਕੀ ਆਖਦੀ ਕਿ ਇਹ ਸ਼ਖਸ਼ ਕੌਣ ਹੈ..? ਕੋਈ ਰਿਸ਼ਤਾ ਵੀ ਤਾਂ ਨਹੀਂ ਸੀ ਮੇਰਾ ਉਸ ਨਾਲ। ਆਖਰ ਮੈਂ ਅਲਫ ਤੋਂ ਬੇ ਤੱਕ ਸਾਰੀ ਕਹਾਣੀ ਅਨਿਲ ਨੂੰ ਸੁਣਾ ਦਿੱਤੀ। ਪਤਾ ਨਹੀਂ ਉਸ ਨੂੰ ਮੇਰੀ ਇਸ ਗੱਲ ਤੇ ਇਤਬਾਰ ਆਇਆ ਕਿ ਨਹੀਂ ਪਰ ਮੈਂ ਸੱਚੋ ਸੱਚ ਦੱਸ ਕੇ ਆਪਣੇ ਆਪ ਨੂੰ ਹੌਲਾ ਫੁੱਲ ਮਹਿਸੂਸ ਕਰ ਰਹੀ ਸਾਂ।

ਉਸ ਦਿਨ ਤੋਂ ਬਾਅਦ ਮੈਂ ਅਨਿਲ ਦੇ ਚਿਹਰੇ ਤੇ ਅਜੀਬ ਤਰਾਂ ਦਾ ਤਣਾਅ ਦੇਖਦੀ। ਸਾਡਾ ਇੱਕ ਹੀ ਦਫਤਰ ਸੀ,ਮੈਂ ਦੇਖਦੀ ਉਹ ਉਥੇ ਵੀ ਖਿੱਚਿਆ ਖਿੱਚਿਆ ਜਿਹਾ ਰਹਿੰਦਾ। ਉਹਦੀ ਬੋਲ-ਚਾਲ ਵਿੱਚ ਵੀ ਫਰਕ ਪੈਂਦਾ ਜਾਂਦਾ। ਕਿਸੇ ਅਣਜਾਣੇ ਡਰ ਨਾਲ ਮੇਰਾ ਸਾਹ ਸੁੱਕਿਆ ਰਹਿੰਦਾ।

''ਅਨਿਲ ਕੀ ਗੱਲ ਹੋਈ ਏ..? ਆਖਰ ਮੈਨੂੰ ਵੀ ਤਾਂ ਪਤਾ ਲੱਗੇ । ਇੱਕ ਦਿਨ ਮੈਂ ਅਨਿਲ ਦੇ ਗਲ ਵਿੱਚ ਆਪਣੀਆਂ ਬਾਹਾਂ ਪਾ ਕੇ ਪੁੱਛਿਆ। ਗੁੱਸੇ ਵੱਚ ਉਸ ਨੇ ਮੇਰੀਆਂ ਬਾਹਾਂ ਨੂੰ ਇਉਂ ਵਗਾਹ ਮਾਰਿਆ ਜਿਵੇਂ ਮੇਰੀਆਂ ਬਾਹਾਂ ਨਾ ਹੋਣ ਸਗੋਂ ਜ਼ਹਿਰੀਲੇ ਨਾਗ ਹੋਣ। ਉਹ ਕੁੱਝ ਨਾ ਬੋਲਿਆ। ਸਗੋਂ ਕਮਰੇ ਤੋਂ ਬਾਹਰ ਹੋ ਗਿਆ। ਮੈਂ ਅੰਦਰੋਂ ਦਰਵਾਜ਼ਾ ਬੰਦ ਕਰਕੇ ਅੰਤਾਂ ਦੀ ਰੋਈ ਸਾਂ। ਮੈਂ ਸੋਚਦੀ ''ਇਹ ਕੀ ਹੋ ਗਿਆ?

ਅਨਿਲ ਪਹਿਲਾਂ ਆਪਣੇ ਦੋਸਤਾਂ ਨਾਲ ਕਦੇ ਕਦੇ ਸ਼ਰਾਬ ਪੀਂਦਾ ਹੁੰਦਾ ਸੀ। ਮੈਂ ਇਸ ਗੱਲ ਦਾ ਕਦੇ ਬੁਰਾ ਨਹੀਂ ਮਨਾਇਆ ਸੀ। ਪਰ ਹੁਣ ਤਾਂ ਉਹ ਲਗਾਤਾਰ ਪੀਣ ਲੱਗਾ ਸੀ। ਨਸ਼ੇ ਵਿੱਚ ਉਸ ਦਾ ਤਮਤਮਾਇਆ ਚਿਹਰਾ ਮੈਨੂੰ ਘੂਰ ਘੂਰ ਵੇਖਦਾ । ਇੱਕ ਦਿਨ ਜਦੋਂ ਉਹ ਨਸ਼ੇ ਵਿੱਚ ਚੂਰ ਘਰ ਆ ਕੇ ਬੈਡ ਤੇ ਢੇਰੀ ਹੋ ਗਿਆ ਤਾਂ ਮੈਂ ਉਹਦੇ ਬੂਟ ਉਤਾਰਨ ਲੱਗ ਪਈ ਸਾਂ। ਉਸ ਨੇ ਅੱਖ ਪੁੱਟ ਕੇ ਮੇਰੇ ਵੱਲ ਵੇਖਿਆ। ਫਿਰ ਉਸ ਨੇ ਜ਼ੋਰ ਨਾਲ ਲੱਤ ਘੁੰਮਾਈ ਜਿਹੜੀ ਮੇਰੇ ਮੂੰਹ ਤੇ ਵੱਜੀ। ਚੀਕ ਮੇਰੇ ਸੰਘ ਵਿੱਚੋਂ ਨਿਕਲ ਗਈ। ਸਾਰੇ ਘਰ ਵਿੱਚ ਹੱਲਚੱਲ ਮੱਚ ਗਈ। ਪਰਿਵਾਰ ਦੇ ਮੈਂਬਰ ਸਾਡੇ ਆਲੇ ਦੁਆਲੇ ਇੱਕਠੇ ਹੋ ਗਏ ਸਨ। ਅਨਿਲ ਵੀ ਔਖਾ ਸੌਖਾ ਉਠ ਕੇ ਬੈਠ ਗਿਆ ਸੀ। ਉਹ ਮੈਨੂੰ ਗਾਲ੍ਹਾਂ ਕੱਢ ਰਿਹਾ ਸੀ। ਉਹ ਵਾਰ ਵਾਰ ਇੱਕੋ ਗੱਲ ਕਹਿੰਦਾ ਸੀ,"ਹਰਾਮਜ਼ਾਦੀਏ ਦੂਰ ਹੋ ਜਾ ਮੇਰੀਆਂ ਨਜ਼ਰਾਂ ਤੋਂ...। ਮੈਂ ਤ੍ਰਹਿੰਦੀ ਰਹੀ,ਸਹਿਮਦੀ ਰਹੀ। ਸਾਰੇ ਪਰਿਵਾਰ ਦੇ ਮੈਂਬਰ ਅਨਿਲ ਦੇ ਇਸ ਰੂਪ ਨੂੰ ਵੇਖ ਕੇ ਅੰਤਾਂ ਦੇ ਹੈਰਾਨ ਹੋ ਰਹੇ ਸਨ। ਉਹਨਾਂ ਨੇ ਉਸ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ,ਪਰ ਉਸ ਨੇ ਕਿਸੇ ਦੀ ਨਾਂ ਸੁਣੀ।

ਮੈਂ ਰੋਂਦੀ ਰਹੀ.... ਜ਼ਾਰੋ ਜ਼ਾਰ।

ਇੱਕ ਛੱਤ ਥੱਲੇ ਰਹਿੰਦਿਆਂ ਅਸੀ ਅਜਨਬੀਆਂ ਵਾਂਗ ਰਹਿਣ ਲੱਗੇ ਸਾਂ। ਅਨਿਲ ਅਤੇ ਮੇਰੀ ਹੁਣ ਜਿਵੇਂ ਕੋਈ ਸਾਂਝ ਨਹੀਂ ਸੀ। ਮੈਂ ਸਿਰ ਦੀ ਚੋਟੀ ਤੋਂ ਮੱਚ ਰਹੀ ਸਾਂ .....ਮੋਮਬੱਤੀ ਦੀ ਲਾਟ ਵਾਂਗ। ਦਿਨਾਂ ਵਿੱਚ ਹੀ ਮੇਰਾ ਚਿਹਰਾ ਧੁਆਂਖਿਆ ਗਿਆ ਸੀ। ਦਫਤਰ ਵਿੱਚ ਵੀ ਅਸੀਂ ਅਲੱਗ ਅਲੱਗ ਜਾਣ ਲੱਗ ਪਏ ਸਾਂ। ਮੈਂ ਅਕਸਰ ਦੇਖਦੀ ਅਨਿਲ ਜ਼ਿਆਦਾਤਰ ਸਾਡੇ ਮੁਹੱਲੇ ਵਾਲੇ ਜ਼ੋਗਿੰਦਰ ਕੋਲ ਬੈਠਾ ਰਹਿੰਦਾ। ਖੌਰੇ ਕੀ ਕੀ ਗੱਲਾਂ ਕਰਦੇ ਰਹਿੰਦੇ। ਆਖਰ ਕਦੋਂ ਤੱਕ ਗੱਲ ਛੁੱਪੀ ਰਹਿੰਦੀ । ਸਾਡੀ ਅਣਬਣ ਦੀ ਗੱਲ ਸਾਰੇ ਦਫਤਰ ਵਿੱਚ ਘੁੰਮ ਗਈ। ਆਖਰ ਮੈਂ ਦਫਤਰੋਂ ਲੰਮੀ ਛੁੱਟੀ ਲੈ ਲਈ ਅਤੇ ਆਪਣੀ ਮੰਮੀ ਕੋਲ ਆ ਗਈ। ਛੋਟੀ ਭੈਣ ਮੇਰਾ ਉੱਡਿਆ ਚਿਹਰਾ ਵੇਖ ਕੇ ਪੁੱਛਦੀ," ਦੀਦੀ ਕੀ ਗੱਲ ਏ"ਤੈਨੂੰ ਕੀ ਹੋ ਗਿਆ....? ਉਹ ਹੈਰਾਨੀ ਭਰੀਆਂ ਨਜ਼ਰਾਂ ਨਾਲ ਮੈਨੂੰ ਵੇਖ ਰਹੀ ਸੀ। ਪਰ ਉਸ ਨੇ ਮੇਰੇ ਉਭਰਦੇ ਪੇਟ ਵੱਲ ਨਜ਼ਰ ਮਾਰੀ, ਉਹਦੇ ਚਿਹਰੇ ਤੇ ਮੁਸਕਰਾਹਟ ਫੈਲ ਗਈ। ਅੱਗੋਂ ਉਹ ਕੁੱਝ ਨਾ ਬੋਲੀ। ਮੈਂ ਵੀ ਇਹੋ ਚਾਹੁੰਦੀ ਸਾਂ ਕਿ ਉਹ ਮੇਰੇ ਕੋਲੋਂ ਜਿਆਦਾ ਪੁੱਛ ਗਿੱਛ ਨਾ ਕਰੇ। ਬਿਮਾਰ ਮੰਮੀ ਨੇ ਤਾਂ ਕੀ ਪੁੱਛਣਾਂ ਸੀ। ਮੇਰਾ ਉਹਨੂੰ ਵੇਖ ਵੇਖ ਮਨ ਭਰ ਭਰ ਆਉਂਦਾ। ਡੈਡੀ ਦੀ ਰਹਿ ਰਹਿ ਕੇ ਯਾਦ ਆਉਂਦੀ। ਘੜੀ ਮੁੜੀ ਅੱਖਾਂ ਨਮ ਹੋ ਜਾਂਦੀਆਂ।

ਤਕਰੀਬਨ ਹਫਤੇ ਬਾਅਦ ਅਨਿਲ ਸਾਡੇ ਘਰ ਆਇਆ। ਉਹੋ ਤਮਤਮਾਇਆ ਚਿਹਰਾ। ਉਹੋ ਮੱਥੇ ਤੇ ਤਿਊੜੀਆਂ। ਮੈਂ ਡਰੀਆਂ ਤੇ ਸਹਿਮੀਆਂ ਨਜ਼ਰਾਂ ਨਾਲ ਉਸ ਨੂੰ ਵੇਖ ਰਹੀ ਸਾਂ। ਉਸ ਨੇ ਸ਼ਰਾਬ ਵੀ ਪੀਤੀ ਹੋਈ ਸੀ। ਛੋਟੀ ਭੈਣ ਰਸੋਈ ਵਿੱਚ ਸੀ। ਭਰਾ ਵੀ ਕਿੱਧਰੇ ਦੋਸਤਾਂ ਨਾਲ ਬਾਹਰ ਗਿਆ ਹੋਇਆ ਸੀ।

ਅਸੀਂ ਦੋਵੇਂ ਡਰਾਇੰਗ ਰੂਮ ਵਿੱਚ ਓਪਰਿਆਂ ਓਪਰਿਆਂ ਵਾਂਗ ਬੈਠੇ ਸਾਂ। ਦੋਵਾਂ ਪਾਸੇ ਚੁੱਪ ਪਸਰੀ ਹੋਈ ਸੀ।

''ਅਨਿਲ ਆਖਰ ਮੇਰਾ ਕਸੂਰ ਕੀ ਏ'' ਮੈਂ ਚੁੱਪ ਨੂੰ ਤੋੜਿਆ। ''ਹਰਾਮਜ਼ਾਦੀਏ.. ਕਸੂਰ ਪੁੱਛਦੀ ਏਂ...ਹਾਲੇ ਤੈਨੂੰ ਕਸੂਰ ਦਾ ਈ ਨੀਂ ਪਤਾ। ਪਹਿਲਾਂ ਤਾਂ ਮੈਂ ਚੁੱਪ ਰਿਹਾ ਪਰ ਹੁਣ ਚੁੱਪ ਨਹੀਂ ਰਹਾਂਗਾ। ਮੈਨੂੰ ਤੇਰੇ ਬਾਰੇ ਸਭ ਕੁੱਝ ਪਤਾ ਲੱਗ ਗਿਆ ਏ। ਪਹਿਲਾਂ ਤਾਂ ਮੈਂ ਪ੍ਰਕਾਸ਼ ਦੇ ਫੋਨ ਤੇ ਇਤਬਾਰ ਨਹੀਂ ਕੀਤਾ ਸੀ। ਪਰ ਹੁਣ ਮੈਨੂੰ ਸਾਰੇ ਸਬੂਤ ਆਪ ਹੀ ਮਿਲ ਗਏ ਨੇ।'' ਮੈਨੂੰ ਉਸ ਨੇ ਆਪਣੇ ਮੋਬਾਈਲ ਫੋਨ ਤੇ ਪ੍ਰਕਾਸ਼ ਦੀ ਰਿਕਾਰਡ ਕੀਤੀ ਅਵਾਜ਼ ਸੁਣਾ ਦਿੱਤੀ। ਸੁਣ ਕੇ ਮੈਂ ਪਾਣੀ ਪਾਣੀ ਹੋ ਗਈ। ਪ੍ਰਕਾਸ਼ ਨੇ ਮੇਰੇ ਅਤੇ ਥਾਣੇਦਾਰ ਬਾਰੇ ਬਹੁਤ ਵਧਾ ਚੜ੍ਹਾ ਕੇ ਗੱਲਾਂ ਕੀਤੀਆਂ ਹੋਈਆਂ ਸਨ। ਉਸ ਨੇ ਇਹ ਵੀ ਕਿਹਾ ਸੀ ਕਿ ਵਿਆਹ ਤੋਂ ਪਹਿਲਾਂ ਥਾਣੇਦਾਰ ਸਾਡੇ ਘਰ ਸ਼ਰੇਆਮ ਆਉਂਦਾ ਜਾਂਦਾ ਸੀ। ਉਸ ਨੇ ਅਨਿਲ ਨੂੰ ਇਹ ਵੀ ਤਾਕੀਦ ਕੀਤੀ ਹੋਈ ਸੀ ਕਿ ਜੇਕਰ ਉਸ ਨੂੰ ਉਸ ਤੇ ਇਤਬਾਰ ਨਹੀਂ ਤਾਂ ਉਹ ਮੁਹੱਲੇ ਦੇ ਹਰ ਸ਼ਖਸ਼ ਕੋਲੋਂ ਪੁੱਛ ਸਕਦਾ ਹੈ।

ਪ੍ਰਕਾਸ਼ ਦੇ ਲਗਾਏ ਹੋਏ ਇਲਜ਼ਾਮ ਸੁਣ ਕੇ ਗਰਮ ਸੁਰਖ ਲਾਵਾ ਮੇਰੇ ਸਰੀਰ ਵਿੱਚ ਲਹਿ ਗਿਆ।....ਜਿਵੇਂ ਮੇਰੀਆਂ ਲੱਤਾਂ ਰੇਤ ਦੀਆਂ ਬਣੀਆਂ ਹੋਣ...ਤੇ ਇਹ ਰੇਤ ਪਲ ਪਲ ਕਿਰਦਾ ਜਾ ਰਿਹਾ ਹੋਵੇ....ਤੇ ਜਿਵੇਂ ਮੈਂ ਧਰਤੀ ਵਿੱਚ ਗਰਕਦੀ ਜਾ ਰਹੀ ਹੋਵਾਂ। ਮੇਰੀਆਂ ਅੱਖਾਂ ਅੱਗੇ ਹਨੇਰਾ ਛਾਅ ਗਿਆ ਤੇ ਮੈਂ ਧੜੰਮ ਕਰਕੇ ਧਰਤੀ ਤੇ ਚੌਫਾਲ ਜਾ ਡਿੱਗੀ।

ਡਿੱਗਣ ਦਾ ਖੜਾਕਾ ਸੁਣ ਕੇ ਛੋਟੀ ਭੈਣ ਰਸੋਈ ਵਿੱਚੋਂ ਭੱਜੀ ਆਈ। ਉਸ ਨੇ ਮੈਨੂੰ ਪਾਣੀ ਪਿਲਾਇਆ। ਮੈਂ ਉਠ ਕੇ ਬੈਠ ਗਈ। ਹੁਣ ਮੈਂ ਕੁੱਝ ਸੁਰਤ ਵਿੱਚ ਸਾਂ।

"ਖੇਖਣ ਨਾ ਕਰ ਮੇਰੇ ਮੂਹਰੇ...ਸੁਣਿਆ ਈ...? ਆਹ ਲੈ ਫੜ ਤਲਾਕ ਦੇ ਪੇਪਰ ਸਾਈਨ ਕਰਦੇ ਇਹਨਾਂ ਤੇ। ਤਲਾਕ ਦਾ ਨਾਂ ਸੁਣਦਿਆਂ ਹੀ ਜਿਵੇਂ ਮੈਨੂੰ ਡੋਬੂ ਜਿਹੇ ਪੈਣ ਲੱਗੇ। ਛੋਟੀ ਭੈਣ ਅਨਿਲ ਦੇ ਇਸ ਵਰਤਾਓ ਬਾਰੇ ਵੇਖ ਕੇ ਜਿਵੇਂ ਦੰਗ ਰਹਿ ਗਈ। ਉਹਦੇ ਚਿਹਰੇ ਤੇ ਹੈਰਾਨੀ ਤੇ ਪ੍ਰੇਸ਼ਾਨੀ ਦੇ ਭਾਵ ਉਭਰ ਆਏ ਸਨ।

ਫਿਰ ਅਨਿਲ ਮੈਨੂੰ ਗਾਲ੍ਹਾਂ ਕੱਢਦਾ ਧਮਕੀਆਂ ਦਿੰਦਾ ਉਥੋਂ ਚਲਾ ਗਿਆ।

ਉਸ ਦਿਨ ਤੋਂ ਬਾਅਦ ਮੈਂ ਉਸ ਨਾਲ ਸੁਲ੍ਹਾ ਸਫਾਈ ਦੀ ਲੱਖ ਕੋਸ਼ਿਸ਼ ਕੀਤੀ। ਪਰ ਸਭ ਬੇਕਾਰ। ਉਹ ਟੱਸ ਤੋਂ ਮੱਸ ਨਾ ਹੋਇਆ।

ਆਖਰ ਮੈਂ ਛੋਟੀ ਭੈਣ ਨੂੰ ਸਾਰੀ ਗੱਲ ਦੱਸ ਦਿੱਤੀ ਸੀ। ਉਹ ਮੇਰੀ ਹਾਲਤ ਜਾਣ ਕੇ ਛੱਮ ਛੱਮ ਅੱਥਰੂ ਕੇਰਨ ਲੱਗੀ।

ਮੈਂ ਹੁਣ ਸਮਝੀ ਸਾਂ ਅਨਿਲ ਸਾਡੇ ਮੁਹੱਲੇ ਵਾਲੇ ਜੁਗਿੰਦਰ ਕੋਲ ਕਿਉਂ ਬੈਠਾ ਰਹਿੰਦਾ ਸੀ। ਮੇਰੇ ਬਾਰੇ ਅਗਲੀਆਂ ਪਿੱਛਲੀਆਂ ਜਾਣਕਾਰੀਆਂ ਪੁੱਛਦਾ ਰਿਹਾ ਹੋਵੇਗਾ। ਜੁਗਿੰਦਰ ਜਿਹੜਾ ਇੱਕ ਨੰਬਰ ਦਾ ਚੁੱਗਲਖੋਰ, ਉਸ ਕਿਹੜਾ ਘੱਟ ਗੁਜ਼ਾਰੀ ਹੋਣੀ ਏ।

ਮੈਨੂੰ ਕਿਸੇ ਤੋਂ ਪਤਾ ਲੱਗਿਆ ਕਿ ਅੱਜ ਕੱਲ੍ਹ ਅਨਿਲ ਕਿਸੇ ਹੋਰ ਕੁੜੀ ਨਾਲ ਘੁੰਮਦਾ ਰਹਿੰਦਾ ਏ। ਪਰ ਬਿਨਾਂ ਵੇਖਿਆਂ ਮੈਂ ਕਿਵੇਂ ਯਕੀਨ ਕਰ ਲੈਂਦੀ। ਪਰ ਉਦੋਂ ਮੈਨੂੰ ਪੂਰਾ ਯਕੀਨ ਹੋ ਗਿਆ ਜਦੋਂ ਇੱਕ ਦਿਨ ਉਹ ਦੋਵੇਂ ਜਣੇ ਮੇਰੇ ਕੋਲੋਂ ਦੀ ਬਾਈਕ ਤੇ ਭੰਬੀਰੀ ਵਾਂਗ ਲੰਘ ਗਏ। ਇੱਕ ਸੁਰਖ ਗਰਮ ਸਲਾਖ ਮੇਰੇ ਸੀਨੇ ਦੇ ਆਰ ਪਾਰ ਹੋ ਗਈ।

ਮੈਂ ਘੋਰ ਪ੍ਰੇਸ਼ਾਨੀਆਂ ਵਿੱਚੋਂ ਗੁਜ਼ਰ ਰਹੀ ਸਾਂ। ਜਦੋਂ ਪਿੱਛਲੀ ਛੁੱਟੀ ਖਤਮ ਹੋ ਜਾਂਦੀ ਤਾਂ ਮੈਂ ਦਫਤਰੋਂ ਹੋਰ ਛੁੱਟੀ ਮੰਨਜ਼ੂਰ ਕਰਵਾ ਲੈਂਦੀ। ਅਜਿਹੀਆਂ ਪ੍ਰੇਰਸ਼ਾਨੀਆਂ ਦਾ ਹੋਣ ਵਾਲੇ ਬੱਚੇ ਤੇ ਪੈਣ ਵਾਲੇ ਅਸਰ ਬਾਰੇ ਸੋਚ ਕੇ ਮੈਂ ਕੰਬ ਕੰਬ ਜਾਂਦੀ। ਮੇਰੀ ਸਿਹਤ ਦਿਨੋਂ ਦਿਨ ਨਿਘਰਦੀ ਜਾਂਦੀ। ਪਰ ਅਨਿਲ ਤਾਂ ਜਿਵੇਂ ਪੱਥਰ ਬਣ ਗਿਆ ਸੀ। ਉਸ ਨੂੰ ਮੇਰੀ ਸਿਹਤ ਅਤੇ ਹੋਣ ਵਾਲੇ ਬੱਚੇ ਦੀ ਰਤਾ ਵੀ ਪਰਵਾਹ ਨਹੀਂ ਸੀ। ਬਿੰਦ ਝੱਟ ਪਿੱਛੋਂ ਮੇਰਾ ਮਨ ਭਰ ਭਰ ਆਉਂਦਾ। ਮੇਰੇ ਦਿਲ ਤੇ ਹੋਏ ਗਹਿਰੇ ਜ਼ਖਮਾਂ ਦੀ ਕੋਈ ਦਾਰੂ ਨਹੀਂ ਸੀ। ਇਹਨਾਂ ਗਮਾਂ ਦੇ ਗਹਿਰੇ ਸਮੁੰਦਰਾਂ ਵਿੱਚ ਦਿਨ ਰਾਤ ਚੀਸਾਂ ਉਠਦੀਆਂ ਰਹਿੰਦੀਆਂ।

ਅਨਿਲ ਨਾਲ ਸੁਲ੍ਹਾ ਸਫਾਈ ਦੇ ਸਾਰੇ ਯਤਨ ਫੇਲ੍ਹ ਹੋ ਗਏ ਸਨ। ਇੱਕ ਦਿਨ ਮੈਂ ਉਸ ਨੂੰ ਮੇਰੇ ਪੇਟ ਵਿੱਚ ਉਸ ਦੇ ਪਲ ਰਹੇ ਬੱਚੇ ਦਾ ਵੀ ਵਾਸਤਾ ਪਾਇਆ। ਸੋਚਿਆ ਸੀ ਸ਼ਾਇਦ ਪਸੀਜ ਪਵੇ।

''ਖਬਰੇ ਕਿਹੜੇ ਦਾ ਪਾਪ ਮੇਰੇ ਸਿਰ ਮੜ੍ਹਨ ਲੱਗੀ ਏਂ'' ਉਸਨੇ ਜਿਵੇਂ ਮੇਰੇ ਸੀਨੇ ਤੇ ਪੱਥਰ ਵਗ੍ਹਾਹ ਮਾਰਿਆ ਹੋਵੇ। ਸੁਣ ਕੇ ਮੈਂ ਸਿਲ੍ਹ ਪੱਥਰ ਹੋ ਗਈ ਸਾਂ।

ਮੇਰੀਆਂ ਸਾਰੀਆਂ ਛੁੱਟੀਆਂ ਵੀ ਖਤਮ ਹੋ ਗਈਆਂ ਸਨ। ਹੁਣ ਮੈਂ ਅੱਧੀ ਤਨਖਾਹ ਤੇ ਛੁੱਟੀ ਕੱਟ ਰਹੀ ਸਾਂ। ਮੈਂ ਦਫਤਰ ਪੈਰ ਨਹੀਂ ਪਾਉਣਾ ਚਾਹੁੰਦੀ ਸਾਂ। ਆਖਰ ਮੈਂ ਅਨਿਲ ਤੋਂ ਤਲਾਕ ਲੈਣ ਦਾ ਫੈਸਲਾ ਕਰ ਲਿਆ। ਮੈਂ ਅਨਿਲ ਨੂੰ ਸੁਨੇਹਾ ਭੇਜਿਆ ਕਿ ਮੈਂ ਤਲਾਕਨਾਮੇ ਤੇ ਸਾਈਨ ਕਰਨ ਲਈ ਤਿਆਰ ਆਂ। ਆਖਰ ਸਾਡੇ ਤਲਾਕਨਾਮੇ ਦਾ ਦਿਨ ਫਿਕਸ ਹੋ ਗਿਆ ਸੀ। ਮੈਂ ਨਿਸ਼ਚਿਤ ਸਮੇਂ ਤੇ ਕੋਰਟ ਪਹੁੰਚ ਗਈ ਅਤੇ ਤਲਾਕਨਾਮੇ ਤੇ ਸਾਈਨ ਕਰਕੇ ਵਾਪਸ ਘਰ ਆ ਗਈ। ਅੱਜ ਫਿਰ ਡੈਡੀ ਨੂੰ ਯਾਦ ਕਰਦਿਆਂ ਮੈਂ ਹੁਬਕੀ ਹੁਬਕੀ ਰੋਈ ਸਾਂ।

...... ਤੇ ਕੁੱਝ ਦਿਨਾਂ ਬਾਅਦ ਹੀ ਮੈਨੂੰ ਪਤਾ ਲੱਗਾ ਕਿ ਉਸ ਕੁੜੀ ਅਤੇ ਅਨਿਲ ਨੇ ਵਿਆਹ ਕਰਵਾ ਲਿਆ ਹੈ। ਜਿਵੇਂ ਉਹਨਾਂ ਨੂੰ ਮੇਰੇ ਤਲਾਕਨਾਮੇ ਦਾ ਹੀ ਇੰਤਜ਼ਾਰ ਹੋਵੇ।

ਇਸ ਦੌਰਾਨ ਹੀ ਮੇਰੇ ਦਿਨ ਵੀ ਨੇੜੇ ਆਣ ਪੁੱਜੇ ਸਨ। ਮੈਂ ਪ੍ਰਸੂਤੀ ਛੁੱਟੀ ਅਪਲਾਈ ਕਰ ਦਿੱਤੀ। ਮੈਨੂੰ ਪ੍ਰਸੂਤੀ ਛੁੱਟੀ ਮੰਨਜ਼ੂਰ ਹੋ ਗਈ। ਉਦੋਂ ਮੇਰੇ ਦਿਲ ਨੂੰ ਅੰਤਾਂ ਦਾ ਧਰਵਾਸ ਮਿਲਿਆ ਜਦੋਂ ਮੇਰੇ ਇੱਕ ਖ਼ੂਬਸੂਰਤ ਬੱਚੇ ਨੇ ਜਨਮ ਲਿਆ। ਇਹ ਲੜਕਾ ਸੀ। ਇਸ ਦਾ ਨਾਮ ਮੈਂ ਰਾਕੇਸ਼ ਰੱਖਿਆ। ਫੇਰ ਮੈਂ ਰਾਕੇਸ਼ ਵਿੱਚ ਹੀ ਪਰਚੀ ਰਹਿੰਦੀ। ਮੈਂ ਪੱਕਾ ਫੈਸਲਾ ਲੈ ਲਿਆ ਸੀ ਕਿ ਹੁਣ ਮੈਂ ਆਦਮਜ਼ਾਤ ਦੇ ਜਾਲਮ ਪੰਜੇ ਵਿੱਚ ਨਹੀਂ ਫਸਾਂਗੀ। ਮੈਂ ਆਪਣੇ ਪੁੱਤਰ ਦੇ ਆਸਰੇ ਹੀ ਦਿਨ ਕੱਟੀ ਕਰਾਂਗੀ। ਮੈਂ ਇਹ ਵੀ ਦ੍ਰਿੜ ਫੈਸਲਾ ਕਰ ਲਿਆ ਸੀ ਕਿ ਮੈਂ ਇਸ ਸ਼ਹਿਰ ਤੋਂ ਕਿਸੇ ਦੂਸਰੇ ਸ਼ਹਿਰ ਵਿੱਚ ਬਦਲੀ ਕਰਵਾ ਲਵਾਂਗੀ। ਪਰ ਇਸ ਦਫਤਰ ਵਿੱਚ ਨੌਕਰੀ ਨਹੀਂ ਕਰਾਂਗੀ। ਮੈਂ ਮੰਮੀ ਵੱਲੋਂ ਵੀ ਬੇਫਿਕਰ ਸਾਂ ਕਿਉਂਕਿ ਮੰਮੀ ਨੂੰ ਹੁਣ ਛੋਟੀ ਭੈਣ ਅਤੇ ਭਰਾ ਸੰਭਾਲਣ ਜੋਗੇ ਹੋ ਗਏ ਸਨ।

ਮੈਂ ਆਪਣੀ ਛੁੱਟੀ ਦੌਰਾਨ ਹੀ ਆਪਣੀ ਬਦਲੀ ਲਈ ਅਰਜ਼ੀ ਦੇ ਦਿੱਤੀ ਸੀ। ਮੈਂ ਲੁਧਿਆਣੇ ਦੀ ਬਦਲੀ ਕਰਵਾਉਣ ਲਈ ਅਰਜ਼ੀ ਦਿੱਤੀ ਸੀ। ਸਬੱਬ ਨਾਲ ਹੀ ਲੁਧਿਆਣੇ ਤੋਂ ਇੱਕ ਕਰਮਚਾਰੀ ਇੱਥੇ ਪਟਿਆਲੇ ਆਉਣਾ ਚਾਹੁੰਦਾ ਸੀ। ਇਸ ਤਰਾਂ ਸਾਡੀ ਆਪਸੀ ਬਦਲੀ ਹੋ ਗਈ ਸੀ। ਛੁੱਟੀ ਖਤਮ ਹੁੰਦਿਆਂ ਹੀ ਮੈਂ ਪਟਿਆਲੇ ਤੋਂ ਲੁਧਿਆਣੇ ਜੁਆਇੰਨ ਕਰ ਲਿਆ ਸੀ। ਇੱਥੇ ਮੈਂ ਇੱਕ ਕੋਠੀ ਵਿੱਚ ਇੱਕ ਸੈਟ ਕਿਰਾਏ ਤੇ ਲੈ ਲਿਆ ਸੀ।

ਜਿਵੇਂ ਕਹਿੰਦੇ ਹੁੰਦੇ ਨੇ ਕਿ ਮੂਸਾ ਭੱਜਿਆ ਮੌਤ ਤੋਂ ਅੱਗੇ ਮੌਤ ਖੜੀ। ਜਿਸ ਕੋਠੀ ਵਿੱਚ ਰਹਿ ਰਹੀ ਸਾਂ ਉਸ ਦਾ ਮਾਲਕ ਮੈਨੂੰ ਹੋਰ ਹੀ ਨਜ਼ਰਾਂ ਨਾਲ ਤੱਕਣ ਲੱਗ ਪਿਆ ਸੀ। ਕਈ ਵਾਰ ਉਹ ਮੇਰੇ ਕਮਰੇ ਵਿੱਚ ਆਣ ਵੜਦਾ। ਐਵੇਂ ਉਰਲੀਆਂ ਪਰਲੀਆਂ ਮਾਰਨ ਲੱਗਦਾ। ਮੈਂ ਸ਼ਿਸ਼ਟਾਚਾਰ ਵੱਜੋਂ ਉਸ ਨੂੰ ਚਾਹ ਪੁੱਛਦੀ। ਉਹ ਕਦੀ ਵੀ ਚਾਹ ਪੀਣ ਤੋਂ ਇੰਨਕਾਰ ਨਾ ਕਰਦਾ।

''ਚੱਲੋ ਕਿਸੇ ਦਿਨ ਘੁੰਮ ਆਈਏ'' ਇੱਕ ਦਿਨ ਉਹ ਸ਼ਰਾਬੀ ਹਾਲਤ ਵਿੱਚ ਮੇਰੇ ਕਮਰੇ ਵਿੱਚ ਆਣ ਕੇ ਕਹਿਣ ਲੱਗਾ।

''ਤੁਸੀਂ ਆਪਣੀ ਬੀਵੀ ਬੱਚਿਆਂ ਨੂੰ ਘੁੰਮਾ ਘੁੰਮਾ ਕੇ ਥੱਕ ਗਏ ਹੋ। ਜੋ ਮੈਂਨੂੰ ਆਪਣੀ ਧੀਆਂ ਵਰਗੀ ਨੂੰ ਘੁੰਮਾਉਂਣ ਲਈ ਕਹਿ ਰਹੇ ਹੋ।

ਅਚਾਨਕ ਇੱਕ ਕਾਅੜ ਕਰਦਾ ਚਾਂਟਾ ਮੇਰੀ ਗੱਲ੍ਹ ਤੇ ਪਿਆ। ਮੇਰੀ ਚੀਕ ਨਿੱਕਲ ਗਈ। ਮੇਰੀ ਚੀਕ ਸੁਣ ਕੇ ਉਸ ਦੀ ਘਰ ਵਾਲੀ ਤੇ ਉਸ ਦੇ ਬੱਚੇ ਭੱਜੇ ਆਏ। ਮੈਂ ਉਹਨਾਂ ਨੂੰ ਸਾਰੀ ਗੱਲ ਦੱਸੀ। ਅੱਗੋਂ ਉਸਦੀ ਘਰ ਵਾਲੀ ਮੈਨੂੰ ਚਾਰੇ ਪੈਰ ਚੁੱਕ ਕੇ ਪੈ ਗਈ।

''ਤੂੰ ਉਦੋਂ ਚੀਕਾਂ ਨਾ ਮਾਰੀਆਂ ਜਦੋਂ ਆਪਣੇ ਕੁਝ ਲੱਗਦੇ ਨੂੰ ਬਿਠਾ ਬਿਠਾ ਕੇ ਚਾਹਾਂ ਪਿਲਾਉਂਦੀ ਹੁੰਦੀ

ਸੈਂ...ਘੰਟਿਆ ਬੱਧੀ ਗੱਪਾਂ ਮਾਰਦੀ ਹੁੰਦੀ ਸੈਂ।...... ਬਹੁਤੇ ਖੇਖਣ ਨਾ ਕਰ ਮੇਰੇ ਮੂਹਰੇ।

ਮੈਂ ਕੀ ਕਹਿੰਦੀ ? ਬਸ ਚੁੱਪ ਰਹਿਣਾਂ ਹੀ ਬੇਹਤਰ ਸਮਝਿਆ।

ਉਸ ਰਾਤ ਮੈਨੂੰ ਨੀਂਦ ਨਾ ਆਈ।

ਦੂਜੇ ਦਿਨ ਮੈਂ ਕਿਸੇ ਹੋਰ ਕਮਰੇ ਦੀ ਤਲਾਸ਼ ਵਿੱਚ ਜੁੱਟ ਗਈ। ਹੁਣ ਜਿਥੇ ਮੈਨੂੰ ਕਮਰਾ ਮਿਲਿਆ ਸੀ। ਉਥੇ ਮੈਂ ਹਰ ਤਰਾਂ ਸੁਰੱਖਿਅਤ ਸਾਂ। ਇਵੇਂ ਹੀ ਮਹੀਨੇ ਸਾਲਾਂ ਵਿੱਚ ਬਦਲਦੇ ਗਏ।

ਛੋਟੀ ਭੈਣ ਤੇ ਭਰਾ ਪ੍ਰਾਈਵੇਟ ਫਰਮਾਂ ਵਿੱਚ ਨੌਕਰੀਆਂ ਲੱਗ ਗਏ ਸਨ।ਉਹ ਮੇਰੇ ਕੋਲ ਆਉਂਦੇ ਜਾਂਦੇ ਰਹਿੰਦੇ। ਮੈਂ ਵੀ ਮੰਮੀ ਨੂੰ ਕੁੱਝ ਦਿਨਾਂ ਬਾਅਦ ਮਿਲਣ ਚਲੀ ਜਾਂਦੀ। ਹੁਣ ਤਾਂ ਤੱਕ ਮੇਰੇ ਛੋਟੇ ਭੈਣ ਭਰਾ ਦੇ ਵਿਆਹ ਵੀ ਹੋ ਗਏ ਸਨ।

ਇਹਨਾਂ ਸਾਲਾਂ ਵਿੱਚ ਹੀ ਬਿਮਾਰ ਮੰਮੀ ਵੀ ਚੱਲ ਵਸੀ ਸੀ।

ਕੁੱਝ ਮੈਂ ਆਪਣੀ ਸੇਵਿੰਗ ਵਿੱਚੋਂ ਅਤੇ ਕੁੱਝ ਆਪਣੇ ਪ੍ਰਾਵੀਡੈਂਟ ਫੰਡ ਵਿੱਚੋਂ ਪੈਸੇ ਕਢਵਾ ਕੇ ਪਲਾਟ ਖਰੀਦ ਲਿਆ ਸੀ। ਰਾਕੇਸ਼ ਨੂੰ ਵੀ ਮੈਂ ਚੰਗੀ ਤਾਲੀਮ ਦਿਵਾ ਰਹੀ ਸਾਂ। ਬਸ ਇੱਕੋ ਧੁੰਨ ਸਿਰ ਤੇ ਸਵਾਰ ਸੀ। ਕਿ ਰਾਕੇਸ਼ ਨੂੰ ਕਿਸੇ ਚੰਗੇ ਰੁੱਤਬੇ ਤੇ ਪੁਚਾਣਾਂ ਏ। ਮੈਂ ਬੈਂਕ ਤੋਂ ਲੋਨ ਲੈ ਕੇ ਕੋਠੀ ਵੀ ਬਣਾ ਲਈ ਸੀ।ਰਾਕੇਸ਼ ਪੜ੍ਹਾਈ ਵਿੱਚ ਹੁਸ਼ਿਆਰ ਸੀ। ਉਹ ਹਰੇਕ ਸਾਲ ਚੰਗੀ ਪੁਜ਼ੀਸ਼ਨ ਵਿੱਚ ਹੀ ਪਾਸ ਹੁੰਦਾ। ਮੈਂ ਮਾਣ-ਮੱਤੀ ਚਾਵਾਂ ਨਾਲ ਧਰਤੀ ਤੋਂ ਗਿੱਠ ਗਿੱਠ ਉੱਚਾ ਉੱਡਦੀ ਫਿਰਦੀ।ਰਾਕੇਸ਼ ਨੂੰ ਵੇਖ ਵੇਖ ਮੇਰੀ ਛਾਤੀ ਮਾਣ ਨਾਲ ਫੁੱਲ ਫੁੱਲ ਜਾਂਦੀ।ਭਾਵੇਂ ਰਾਕੇਸ਼ ਆਪਣੇ ਦੋਸਤਾਂ ਵਿੱਚ ਹੀ ਪਰਚਿਆ ਰਹਿੰਦਾ। ਉਹਦੇ ਦੋਸਤਾਂ ਦਾ ਝੁਰਮਟ ਜਦੋਂ ਮੇਰੀ ਕੋਠੀ ਵਿੱਚ ਹਾਸੇ ਬਿਖੇਰਦਾ ਤਾਂ ਮੈਨੂੰ ਅਜੀਬ ਸਕੂਲ ਮਿਲਦਾ।ਮੈਨੂੰ ਇਉਂ ਮਹਿਸੂਸ ਹੁੰਦਾ ਜਿਵੇਂ ਮੇਰਾ ਕੁੱਝ ਗਵਾਚਿਆ ਵਾਪਸ ਮਿਲ ਗਿਆ ਹੋਵੇ। ਮੈਨੂੰ ਆਪਣਾ ਆਪ ਭਰਿਆ ਭਰਿਆ ਜਾਪਦਾ।

ਮੇਰੀ ਜਿੰਦਗੀ ਦੇ ਸੁਨਹਿਰੀ ਸੁਪਨੇ ਉਦੋਂ ਸਾਕਾਰ ਹੋਏ ਜਦੋਂ ਰਾਕੇਸ਼ ਨੂੰ ਇੰਜੀਨੀਅਰਿੰਗ ਕਰਨ ਤੋਂ ਬਾਅਦ ਇੱਕ ਚੰਗੀ ਫਰਮ ਵਿੱਚ ਨੌਕਰੀ ਮਿਲ ਗਈ।ਸੱਚੀ ਮੈਂ ਉਦੋਂ ਇਸ ਲੋਕਾਈ ਦੇ ਮਾਲਕ ਦਾ ਕੋਟਿ ਕੋਟਿ ਧੰਨਵਾਦ ਕੀਤਾ ਸੀ। ਮੇਰਾ ਅੰਗ ਅੰਗ ਖੁਸ਼ੀ ਨਾਲ ਨੱਚ ਉਠਿਆ ਸੀ।

ਮੇਰੀ ਤਾਂ ਹੁਣ ਇੱਕੋ ਹਸਰਤ ਬਾਕੀ ਰਹਿ ਗਈ ਸੀ। ਉਹ ਸੀ ਰਾਕੇਸ਼ ਦੇ ਵਿਆਹ ਦੀ ਹਸਰਤ।ਜਿਸ ਨੇ ਜਿੰਦਗੀ ਵਿੱਚ ਅਣਗਿਣਤ ਸਦਮੇਂ ਝੱਲੇ ਹੋਣ ,ਉਸ ਦਾ ਦਿਲ ਤਾਂ ਪੱਥਰ ਹੋ ਜਾਂਦੈ।ਸੱਚੀਂ ਮੈਂਨੂੰ ਰਾਕੇਸ਼ ਦੇ ਵਿਆਹ ਦਾ ਬੜਾ ਹੀ ਚਾਅ ਸੀ।ਰਾਕੇਸ਼ ਨੇ ਆਪਣੇ ਆਪ ਵਿਆਹ ਕਰਵਾ ਲਿਆ ਸੀ। ਮੇਰੀ ਜਿੰਦਗੀ ਦਾ ਇਹ ਸੁਨਹਿਰੀ ਸੁਪਨਾਂ ਟੁੱਟੀ ਹੋਈ ਮਾਲਾ ਦੇ ਮਣਕਿਆਂ ਵਾਂਗ ਪਿੰਡ ਪੁੰਡ ਗਿਆ ਸੀ। ਮੈਂ ਇਸ ਦਰਦ ਨੂੰ ਵੀ ਕੌੜੇ ਘੁੱਟ ਵਾਂਗ ਪੀ ਗਈ ਸਾਂ।ਪਰ ਮੈਂ ਰਾਕੇਸ਼ ਨੂੰ ਇਸ ਦਾ ਰਤਾ ਵੀ ਅਹਿਸਾਸ ਨਾ ਹੋਣ ਦਿੱਤਾ।


..... ਤੇ ਅੱਜ ਜਦੋਂ ਲੱਛੀ ਮੈਨੂੰ ਆਪਣੇ ਨਾਲ ਹੋਈਆਂ ਬੀਤੀਆਂ ਦੱਸਦੀ ਏ ਤਾਂ ਮੈਨੂੰ ਆਪਣਾਂ ਅਤੀਤ ਯਾਦ ਆ ਜਾਂਦਾ ਏ। ਮੈਂ ਜਦੋਂ ਵੀ ਆਪਣੀ ਜਿੰਦਗੀ ਨੂੰ ਕਲਾਵੇ ਵਿੱਚ ਘੁੱਟਣ ਦੀ ਕੋਸ਼ਿਸ਼ ਕਰਦੀ ਆਂ ਤਾਂ ਉਦੋਂ ਹੀ ਇਹ ਮੁੱਠੀ ਵਿੱਚ ਫੜੇ ਰੇਤ ਵਾਂਗ ਕਿਰ ਜਾਂਦੀ ਏ। ਮੈਂ ਜਿਵੇਂ ਕਿਵੇਂ ਜਿੰਦਗੀ ਨੂੰ ਧੱਕਾ ਲਾਉਂਦੀ ਇੱਥੇ ਪੁੱਜ ਗਈ ਆਂ। ਜਦੋਂ ਵੀ ਮੈਨੂੰ ਆਪਣਾ ਅਤੀਤ ਯਾਦ ਆਉਂਦਾ ਏ ਮੇਰਾ ਵਜੂਦ ਕੰਬ ਉਠਦਾ ਏ। ਮੈਨੂੰ ਜਾਪਦਾ ਏ ਜਿਵੇਂ ਮੈਂ ਦੂਰ ਦਿਸਹੱਦਿਆਂ ਤੋਂ ਪਾਰ ਦਿਸਦੇ ਤਪਦੇ ਰੇਗਿਸਤਾਨ ਨੂੰ ਪਾਰ ਕਰਕੇ ਆਈ ਹੋਵਾਂ।

ਲੱਛੀ ਦੀ ਮੈਂ ਗਾਹੇ ਬਗਾਹੇ ਮਦਦ ਕਰਦੀ ਰਹਿੰਦੀ ਆਂ। ਸੋਚਦੀ ਆਂ ਇਹਦਾ ਵੀ ਕੋਈ ਬੱਚਾ ਪੜ੍ਹ ਲਿਖ ਜਾਵੇ ਜਿਹੜਾ ਇਹਦੀ ਬੁਢਾਪੇ ਦੀ ਡੰਗੋਰੀ ਬਣੇ।

ਅੱਜ ਮੈਂ ਪੱਕਾ ਫੈਸਲਾ ਕਰ ਲਿਆ ਏ ਕਿ ਮੈਂ ਰਿਟਾਇਰਮੈਂਟ ਹੋ ਜਾਣ ਉਪਰੰਤ ਵਿਹਲੀ ਹਾਂ। ਮੈਂ ਇਸ ਵਿਹਲੇ ਸਮੇਂ ਨੂੰ ਅਜਾਈਂ ਨਹੀਂ ਜਾਣ ਦਿਆਂਗੀ। ਮੈਨੂੰ ਬੱਚਿਆਂ ਨੂੰ ਪੜ੍ਹਾਉਣ ਦਾ ਬਹੁਤ ਸ਼ੌਕ ਸੀ। ਹੁਣ ਮੈਂ ਇਹ ਚਾਅ ਪੂਰਾ ਕਰਾਂਗੀ। ਮੈਂ ਰੋਜ਼ ਲੱਛੀ ਹੁਰਾਂ ਦੀ ਬਸਤੀ ਵਿੱਚ ਗਰੀਬ ਬੱਚਿਆਂ ਨੂੰ ਪੜ੍ਹਾਉਣ ਜਾਇਆ ਕਰਾਂਗੀ।

ਮੈਨੂੰ ਆਪਣੇ ਪੁੱਤਰ ਅਤੇ ਨੂੰਹ ਤੇ ਭੋਰਾ ਵੀ ਗਿਲਾ ਸ਼ਿਕਵਾ ਨਹੀਂ। ਸ਼ਾਲਾ ਉਹ ਲੱਖ ਜਵਾਨੀਆਂ ਮਾਨਣ।

**-98550-72504**






## ਕਹਾਣੀ / ਤਲਾਕ ਨਹੀਂ...! / ਜਸਵਿੰਦਰ ਰੱਤੀਆਂ

"ਮਿਸਟਰ ਸਿੰਘ...! ਤੇਰੇ ਆਪਣੀ ਪਤਨੀ ਤੋਂ ਬਿਨਾਂ, ਕਿੰਨੀਆਂ ਔਰਤਾਂ ਨਾਲ਼ ਸਬੰਧ ਹਨ?" ਸਵੈਮਾਨ ਨੂੰ ਜੱਜ ਸਾਹਮਣੇ ਕੋਰਟ ਵਿੱਚ ਉਸ ਦੀ ਘਰਵਾਲ਼ੀ ਲੱਕੀ ਦੇ ਵਕੀਲ ਨੇ ਸੁਆਲ ਕੀਤਾ।



"...ਸਿਰਫ ਇੱਕ ਨਾਲ਼...।" ਸਵੈਮਾਨ ਨੇ ਸੱਚੋ-ਸੱਚ ਕਿਹਾ। ਵਕੀਲ ਨੇ ਸੱਚ ਕਹਿਣ ਤੋਂ ਰੋਕਿਆ ਸੀ ਤੇ ਇਹ ਕਹਿਣ ਲਈ ਕਿਹਾ ਸੀ ਕਿ ਮੇਰੇ ਕਿਸੇ ਨਾਲ ਸ਼ਰੀਰਿਕ ਸਬੰਧ ਨਹੀਂ ਸਨ। ਉਹ ਔਰਤ ਸਿਰਫ ਮੇਰੀ ਚੰਗੀ ਦੋਸਤ ਹੈ।'

"ਕੀ ਮੈਂ ਉਸ ਔਰਤ ਦਾ ਨਾਮ ਜਾਣ ਸਕਦਾ ਹਾਂ?" ਵਕੀਲ ਨੇ ਅਗਲਾ ਸੁਆਲ ਦਾਗਿਆ।

"ਮੈਂ ਉਸ ਦਾ ਨਾਂ ਕਿਸੇ ਕੀਮਤ 'ਤੇ ਵੀ ਨਹੀਂ ਦੱਸਾਂਗਾ। ਮੈਂ ਉਸ ਨੂੰ ਬਦਨਾਮ ਕਰਕੇ ਦੁਖੀ ਨਹੀਂ ਕਰ ਸਕਦਾ।"

"ਆਪਣੀ ਪਤਨੀ ਨੂੰ ਦੁਖੀ ਕਰ ਸਕਦਾਂ ?" ਵਕੀਲ ਨੇ ਅੱਗਾ ਵਲ਼ਿਆ।

"ਨਹੀਂ, ਮੈਂ ਜੋ ਵੀ ਕੀਤਾ ਇਹਨੂੰ ਦੁਖੀ ਕਰਨ ਲਈ ਨਹੀਂ ਕੀਤਾ। ਤਕਲੀਫ਼ ਤੋਂ ਬਚਾਉਣ ਲਈ ਕੀਤਾ। ਮੈਂ ਕਿਸੇ ਵੀ ਔਰਤ ਨੂੰ ਦੁੱਖੀ ਨਹੀਂ ਕਰ ਸਕਦਾ।" ਸਵੈਮਾਨ ਬੜੀ ਦ੍ਰਿੜਤਾ ਨਾਲ਼ ਕਹਿ ਰਿਹਾ ਸੀ।

"ਜੱਜ ਸਾਹਬ ! ਕੋਈ ਆਦਮੀ ਆਪਣੀ ਪਤਨੀ ਦੇ ਹੁੰਦਿਆਂ ਕਿਸੇ ਦੂਸਰੀ ਔਰਤ ਨਾਲ਼ ਸਬੰਧ ਬਣਾਵੇ। ਕੀ ਕੋਈ ਪਤਨੀ ਖੁਸ਼ ਹੋਵੇਗੀ? ਜੇ ਇਹਦੇ ਕਹਿਣ ਮੁਤਾਬਿਕ ਮੰਨ ਲਈਏ; ਇਹ ਪਤਨੀ ਨੂੰ ਦੁਖੀ ਨਹੀਂ ਕਰਨਾ ਚਹੁੰਦਾ। ਉਹ ਕੋਰਟ ਵਿੱਚ ਤਲ਼ਾਕ ਦਾ ਕੇਸ ਲੈ ਕੇ ਕਿਉਂ ਆਈ? ਇਹ ਆਦਮੀ ਇਸਨੂੰ ਡਰਾ ਕੇ ਬਲੈਕ ਮੇਲ ਕਰ ਰਿਹਾ... ਤਾਂ ਜੋ ਉਹਨੂੰ ਪਰੌਪਰਟੀ 'ਚੋਂ ਬਣਦਾ ਹਿੱਸਾ ਨਾ ਦੇਣਾ ਪਵੇ। ਇਹਦਾ ਉਸ ਔਰਤ ਨਾਲ਼ ਪੰਦਰਾਂ ਸੋਲਾਂ ਸਾਲ ਪੁਰਾਣਾ ਰਿਸ਼ਤਾ ਹੈ। ਮੇਰੀ ਕਲਾਈਂਟ ਇਕ ਭੋਲੀ ਭਾਲੀ ਘਰੇਲੂ ਔਰਤ ਸੀ। ਇਸ ਆਦਮੀ ਦਾ ਕੰਨਸਟਕਸ਼ਨ ਦਾ ਕੰਮ ਹੋਣ ਕਰਕੇ, ਆਮ ਔਰਤਾਂ ਨਾਲ ਸੰਪਰਕ ਰਹਿੰਦਾ। ਉਹਨਾਂ ਦਾ ਸਸਤਾ ਕੰਮ ਕਰ ਉਹਨਾਂ ਨੂੰ ਮਗਰ ਲਾਉਣ ਦਾ ਮਾਹਿਰ ਹੈ। ਘਰੋਂ ਕੰਮ 'ਤੇ ਜਾਂਦਾ ਸੀ ਪਰ ਬਾਹਰ ਜਾ ਕੇ ਅਜੇਹੇ ਕੰਮ ਕਰਦਾ ਰਹਿੰਦਾ ਸੀ। ਏਸ਼ੀਅਨ ਔਰਤਾਂ ਅੰਦਰ ਬਹੁਤਾ ਸਵੈ-ਭਰੋਸਾ ਨਹੀਂ ਹੁੰਦਾ। ਇਸ ਕਰਕੇ ਮੇਰੀ ਕਲਾਈਂਟ ਚੁੱਪ ਰਹੀ। ਇਹ ਤਾਂ ਹੁਣ ਬੱਚਿਆਂ ਨੇ ਵੱਡੇ ਹੋ ਕੇ ਆਪਣੀ ਮਾਂ ਦੀ ਸਪੋਟ ਕੀਤੀ। ਉਹਦੇ ਨਾਲ਼ ਖੜੇ ਹੋਏ। ਉਹ ਆਪਣਾ ਹੱਕ ਲੈਣ ਲਈ ਕੋਰਟ ਵਿੱਚ ਆਈ। ਇਹ ਦੇਰ ਤੋਂ ਇਸ ਨੂੰ ਡਰਾ ਕਿ ਬਲੈਕਮੇਲ ਕਰਦਾ ਰਿਹਾ।"

"ਜੱਜ ਸਾਹਿਬ...! ਮੈਂ ਆਪਣੀ ਪਤਨੀ ਨੂੰ ਬਹੁਤ ਪਿਆਰ ਕਰਦਾ ਹਾਂ। ਇਸ ਤਰ੍ਹਾਂ ਅਦਾਲਤ ਵਿੱਚ ਆਪਣੇ ਬੱਚਿਆਂ ਸਾਹਮਣੇ ਆਪਣੀ ਪਤਨੀ ਨੂੰ ਸ਼ਰਮਿੰਦਾ ਨਹੀਂ ਕਰ ਸਕਦਾ। ਬੇਸ਼ਕ ਸਾਡੇ ਦੋਹਾਂ ਦਰਮਿਆਨ ਪਤੀ ਪਤਨੀ ਵਾਲ਼ੇ ਸਬੰਧ ਬਹੁਤ ਸਾਲਾਂ ਤੋਂ ਹੀ ਨਹੀਂ...ਤੇ ਕਿਉਂ ਨਹੀਂ ਹਨ?' ਮੈਂ ਆਪਣੀ ਪਤਨੀ ਨੂੰ ਕੋਰਟ ਵਿੱਚ ਇਹ ਪੁੱਛਣਾ ਵੀ ਨਹੀਂ ਚਹੁੰਦਾ। ਬਸ ਐਨਾਂ ਹੀ ਪੁੱਛਣਾ ਚਹੁੰਦਾ ਹਾਂ। ਮੇਰੀ ਪਤਨੀ ਇੱਕ ਗੱਲ ਕਿਹਾ ਕਰਦੀ ਸੀ। ਪਿਆਰ ਸ਼ਰੀਰਿਕ ਸਬੰਧ ਬਣਾਉਣਾ ਹੀ ਨਹੀਂ ਹੁੰਦਾ। ਇਹ ਤਾਂ ਦਿਲਾਂ ਦਾ ਰਿਸ਼ਤਾ ਹੈ। ਮੈਂ ਇਹਦੀ ਇਸ ਗੱਲ ਤੇ ਅਮਲ ਕਰਦਾ ਰਿਹਾ ਹਾਂ।"

"ਬਾਏ ਲਾਅ, ਇੰਗਲੈਂਡ ਵਿੱਚ ਜਦੋਂ ਕੋਈ ਪਤੀ ਪਤਨੀ ਛੇ ਮਹੀਨੇ ਰੀਲੇਸ਼ਨ ਵਿੱਚ ਨਹੀਂ ਰਹਿੰਦੇ ਤਾਂ ਉਹਨਾਂ ਦਾ ਰਿਸ਼ਤਾ ਖ਼ਤਮ ਹੋ ਜਾਂਦਾ।" ਵਕੀਲ ਨੇ ਕਨੂੰਨੀ ਨੁਕਤੇ ਤੋਂ ਦੋਹਾਂ ਦਾ ਰੀਲੇਸ਼ਨ ਖ਼ਤਮ ਕਰ ਦਿੱਤਾ।

"ਇਹ ਇੰਗਲੈਂਡ ਦੇ ਕਨੂੰਨ ਅਨੁਸਾਰ ਹੈ। ਪਰ ਸਾਡੇ ਪਿਆਰ ਦੇ ਅਸੂਲਾਂ ਮੁਤਾਬਿਕ ਨਹੀਂ। ਮੇਰਾ ਲੱਕੀ ਨਾਲ਼ ਵਾਅਦਾ ਸੀ ਕਿ ਤੈਨੂੰ ਦੁਖ ਨਹੀਂ ਦੇਵਾਂਗਾ। ਤੁਸੀਂ ਕਿਹਾ ਕਿ ਉਹ ਬਹੁਤ ਭੋਲੀ ਭਾਲੀ ਤੇ ਘਰੇਲੂ ਔਰਤ ਹੈ। ਮੈਂ ਵੀ ਇਹ ਚੰਗੀ ਤਰ੍ਹਾਂ ਜਾਣਦਾ ਹਾਂ। ਇਸੇ ਲਈ ਤਲਾਕ ਨਹੀਂ ਦੇ ਰਿਹਾ। ਮੈਨੂੰ ਪਤਾ ਉਹ ਅੱਜ ਬੱਚਿਆਂ ਪਿੱਛੇ ਲੱਗ ਕੇ ਤਲਾਕ ਲੈਣਾ ਚਹੁੰਦੀ ਹੈ। ਉਹ ਇਹ ਨਹੀਂ ਜਾਣਦੀ। ਇਹ ਬੱਚੇ ਕੱਲ੍ਹ ਨੂੰ ਵਿਆਹ ਕਰਾਵਾਕੇ ਆਪਣੇ-ਆਪਣੇ ਘਰ ਵਸਾ ਲੈਣਗੇ। ਸ਼ਾਈਦ ਉਹਦੀ ਪਰੌਪਰਟੀ ਵੀ ਵੇਚ ਦੇਣ। ਉਹ ਕਦੇ ਵੀ ਇਕੱਲੀ ਨਹੀਂ ਰਹਿ ਸਕਦੀ। ਪਾਗਲ ਹੋ ਜਾਵੇਗੀ। ਅੱਜ ਤੱਕ ਉਹ ਕਦੇ ਇਕ ਰਾਤ ਵੀ ਇਕੱਲੀ ਨਹੀਂ ਰਹੀ... ਤੇ ਨਾ ਹੀ ਮੈਂ ਉਹਨੂੰ ਕਦੇ ਇਕੱਲੀ ਰਹਿਣ ਦਿੱਤਾ ਤੇ ਨਾ ਰਹਿਣ ਦਿਆਂਗਾ। ਹਾਂ ਜੇ ਬੱਚੇ ਸਾਡਾ ਤਲ਼ਾਕ ਕਰਾਉਣਾ ਚਹੁੰਦੇ ਹਨ ਤਾਂ ਮੈਂ ਇੱਕ ਸ਼ਰਤ ਤੇ ਤਲਾਕ ਦੇਵਾਂਗਾ। ਇਹ ਬੱਚੇ ਲਿਖਤੀ ਰੂਪ ਵਿੱਚ ਕੋਰਟ ਨੂੰ ਬਿਆਨ ਦੇਣ ਕਿ ਸਾਰੀ ਉਮਰ ਉਹਦੇ ਨਾਲ਼ ਰਹਿਣਗੇ। ਉਹਦੀ ਮੌਤ ਤੱਕ ਪਰੌਪਰਟੀ ਵੇਚਣਗੇ ਨਹੀਂ। ਮੈਂ ਇਹਦੇ ਬਣਦੇ ਹਿੱਸੇ ਤੋਂ ਵੀ ਵੱਧ ਪਰਾਪਰਟੀ ਇਸ ਨੂੰ ਦੇਣ ਲਈ ਤਿਆਰ ਹਾਂ।"

ਸਵੈਮਾਨ ਦੀ ਇਹ ਗੱਲ ਸੁਣ ਲੱਕੀ ਭੁੱਬਾਂ ਮਾਰ ਕੇ ਰੋਣ ਲੱਗ ਪਈ। ਸਾਰੀ ਕੋਰਟ ਤੇ ਉਹਨਾਂ ਦੇ ਦੋਵੇਂ ਮੁੰਡੇ ਵੀ ਹੈਰਾਨ ਰਹਿ ਗਏ। ਲੱਕੀ ਗੱਲ ਕਰਨ ਦੀ ਹਾਲਤ ਵਿੱਚ ਨਹੀਂ ਸੀ। ਲੱਕੀ ਦੇ ਵਕੀਲ ਨੇ ਕੋਰਟ ਤੋਂ ਸਮਾਂ ਮੰਗਿਆ। ਕੋਰਟ ਬਰਖ਼ਾਸਤ ਕਰ ਦਿੱਤੀ। ਸਾਰਿਆਂ ਦੇ ਦਿਮਾਗਾਂ ਵਿੱਚ ਉਹਨਾਂ ਬਾਰੇ ਜਾਨਣ ਦੀ ਉਤਸੁੱਕਤਾ ਸੀ।

ਸਵੈਮਾਨ ਸਕੂਲੀ ਪੜ੍ਹਾਈ ਖ਼ਤਮ ਕਰਕੇ ਚੜ੍ਹਦੀ ਉਮਰੇ ਇੰਗਲੈਂਡ ਆ ਗਿਆ ਸੀ। ਪੰਜਾਬ ਨਾਲ਼ ਉਸ ਦਾ ਗਹਿਰਾ ਮੋਹ ਤੇ ਪੰਜਾਬੀ ਕਲ਼ਚਰ ਨਾਲ ਗੂੜਾ ਪਿਆਰ ਸੀ। ਬਹੁਤਾ ਪੜ੍ਹਿਆ ਨਹੀਂ ਸੀ। ਇਸ ਲਈ ਕੰਸਟਕਸ਼ਨ ਦਾ ਕੰਮ ਕਰਨ ਲੱਗਾ ਗਿਆ। ਕੰਮ ਤਾਂ ਭਾਰਾ ਸੀ ਪਰ ਪੈਸਾ ਚੰਗਾ ਬਣਦਾ ਸੀ। ਇੰਡੀਆ ਮਾਮੇ ਦੇ ਮੁੰਡੇ ਦੇ ਵਿਆਹ 'ਤੇ ਗਿਆ। ਮਾਮੇ ਦੇ ਮੁੰਡੇ ਦੀ ਸਾਲੀ... ਲੱਕੀ। ਉਹਦੇ ਮਨ ਨੂੰ ਭਾਅ ਗਈ। ਮਾਮੇ ਦੇ ਪੁੱਤ ਨੂੰ ਵਿਚੋਲਾ ਬਣਾ ਕੇ ਵਿਆਹ ਕਰਵਾ ਲਿਆ।

ਉਸ ਵਕਤ ਇੰਗਲੈਂਡ ਵਿੱਚ ਆਮ ਪਰਿਵਾਰ ਇਕੱਠੇ ਹੀ ਰਹਿੰਦੇ ਸਨ। ਬਹੁਤੇ ਬਜ਼ੁਰਗ ਘਰ ਲੈਣ ਦੇ ਹੱਕ ਵਿੱਚ ਨਹੀਂ ਹੁੰਦੇ ਸਨ। ਉਹਨਾਂ ਦੀ ਸੋਚ ਹੁੰਦੀ ਸੀ, ਬੱਚਿਆਂ ਨੂੰ ਨਾਲ਼ ਰੱਖਿਆ ਜਾਵੇ ਤੇ ਪੈਸੇ ਜੋੜ ਕੇ ਇੰਡੀਆ ਜ਼ਮੀਨ ਜ਼ਾਇਦਾਦ ਬਣਾਈ ਜਾਵੇ। ਪਰ ਸਵੈਮਨ ਨੇ ਦੇਖਿਆ, ਲੱਕੀ ਸਾਂਝੇ ਪਰਵਾਰ ਵਿੱਚ ਘੁੱਟੀ-ਘੁੱਟੀ ਰਹਿੰਦੀ। ਉਹਨੂੰ ਨੌਕਰੀ ਕਰਨ ਨਹੀਂ ਲਾਇਆ ਸੀ ਕਿਉਂਕਿ ਸਵੈਮਾਨ ਚੰਗਾ ਕਮਾ ਰਿਹਾ ਸੀ। ਘਰ ਦਾ ਕੰਮ ਲੱਕੀ ਦੀ ਭੂਤਨੀ ਭੁਲਾਈ ਰੱਖਦਾ ਸੀ। ਸਵੈਮਾਨ ਦੀਆਂ ਦੋ ਭੈਣਾਂ ਦੋ ਭਰਾ ਤੇ ਮਾਂ ਬਾਪ ਸਣੇ; ਅੱਠਾਂ ਜੀਆਂ ਦੀ ਰੋਟੀ, ਕੱਪੜਾ ਲੀੜਾ ਧੋਣਾ ਤੇ ਘਰ ਦੀਆਂ ਸਫਾਈਆਂ ਕਰਨੀਆਂ। ਸਾਰਾ ਦਿਨ ਕੰਮ ਨਾ ਮੁੱਕਦਾ। ਤਿੰਨ ਬੈੱਡਰੂਮਾਂ ਦੇ ਘਰ ਵਿੱਚੋਂ, ਉਹਨਾਂ ਕੋਲ ਇੱਕ ਕਮਰਾ ਸੀ। ਅੱਗੇ ਬੱਚੇ ਵੀ ਹੋਣੇ ਸਨ। ਘਰ ਦੇ ਇਸ ਘੜਮੱਸ ਵਿੱਚ ਪਿਆਰ-ਮੁਹੱਬਤ ਦੀ ਗੱਲ ਕਰਨੀ ਮੁਸ਼ਕਲ ਸੀ। ਸੱਸ ਤੇ ਨਣਦਾਂ ਲੱਕੀ 'ਤੇ ਹੁਕਮ ਚਲਾਉਂਦੀਆਂ। ਲੱਕੀ ਸਹਿਮੀ ਡਰੀ ਉਹਨਾਂ ਦੀਆਂ ਜਲ਼ੀਆਂ ਕੱਟੀਆਂ ਸੁਣ ਕੇ ਅੰਦਰੇ ਅੰਦਰ ਪੀਣ ਦੀ ਕੋਸ਼ਿਸ਼ ਕਰਦੀ। ਪਰ ਫਿਰ ਵੀ ਜਦੋਂ ਮਨ ਭਰਦਾ ਤਾਂ ਸਵੈਮਾਨ ਦੇ ਗਲ਼ ਲੱਗ ਰੋਣ ਲੱਗਦੀ। ਹੋਰ ਉਹਦਾ ਇੱਥੇ ਕੌਣ ਸੀ, ਜੀਹਦੇ ਕੋਲ ਦੁਖ ਫਰੋਲ਼ਦੀ। ਸਵੈਮਨ ਵੀ ਸਮਝ ਗਿਆ। ਮਾਂ ਪਿਓ ਵੀ ਚਹੁੰਦੇ ਸੀ ਕਿ ਉਹ ਆਪਣਾ ਘਰ ਲੈ ਲੈਣ। ਇਹ ਗੱਲ ਲੱਕੀ ਸਮਝਣ ਲੱਗੀ ਸੀ। ਇੱਕ ਰਾਤ ਉਹਨੇ ਸਵੈਮਾਨ ਨੂੰ ਕਿਹਾ।

"ਆਪਾਂ ਕਿਰਾਏ ਤੇ ਵੱਖ ਨਹੀਂ ਰਹਿ ਸਕਦੇ। ਮੈਂ ਵੀ ਕੰਮ ਕਰਨ ਲੱਗ ਜਾਵਾਂਗੀ।"

"ਕਿਰਾਏ ਤੇ ਕਿਉਂ? ਆਪਾਂ ਆਪਣਾ ਘਰ ਲਵਾਂਗੇ। ਮੈ ਸਟੇਟ ਇਜੰਟ ਨਾਲ਼ ਗੱਲ ਕੀਤੀ ਹੈ।"

"ਸੱਚੀਂ !" ਲੱਕੀ ਖ਼ੁਸ਼ੀ ਨਾਲ ਸਵੈਮਾਨ ਦੇ ਗਲ ਨੂੰ ਚੁੰਬੜ ਗਈ।

"ਤੈਨੂੰ ਕੀ ਲਗਦਾ ਮੈਨੂੰ ਪਤਾ ਨਹੀਂ, ਤੂੰ ਕਿਉਂ ਰੋਣ ਲੱਗ ਪੈਂਦੀ ਏ। ਮੈਂ ਤੇਰੇ ਦਿਲਾਂ ਦੀਆਂ ਜਾਣਦਾ ਹਾਂ।" ਇਸ ਗੱਲ ਨੇ ਲੱਕੀ ਨੂੰ ਜਿਵੇਂ ਖਰੀਦ ਲਿਆ। ਉਹਦੇ ਲਈ ਸਵੈਮਾਨ ਰੱਬ ਬਣ ਗਿਆ।

ਸਵੈਮਨ ਬਿਜਨਸ਼ ਦਿਮਾਗ ਦਾ ਹੋਣ ਕਰਕੇ, ਉਹਨੇ ਦੋ ਬੈਡ ਰੂਮ ਘਰ ਦੇਖਿਆ। ਜਿਸ ਦੇ ਨਾਲ਼ ਕਾਫੀ ਖਾਲੀ ਪੁਲਾਟ ਵੀ ਪਿਆ ਸੀ। ਲੱਕੀ ਵੱਖ ਹੋ ਕੇ ਬਹੁਤ ਖ਼ੁਸ਼ ਹੋਈ। ਉਹ ਚਹੁੰਦੀ ਸੀ। ਉਹ ਵੀ ਨੌਕਰੀ ਕਰੇ ਤੇ ਮਾਰਟਗੇਜ਼ ਲਹੁਣ ਵਿੱਚ ਸਵੈਮਾਨ ਦੀ ਮਦੱਦ ਕਰੇ। ਜਦੋਂ ਉਹਨੇ ਇਹ ਇੱਛਾ ਜ਼ਾਹਿਰ ਕੀਤੀ ਤਾਂ ਸਵੈਮਾਨ ਨੇ ਕਿਹਾ।

"ਲੱਕੀ, ਤੂੰ ਮਾਰਟਗੇਜ਼ ਦੀ ਫਿਕਰ ਨਾ ਕਰ। ਮੈਂ ਲਾਹ ਲਵਾਂਗਾ। ਮੈਨੂੰ ਤੇਰਾ ਪਿਆਰ ਚਾਹੀਦਾ। ਕੱਲ੍ਹ ਨੂੰ ਬੱਚੇ ਹੋਣਗੇ। ਉਹਨਾਂ ਨੂੰ ਜਨਮ ਦੇ ਕੇ ਪਾਲਣ ਪੜ੍ਹਾਉਣ ਦੀ ਬਹੁਤ ਵੱਡੀ ਜਿੰਮੇਵਾਰੀ ਹੈ।" ਇਹ ਗੱਲ ਸੁਣ ਲੱਕੀ ਦਾ ਸਵੈਮਾਨ ਪ੍ਰਤੀ ਪਿਆਰ ਅੰਨਾ ਹੋ ਗਿਆ।

ਸਵੈਮਾਨ ਛੇ ਦਿਨ ਲੰਬਾ ਟਾਈਮ ਕੰਮ ਕਰਦਾ। ਲੱਕੀ ਸਵੇਰੇ ਸਵੈਮਾਨ ਤੋਂ ਪਹਿਲਾਂ ਜਾਗਦੀ ਚਾਹ ਬਣਾ ਕੇ ਬੈੱਡ ਰੂਮ ਵਿੱਚ ਲਿਆਉਂਦੀ ਤੇ ਸਵੈਮਾਨ ਨੂੰ ਜਗਾਉਂਦੀ। ਉਸ ਨੂੰ ਸਵੇਰੇ ਖਾਣਾ ਤਿਆਰ ਕਰਕੇ ਬੈਗ ਤਿਆਰ ਕਰ ਦਰਵਾਜ਼ੇ ਵਿੱਚ ਖਲੋ ਕੇ ਗੱਲਵੱਕੜੀ ਪਾ ਚੁੰਮ ਕੇ ਤੋਰਦੀ। ਸ਼ਾਮ ਨੂੰ ਆਉਂਦਿਆਂ ਬੈਲ ਵੱਜਦਿਆਂ ਬੂਹੇ ਤੇ ਖਲੋਂਦੀ ਗੱਲਵੱਕੜੀ ਪਾ ਪਿਆਰ ਕਰਦੀ। ਬੈਗ ਫੜ੍ਹਦੀ ਬਰਤਨ ਧੋਂਦੀ। ਬਾਥਰੂਮ ਵਿੱਚ ਤੌਲੀਆ ਰੱਖਦੀ। ਉਹਦੇ ਹੀ ਅੱਗੇ ਪਿੱਛੇ ਫਿਰਦੀ ਰਹਿੰਦੀ। ਜੇ ਕਿਤੇ ਸਵੈਮਾਨ ਕੋਈ ਘਰਦਾ ਕੰਮ ਆਪ ਕਰਨ ਦੀ ਕੋਸ਼ਿਸ ਕਰਦਾ ਤਾਂ ਉਹ ਕਰਨ ਨਾਂ ਦਿੰਦੀ। ਹੱਥੋਂ ਫੜ ਲੈਂਦੀ। ਪਿਆਰ 'ਚੋਂ ਗੜੁਚ ਆਪਣੀਆਂ ਆਪਣੀਆਂ ਜਿੰਮੇਵਾਰੀਆਂ ਨੂੰ ਖੁਸ਼ੀ ਖੁਸ਼ੀ ਨਿਭਾਉਂਦੇ ਰਹੇ। ਦੋ ਪੁੱਤਾਂ ਦੇ ਜਨਮ ਨਾਲ਼ ਘਰ ਵਿੱਚ ਰੌਣਕਾਂ ਲੱਗ ਗਈਆਂ।

ਲੱਕੀ ਤੇ ਸਵੈਮਾਨ ਆਪਣੇ ਬੱਚਿਆਂ ਵਿੱਚ ਖੁਸ਼ ਸਨ। ਪਹਿਲਾਂ ਤਾਂ ਲੱਕੀ ਹੀ ਸਵੈਮਾਨ ਦੀ ਉਡੀਕ ਕਰਦੀ ਹੁੰਦੀ ਸੀ। ਹੁਣ ਬੱਚੇ ਵੀ ਉਡੀਕਦੇ, ਜਦੋਂ ਡੋਰ ਬਿੱਲ ਹੁੰਦੀ। ਉਹ ਵੀ ਦਰਵਾਜ਼ੇ ਵੱਲ ਭੱਜਦੇ। ਇੱਕ ਦੂਜੇ ਤੋਂ ਪਹਿਲਾਂ ਗੋਦੀ ਚੜ੍ਹ ਪਿਆਰ ਕਰਨ ਦੀ ਕੋਸ਼ਿਸ਼ ਕਰਦੇ। ਇਸ ਨਾਲ਼ ਸਵੈਮਾਨ ਦਾ ਸਾਰਾ ਦਿਨ ਕੀਤੇ ਭਾਰੇ ਕੰਮ ਦਾ ਥਕੇਵਾਂ ਲਹਿ ਜਾਂਦਾ। ਪਿਆਰ ਭਰਿਆ ਸਮਾਂ ਬੀਤਦਿਆਂ ਪਤਾ ਹੀ ਨਹੀਂ ਚੱਲਦਾ। ਲੱਕੀ ਦੀ ਜਿਵੇਂ-ਜਿਵੇਂ ਉਮਰ ਵੱਧ ਰਹੀ ਸੀ। ਉਹਨੂੰ ਜਿਨਸੀ ਸਬੰਧ ਬਣਾਉਣ ਉਪਰੰਤ ਯੂਰਿਨ ਇਨਫੈਕਸ਼ਕ ਹੋਣ ਲੱਗੀ। ਇਸ ਡਰੋਂ ਉਹ ਸਵੈਮਾਨ ਤੋਂ ਦੂਰ ਰਹਿਣ ਲੱਗੀ। ਸਵੈਮਾਨ ਵੀ ਸਮਝਦਾ ਸੀ। ਡਾਕਟਰ ਵਾਰ-ਵਾਰ ਐਨਟੀ-ਬਾਇਓਟਿਕ ਖਾਣ ਲਈ ਦਿੰਦੇ ਰਹਿੰਦੇ। ਜੋ ਸਿਹਤ ਲਈ ਠੀਕ ਨਹੀਂ ਸਨ। ਲੱਕੀ ਵੱਡੇ ਹੋ ਰਹੇ ਬੱਚਿਆਂ ਦਾ ਬਹਾਨਾ ਬਣਾ ਕੇ ਸਵੈਮਾਨ ਨੂੰ ਕਹਿੰਦੀ।

"ਹੁਣ ਸਿਆਣੇ ਬਣੋ, ਨਿਆਣੇ ਵੱਡੇ ਹੋ ਗਏ। ਜੁਆਨੀ ਵਾਲ਼ੀਆਂ ਗੱਲਾਂ ਗਈਆਂ। ਪਿਆਰ ਸਰੀਰਕ ਸਬੰਧਾਂ ਤੱਕ ਹੀ ਸੀਮਤ ਨਹੀਂ ਹੁੰਦਾ। ਪਿਆਰ ਦਿਲਾਂ ਵਿੱਚ ਹੁੰਦਾ।" ਇਸ ਤਰ੍ਹਾਂ ਲੱਕੀ ਆਪਣਾ ਪੱਲਾ ਝਾੜ ਦਿੰਦੀ।

ਸਵੈਮਣ ਮਾਣ ਉਹਦੇ ਦਰਦ ਨੂੰ ਸਮਝਦਾ ਸੀ। ਘੰਟਿਆਂ ਬੱਧੀ ਬਾਥਰੂਮ ਵਿੱਚ ਬੈਠੀ ਰਹਿੰਦੀ। ਦਰਦ ਨਾਲ਼ ਰੋਣ ਲੱਗ ਪੈਂਦੀ। ਸਵੈਮਾਨ ਤੰਦਰੁਸਤ ਸੀ। ਉਹਨੂੰ ਆਪਣੀਆਂ ਖ਼ੁਆਹਿਸ਼ਾਂ ਮਾਰਨੀਆਂ ਔਖੀਆਂ ਤਾਂ ਸੀ ਪਰ ਉਹਨੇ ਆਪਣੇ ਆਪ ਵਿੱਚ ਫੈਸਲਾ ਕਰ ਲਿਆ ਕਿ ਉਹ ਲੱਕੀ ਨੂੰ ਹੋਰ ਦਰਦ ਨਹੀਂ ਦੇਵੇਗਾ। ਪਰ ਇਸ ਤਰ੍ਹਾਂ ਬੇਸੁਆਦੀ ਜਿੰਦਗੀ ਜਿਉਣੀ ਵੀ ਸੌਖੀ ਨਹੀਂ ਜਿਸ ਵਿੱਚ ਕੋਈ ਰੋਚਿਕਤਾ ਤੇ ਰੁਮਾਂਟਿਕਤਾ ਹੀ ਨਾ ਹੋਵੇ। ਮਨੁੱਖ ਨੂੰ ਜਿਸ ਚੀਜ਼ ਦੀ ਘਾਟ ਹੋਵੇ ਉਸ ਪ੍ਰਤੀ ਖਿੱਚ ਵੀ ਵੱਧ ਜਾਂਦੀ ਹੈ।

ਇੰਦਰਜੀਤ ਇੰਦੀ ਜਿਸ ਨੂੰ ਉਹ ਉਦੋਂ ਤੋਂ ਜਾਣਦਾ ਸੀ, ਜਦੋਂ ਇੰਦੀ ਦਾ ਨਵਾਂ-ਨਵਾਂ ਵਿਆਹ ਹੋਇਆ ਸੀ। ਇੰਦੀ ਦਾ ਡੈਡੀ ਸਵੈਮਾਨ ਦੇ ਡੈਡੀ ਨੂੰ ਜਾਣਦਾ ਸੀ। ਇੰਦੀ ਨੇ ਸਕੂਲ ਖ਼ਤਮ ਕੀਤਾ ਸੀ, ਜਦੋਂ ਉਹਦਾ ਵਿਆਹ ਕਰ ਦਿਤਾ। ਉੱਨੀ ਸਾਲ ਦੀ ਸੀ, ਜਦੋਂ ਧੀ ਦੀ ਮਾਂ ਬਣ ਗਈ। ਸਵੈਮਾਨ ਉਹਨਾਂ ਦੇ ਬਾਥਰੂਮ ਫਿੱਟ ਕਰਨ ਗਿਆ। ਇੰਦੀ ਦਾ ਘਰ ਵਾਲਾ ਇੰਡੀਆ ਤੋਂ ਆਇਆ ਸੀ। ਇੰਦੀ ਮੁਕਾਬਲੇ ਉਹ ਬਿੱਲਕੁੱਲ ਕਿਸੇ ਕੰਮ ਦਾ ਨਹੀਂ ਸੀ। ਇੰਦੀ ਨੂੰ ਕੌਂਸਲ ਵਿੱਚ ਚੰਗੀ ਜੌਬ ਮਿਲ ਗਈ। ਪਰ ਉਹਦਾ ਘਰਵਾਲ਼ਾ ਕਿਤੇ ਟਿੱਕ ਕੇ ਕੰਮ ਨਾ ਕਰਦਾ। ਪਿੱਛੇ ਨੂੰ ਤਾਂਘਦਾ ਰਹਿੰਦਾ। ਆਪਣਾ ਭਰਾ ਸੱਦ ਲਿਆ ਤੇ ਉਹਨੂੰ ਨਾਲ਼ ਰੱਖ ਲਿਆ। ਫਿਰ ਮਾਂ ਪਿਓ ਸੱਦ ਲਿਆ। ਉਹ ਵੀ ਨਾਲ਼ ਰੱਖਣੇ ਪੈਣੇ ਸਨ। ਇੰਦੀ ਉਹਨਾਂ ਨੂੰ ਵੱਖ ਕਰਨ ਲਈ ਕਹਿਣ ਲੱਗੀ ਤਾਂ ਕਲੇਸ਼ ਪੈ ਗਿਆ। ਇਸ ਕਲੇਸ਼ ਨੇ ਦੋਹਾਂ ਦਾ ਤਲ਼ਾਕ ਕਰਵਾ ਦਿੱਤਾ। ਘਰ ਦੀ ਮੌਰਟਗੇਜ ਇੰਦੀ ਨਾਂ ਸੀ। ਉਹਨਾਂ ਨੂੰ ਘਰ ਛੱਡ ਕੇ ਜਾਣਾ ਪਿਆ। ਇੰਦੀ ਇਕੱਲੀ ਆਪਣੀ ਧੀ ਨਾਲ਼ ਰਹਿਣ ਲੱਗੀ। ਮਾਪਿਆਂ ਕੋਲ਼ ਉਹ ਨਾ ਗਈ। ਉਹ ਜਾਣਦੀ ਸੀ। ਉਹਦੇ ਮਾਂ ਪਿਓ ਭੈਣ ਭਾਈ ਇੱਜ਼ਤਾਂ ਦੇ ਵਾਸਤੇ ਪਾ-ਪਾ, ਵਿਆਹ ਕਰਨ ਲਈ ਮਜਬੂਰ ਕਰਨਗੇ। ਵਿਆਹ ਵੀ ਪੰਜਾਬੀ ਮੁੰਡੇ ਨਾਲ਼ ਕਰਨ ਲਈ ਕਹਿਣਗੇ। ਉਹ ਅਜ਼ਾਦ ਰਹਿਣਾ ਚਾਹੁੰਦੀ ਸੀ। ਮਨ ਆਇਆ ਕਰਨਾ ਲੋਚਦੀ ਸੀ। ਜ਼ਿੰਦਗੀ ਮਾਨਣ ਦੀ ਚਾਹਤ ਕਿਸੇ ਦਾ ਗੁਲਾਮ ਬਣਨ ਤੋਂ ਰੋਕਦੀ ਹੈ। ਕੋਈ ਮਨ ਦਾ ਮੀਤ ਤਲਾਸ਼ਣਾ ਚਹੁੰਦੀ ਸੀ। ਇਸ ਲਈ ਉਹਨੇ ਕਈ ਮਨਾਂ ਦੇ ਬੂਹੇ ਖੜਕਾਏ। ਪਰ ਕੋਈ ਬੂਹਾ ਐਸਾ ਨਾ ਮਿਲਿਆ, ਜਿਸ ਨੂੰ ਲੰਘ ਉਹ ਮੋਹ ਦੇ ਵਿਹੜੇ ਵਿੱਚ ਸੱਧਰਾਂ ਦੀ ਮੰਝੀ ਡਾਹ ਕੇ ਗੂੜ੍ਹੀ ਨੀਂਦੇ ਸੌਂ ਸਕਦੀ। ਮਾਪਿਆਂ ਦਾ ਡਰ ਤੇ ਧੀ ਦਾ ਫਿਕਰ ਵੀ ਖੁੱਲ੍ਹ ਕੇ ਜਿਉਣ ਨਾ ਦਿੰਦਾ। ਇਸੇ ਲੁੱਕਾ ਛਿੱਪੀ ਵਿੱਚ ਸਤਾਰਾਂ ਸਾਲ ਬੀਤ ਗਏ। ਧੀ ਬਰਾਬਰ ਦੀ ਹੋ ਗਈ ਸੀ। ਉਹਨੇ ਪੜ੍ਹਨ ਲਈ ਦੂਰ ਯੂਨੀਵਰਸਿਟੀ ਜਾਣ ਦਾ ਫੈਸਲਾ ਕਰ ਲਿਆ ਤਾਂ ਉਹ ਹੋਰ ਇਕੱਲੀ ਹੋ ਗਈ। ਰਾਤਾਂ ਦੀ ਇਕੱਲਤਾ ਨੂੰ ਘਟਾਉਣ ਲਈ ਉਹ ਵਾਈਨ ਦਾ ਗਲਾਸ ਲੈ ਬੈਠਦੀ। ਆਪਣੇ ਆਪ ਨੂੰ ਕੋਸਦੀ। ਕਦੇ ਉਹ ਆਪਣੇ ਕਲ਼ਚਰ ਨੂੰ ਕੋਸਦੀ ਜਿਸ ਵਿੱਚ ਉਹ ਜੰਮੀ ਪਲ਼ੀ ਸੀ। ਆਪਣਿਆ ਤੋਂ ਤਾਂ ਉਹ ਦੂਰ ਜਾ ਚੁੱਕੀ ਸੀ।

ਵੀਕਇੰਡ ਸੀ। ਵਾਇਨ ਦੇ ਗਲਾਸ ਵਿੱਚੋਂ ਚੁਸਕੀਆਂ ਲੈਂਦੀ, ਪੌੜੀਆਂ ਚੜ੍ਹੀ। ਉਪਰਲੀ ਫਲੋਰ ਤੇ ਬਣੇ ਬਾਥ ਰੂਮ ਵਿੱਚ ਨਹਾਉਣ ਵੜੀ ਤਾਂ ਸ਼ੀਸ਼ੇ ਮੋਹਰੇ ਖੜ ਆਪਣੇ ਆਪ ਨੂੰ ਦੇਖਦੀ ਰਹੀ। ਕਈ ਅਧੂਰੀਆਂ ਸੱਧਰਾਂ ਉਸਲ ਵੱਟੇ ਲੈਣ ਲੱਗੀਆਂ। ਸ਼ੈਤੀ ਅਠੱਤੀ ਸਾਲ ਦੀ ਉਮਰ ਵਿੱਚ ਪੂਰੀ ਫਿੱਟ ਸੀ। ਬਾਥ ਦਾ ਟੱਪ ਗਰਮ ਪਾਣੀ ਨਾਲ਼ ਭਰ ਵਿੱਚ ਲੇਟ ਗਈ। ਆਪਣੇ ਆਪ ਨਾਲ਼ ਖੇਡਦੀ ਦਾ ਮਨ ਕਿਸੇ ਦੂਜੇ ਲਈ ਉਤਾਵਲਾ ਹੋਣ ਲੱਗਾ। ਗਲਾਸ ਵਿੱਚਲੀ ਵਾਇਨ ਖ਼ਤਮ ਹੋ ਗਈ ਸੀ। ਪਰ ਪੀਣ ਦੀ ਚਾਹਤ ਅਜੇ ਅਧੂਰੀ ਸੀ ਤੇ ਖ਼ਿਆਲੀ ਉਡਾਰੀਆਂ ਮਾਰਨ ਦੀ ਤਮੰਨਾ ਅਜੇ ਮੁੱਕੀ ਨਹੀਂ ਸੀ। ਬਾਥ ਦਾ ਪਾਣੀ ਕੱਢਣ ਲਈ ਢੱਕਣ ਖੋਲ ਦਿੱਤਾ। ਪੌੜੀਆਂ ਉਤਰ ਹੇਠਾਂ ਕਿਚਨ ਵਿੱਚੋਂ ਵਾਈਨ ਦਾ ਗਲਾਸ ਭਰਨ ਆਈ ਤਾਂ ਹੈਰਾਨ ਰਹਿ ਗਈ। ਛੱਤ ਚੋਂ ਪਾਣੀ ਦੀਆਂ ਧਰਾਲਾਂ ਵੈਹ ਰਹੀਆਂ ਸਨ। ਉਹ ਘਬਰਾ ਗਈ। ਦੌੜ ਕੇ ਲਿਵਿੰਗ ਰੂਮ ਵਿੱਚ ਆਈ, ਫ਼ੋਨ ਚੱਕਿਆ ਤੇ ਸਵੈਮਾਨ ਨੂੰ ਲਾਇਆ। ਉਹਨੂੰ ਜਲਦੀ ਆਉਣ ਦੀ ਬੇਨਤੀ ਕੀਤੀ। ਸਵੈਮਾਨ ਵੀ ਨਹਾ ਧੋ ਕੇ, ਬੀਅਰ ਦੀ ਬੋਤਲ ਖੋਲ੍ਹ, ਵੀਕਇੰਡ ਮਨਾਉਣ ਹੀ ਲੱਗਾ ਸੀ। ਹੁਣ ਉਹ ਲੱਕੀ ਨੂੰ ਤੰਗ ਕਰਨ ਨਾਲੋਂ ਆਪਣੇ ਆਪ ਨੂੰ ਤੰਗ ਕਰ ਲੈਂਦਾ ਸੀ। ਰੋਜ਼ਾਨਾ ਦੋ ਚਾਰ ਮਾਰ ਕੇ ਸੌਂ ਜਾਂਦਾ। ਪਹਿਲਾਂ ਬਹੁਤ ਘੱਟ ਪੀਂਦਾ ਸੀ। ਜੇ ਕਦੇ ਪੀਂਦਾ ਸੀ ਤਾਂ ਲੱਕੀ ਪਿਆਰ ਨਾਲ ਰੋਕਦੀ। ਉਹ ਰੁੱਕ ਜਾਂਦਾ। ਹੁਣ ਉਹ ਵੀ ਨਹੀਂ ਰੋਕਦੀ ਸੀ। ਉਹਦੀ ਜਾਨ ਸੁਖਾਲੀ ਸੀ। ਸਵੈਮਾਨ ਨੇ ਉਸੇ ਵਕਤ ਵੈਨ ਸਟਾਰਟ ਕੀਤੀ ਤੇ ਇੰਦੀ ਦੇ ਘਰ ਪਹੁੰਚ ਗਿਆ।

ਇੰਦੀ ਨੇ ਸਵੈਮਾਨ ਨੂੰ ਸ਼ੀਸ਼ੇ ਵਿੱਚੋਂ ਦੇਖ ਲਿਆ। ਪਹਿਲੀ ਵਾਰ ਲਿਸ਼ਕੇ ਪੁਸ਼ਕੇ ਸਵੈਮਾਨ ਨੂੰ ਦੇਖ ਸੋਚਣ ਲੱਗੀ। ਕਿੰਨਾ ਫਿੱਟ ਹੈ। ਉਹਨੂੰ ਭਾਵੇਂ ਪੰਜਾਬੀ ਬੰਦੇ ਪਸੰਦ ਨਹੀਂ ਸਨ। ਤਲਾਕ ਤੋਂ ਮਗਰੋਂ ਉਹਨੇ ਆਪਣੀ ਦੋਸਤੀ ਗੋਰੇ ਗੋਰੀਆਂ ਨਾਲ਼ ਹੀ ਰੱਖੀ ਸੀ। ਵਾਈਨ ਦੇ ਨਸ਼ੇ ਕਾਰਨ ਦੱਬੀਆਂ ਰੀਝਾਂ ਉੱਸਲ-ਵੱਟੇ ਲੈਣ ਲੱਗੀਆਂ।

"ਸੌਰੀ ! ਤੁਹਾਡਾ ਵੀਕ ਇੰਡ ਖ਼ਰਾਬ ਕਾਰਨ ਦਾ ਬਹੁਤ ਦੁੱਖ ਹੈ।" ਇੰਦੀ ਪੋਰਚ ਦੀ ਸ਼ੀਸ਼ੇ ਵਾਲ਼ੀ ਡੋਰ ਨੂੰ ਖੋਲ੍ਹਦੀ, ਉਚੇਚੇ ਪਿਆਰ ਨਾਲ਼ ਮਿਲੀ।

"ਕੋਈ ਗੱਲ ਨਹੀਂ। ਇਸ ਵਿੱਚ ਤੁਹਾਡਾ ਕੋਈ ਕਸੂਰ ਨਹੀਂ।" ਉਹ ਆਪਣੀ ਕਿੱਟ ਲੈ ਕੇ ਅੰਦਰ ਆ ਪੌੜੀਆਂ ਚੜ੍ਹ ਬਾਥ ਵਿੱਚ ਜਾ ਕੇ ਚੈਕ ਕਰਨ ਲੱਗਾ।

"ਕੀ ਪੀਓਗੇ?" ਇੰਦੀ ਉਸ ਦੇ ਮਗਰੇ ਆ ਗਈ।

"ਕੁੱਝ ਨਹੀਂ...। ਤੁਹਾਡੀ ਕਿਸਮਤ ਚੰਗੀ ਹੈ। ਮੈਂ ਅਜੇ ਬੀਅਰ ਦੀ ਬੋਤਲ ਖੋਲ੍ਹੀ ਹੀ ਸੀ। ਜਦੋਂ ਤੁਹਾਡਾ ਫ਼ੋਨ ਆ ਗਿਆ। ਜੇ ਪੀ ਲੈਂਦਾ, ਫਿਰ ਮੈਂ ਨਹੀਂ ਆਉਣਾ ਸੀ।" ਸਵੈਮਾਨ ਨੇ ਇੰਦੀ ਵੱਲ ਤੱਕਿਆ। ਉਹ ਮੁਸਕਰਾ ਰਹੀ ਸੀ।

"ਬੀਅਰ ਤੁਹਾਨੂੰ ਮੈਂ ਪਿਲਾ ਦਿਆਂਗੀ।" ਇੰਦੀ ਨੇ ਐਨੀ ਅਪਣੱਤ ਦਿਖਾਈ ਕਿ ਸਵੈਮਾਨ ਪੁੱਛਣੋ ਨਾ ਰਹਿ ਸਕਿਆ।

"ਤੁਸੀਂ ਡਰਿੰਕ ਕਰ ਲੈਂਦੇ ਹੋ?"

"ਥੋੜੀ ਬਹੁਤ... ਕੇਵਲ ਵਾਈਨ।"

"ਥੋੜੀ ਜਿਹੀ ਤਾਂ ਸਿਹਤ ਲਈ ਵਧੀਆ ਹੈ। ਇਸੇ ਲਈ ਤੁਸੀਂ ਫਿੱਟ ਹੋ।"

"ਥੈਂਕਸ ...ਬੱਟ ਲਾਈਫ ਟੂ ਹਾਰਡ।"

"ਆਈ ਨੋ, ਤੁਸੀਂ ਕਾਫੀ ਸਟਰਗਲ ਕੀਤੀ। ਪਰ ਤੁਸੀਂ ਬੀਤੇ ਨੂੰ ਭੁੱਲ ਜਾਓ ਤੇ ਜ਼ਿੰਦਗੀ ਨੂੰ ਇੰਜੁਆਏ ਕਰੋ।" ਸਵੈਮਾਨ ਨੇ ਇੰਦੀ ਨਾਲ਼ ਹਮਦਰਦੀ ਵੀ ਜਿਤਾਈ।

"ਇਕੱਲਿਆਂ ਦਾ ਕਾਹਦਾ ਇੰਨਜੁਆਏ ਆ।" ਇੰਦੀ ਨੇ ਲੰਬਾ ਹੌਕਾ ਭਰਿਆ।

"ਮੈਂ ਤੁਹਾਡੇ ਦੁਖ ਨੂੰ ਸਮਝ ਸਕਦਾ ਹਾਂ। ਇਹ ਕੁੱਝ ਦੇਰ ਤੋਂ ਮੈਨੂੰ ਵੀ ਇਕਸਪੀਅੰਸ ਹੋਇਆ।"

"ਯੁਆਰ ਵਾਈਫ਼ ਇਜ਼ ਫਾਈਨ?" ਉਹ ਗੰਭੀਰ ਹੋ ਗਈ।

"ਠੀਕ ਨਹੀਂ, ਉਹਨੂੰ ਬੜੀ ਗੰਭੀਰ ਬਿਮਾਰੀ ਹੈ। ਉਹ ਰੀਲੇਸ਼ਨ ਨਹੀਂ ਬਣਾ ਸਕਦੀ। ਉਹਦੇ ਲਈ ਇਹ ਬਹੁਤ ਪੇਨਫੁੱਲ ਹੈ। ਇਸ ਲਈ ਮੈਨੂੰ ਉਹਦੇ ਤੋਂ ਦੂਰ ਹੀ ਰਹਿਣਾ ਪੈਂਦਾ।"

"ਇਹ ਤਾਂ ਡਾਇਵੋਰਸ ਤੋਂ ਵੀ ਮਾੜੀ ਗੱਲ ਹੈ।"

"ਵੈਸੇ ਬਹੁਤ ਚੰਗੀ ਔਰਤ ਹੈ, ਪਰ ਇਸ ਕਾਰਨ ਅਸੀਂ ਦੋਵੇਂ ਬਹੁਤ ਦੁਖੀ ਹਾਂ।" ਗੱਲਾਂ ਕਰਦਿਆਂ ਸਵੈਮਾਨ ਨੇ ਬਾਥ ਠੀਕ ਕਰ ਦਿੱਤਾ ਤੇ ਕਿੱਟ ਚੱਕ ਲਈ।

"ਤੁਸੀਂ ਟੂਲ ਵੈਨ ਵਿੱਚ ਰੱਖ ਆਓ। ਪੈਸੇ ਦੱਸੋ ਕਿੰਨੇ ਬਣੇ। ਫਿਰ ਤੁਹਾਨੂੰ ਬੀਅਰ ਪਿਆ ਕੇ ਭੇਜਾਂਗੀ।" ਇੰਦੀ ਉਹਦੇ ਮੂਹਰੇ ਪੌੜੀਆਂ ਉੱਤਰ ਆਈ।

"ਪੈਸੇ ਤੁਹਾਡੇ ਤੋਂ ਕਾਹਦੇ ਲੈਣੇ।" ਸਵੈਮਾਨ ਨੇ ਅਪਣੱਤ ਦਿਖਾਈ।

"ਨਹੀਂ-ਨਹੀਂ, ਇਹ ਠੀਕ ਨਹੀਂ।"

"ਤੁਹਾਨੂੰ ਜਿਵੇਂ ਠੀਕ ਲੱਗਦਾ। ਉਵੇਂ ਕਰ ਲਵਾਂਗੇ।" ਸਵੈਮਾਨ ਹੱਸਦਾ ਬਾਹਰ ਨਿੱਕਲ ਗਿਆ। ਸਮਾਨ ਰੱਖ ਕੇ ਵਾਪਸ ਆਇਆ ਤਾਂ ਇੰਦੀ ਨੇ ਸੋਫੇ ਸਾਹਮਣੇ ਪਏ ਟੇਬਲ 'ਤੇ ਇੱਕ ਬੀਅਰ ਦੀ ਬੋਤਲ ਤੇ ਆਪਣਾ ਵਾਈਨ ਦਾ ਗਲਾਸ ਭਰ ਕੇ ਰੱਖਿਆ ਹੋਇਆ ਸੀ।

"ਆਓ ਬੈਠੋ !" ਆਖ ਆਪਣਾ ਪਰਸ ਖੋਲ੍ਹਦੀ ਬੋਲੀ, "ਪਹਿਲਾਂ ਦੱਸੋ ਕਿੰਨੇ ਪੈਸੇ ਹੋਏ।"

"ਵੰਨ ਪੌਂਡ।" ਸਵੈਮਾਨ ਨੇ ਸੋਫੇ ਤੇ ਬੈਠਦਿਆਂ ਹੱਸ ਕੇ ਕਿਹਾ।

"ਮਜ਼ਾਕ ਨਹੀਂ, ਸੀਰੀਅਸ ਦੱਸ... ਕਿੰਨੇ?"

"ਤੂੰ ਜਦੋਂ ਐਨਾਂ ਨੇੜੇ ਹੋ ਗਈ ਏ। ਆਪਣੇ ਕੋਲ਼ ਬਿਠਾ ਬੀਅਰ ਪਿਲਾ ਰਹੀ ਹੈ। ਫਿਰ ਮੈਂ ਪੈਸੇ ਕਿਵੇਂ ਲੈ ਲਵਾਂ।" ਸਵੈਮਾਨ ਨੇ ਹੌਸਲਾ ਕਰ ਕਹਿ ਦਿੱਤਾ।

"ਮੈਨੂੰ ਵੀ ਤੂੰ ਬਹੁਤ ਚੰਗਾ ਲੱਗਿਆ ਤਾਂ ਹੀ ਮੈਂ ਚਹੁੰਦੀ ਹਾਂ। ਤੈਨੂੰ ਕੁਝ ਨਾ ਕੁੱਝ ਜਰੂਰ ਦੇਵਾਂ।" ਉਹਨੇ ਵੀਹਾਂ ਵੀਹਾਂ ਦੇ ਦੋ ਨੋਟ ਕੱਢ ਉਸ ਵੱਲ ਵਧਾਏ। ਸਵੈਮਾਨ ਫੜਨ ਤੋਂ ਨਾਹ ਕਰਦਾ ਪਿੱਛੇ ਸੋਫੇ ਨਾਲ਼ ਢੋਅ ਲਾ ਬੈਠ ਗਿਆ।

ਇੰਦੀ ਟੇਬਲ ਤੋਂ ਪਾਸੇ ਦੀ ਹੋ ਸਵੈਮਾਨ ਵੱਲ ਵਧੀ। ਉਹਦੀ ਕਮੀਜ਼ ਦੀ ਜੇਬ ਵਿੱਚ ਪੈਸੇ ਪਾਉਣ ਲੱਗੀ। ਸਵੈਮਾਨ ਨੇ ਉਹਦਾ ਹੱਥ ਫੜ ਰੋਕਣ ਦੀ ਕੋਸ਼ਿਸ ਕੀਤੀ। ਉਹਨੇ ਬੁਰਾ ਨਾ ਮਨਾਇਆ।

"ਹੁਣ ਭਲਾ ਤੇਰੇ ਮੇਰੇ ਪੈਸਿਆਂ ਵਿੱਚ ਕੀ ਫਰਕ ਰਹਿ ਗਿਆ।" ਸਵੈਮਾਣ ਨੇ ਇੰਦੀ ਨੂੰ ਕੋਲ ਬੈਠਾ ਲਿਆ।

"ਚੱਲ ਮੇਰਾ ਪਿਆਰ ਸਮਝ ਕੇ ਰੱਖ ਲੈ।" ਇੰਦੀ ਨੇ ਨਾਲ਼ ਲੱਗ ਕੇ ਪਿਆਰ ਜਿਤਾਇਆ।

ਦੋਹਾਂ ਨੇ ਜਾਮ ਟਕਰਾਏ। ਇੱਕ ਦੂਜੇ ਦੇ ਬੁੱਲ੍ਹਾਂ ਨੂੰ ਲਾਏ ਤੇ ਇਕ ਨਵੇਂ ਰਿਸ਼ਤੇ ਦੀ ਨੀਂਹ ਰੱਖ ਲਈ। ਹੁਣ ਸਵੈਮਾਨ ਦਾ ਵੀਕ ਇੰਡ ਕਦੇ ਪੱਬ ਦਾ ਬਹਾਨਾ, ਕਦੇ ਕੰਮ ਤੋਂ ਲੇਟ ਹੋਣ ਦਾ ਬਹਾਨਾ ਬਣਦਾ ਤੇ ਉਹ ਇਕੱਠੇ ਸਮਾਂ ਬਿਤਾਉਂਦੇ।

ਲੱਕੀ ਨੂੰ ਸ਼ੱਕ ਤਾਂ ਸੀ। ਪਰ ਉਹ ਰੋਕਦੀ ਕਿਹੜੇ ਹੱਕ ਨਾਲ਼। ਉਹਨੇ ਇਸ ਗੱਲ ਦੀ ਪਰਵਾਹ ਛੱਡ ਆਪਣੇ ਆਪ ਨੂੰ ਬੱਚਿਆਂ ਨਾਲ਼ ਪ੍ਰਚਾਉਣਾ ਸ਼ੁਰੂ ਕਰ ਦਿੱਤਾ। ਸਵੈਮਾਨ ਕਦੋਂ ਘਰ ਆਉਂਦਾ। ਕਦੋਂ ਕੰਮ ਤੇ ਜਾਂਦਾ। ਇਸ ਬਾਰੇ ਲੱਕੀ ਨੇ ਪੁੱਛਣਾ ਤੇ ਸੋਚਣਾ ਬੰਦਾ ਕਰ ਦਿਤਾ। ਉਸ ਲਈ ਆਪਣੇ ਦੁੱਖਾਂ ਦਰਦਾਂ ਤੋਂ ਬਚਣ ਦਾ ਇਸ ਤੋਂ ਵੱਡਾ ਹੋਰ ਕੋਈ ਤਰੀਕਾ ਨਹੀਂ ਸੀ। ਪਰ ਹੁਣ ਜਦੋਂ ਮੁੰਡੇ ਵੱਡੇ ਹੋ ਗਏ ਤਾਂ ਉਹ ਵੀ ਰੋਕਣ ਲੱਗੀ। ਉਹਨੂੰ ਡਰ ਸੀ ਮੁੰਡਿਆ 'ਤੇ ਵੀ ਮਾੜਾ ਅਸਰ ਪਊਗਾ। ਪਰ ਸਵੈਮਾਨ ਇੰਦੀ ਨਾਲ਼ ਅੰਦਰੋਂ ਜੁੜ ਗਿਆ ਸੀ। ਕਈ ਵਾਰ ਜ਼ਿਆਦਾ ਪੀ ਖਾ ਲੈਂਦਾ ਤਾਂ ਰਾਤ ਵੀ ਉਹਦੇ ਕੋਲ਼ ਰਹਿ ਪੈਂਦਾ। ਮੁੰਡਿਆ ਨੇ ਵੀ ਵਿਰੋਧ ਕਰਨਾ ਸ਼ੁਰੂ ਕੀਤਾ ਤਾਂ ਘਰ ਵਿੱਚ ਤਣਾਅ ਰਹਿਣਾ ਹੀ ਸੀ। ਸਵੈਮਾਣ ਦੇ ਭੈਣ ਭਰਾ ਵੀ ਇਸ ਗੱਲ ਦਾ ਵਿਰੋਧ ਕਰ ਰਹੇ ਸਨ। ਸਾਰੇ ਇਹੀ ਕਹਿ ਰਹੇ ਸਨ।

"ਚੰਗੀ ਭਲੀ ਬਣਦੀ ਤਣਦੀ ਆਪਣੀ ਘਰਵਾਲ਼ੀ ਛੱਡ ਕਿ ਬਾਹਰ ਤੁਰਿਆ ਫਿਰਦਾ।" ਪਰ ਅੰਦਰਲੀ ਗੱਲ ਕਿਸੇ ਨੂੰ ਵੀ ਨਹੀਂ ਪਤਾ ਸੀ। ਧੀ ਹੁੰਦੀ ਤਾਂ ਲੱਕੀ ਉਹਦੇ ਨਾਲ਼ ਗੱਲ ਸਾਂਝੀ ਕਰ ਵੀ ਲੈਂਦੀ। ਪੁੱਤਾਂ ਨੂੰ ਕੀ ਦੱਸੇ। ਮੁੰਡੇ ਪਿਉ ਦੇ ਮੂਹਰੇ ਵੀ ਬੋਲਣ ਲੱਗੇ ਸਨ। ਉਹਨੂੰ ਘਰੋਂ ਵੀ ਨਹੀਂ ਕੱਢ ਸਕਦੇ ਸੀ। ਸਭ ਕੁਝ ਉਹਦੇ ਨਾ ਸੀ। ਲੱਕੀ ਨੇ ਤਾਂ ਅਜੇ ਤੱਕ ਇਕ ਦਿਨ ਵੀ ਜੌਬ ਨਹੀਂ ਕੀਤੀ ਸੀ। ਜਦੋਂ ਮੁੰਡਿਆਂ ਮਗਰ ਲੱਗ ਲੱਕੀ ਵੀ ਉਹਨੂੰ ਇੰਦੀ ਕੋਲ ਜਾਣ ਤੋਂ ਰੋਕਣ ਲੱਗੀ ਤਾਂ ਸਵੈਮਾਨ

ਨੇ ਇੰਦੀ ਨਾਲੋਂ ਸਬੰਧ ਤੋੜਨ ਤੋਂ ਇਨਕਾਰ ਕਰ ਦਿੱਤੀ।

ਅਖੀਰ ਰਿਸ਼ਤੇਦਾਰਾਂ ਅਤੇ ਮੁੰਡਿਆਂ ਨੇ ਲੱਕੀ ਨੂੰ ਚੱਕ ਕੇ ਘਰ ਦੇ ਲੌਕ ਬਦਲਵਾ ਦਿੱਤੇ। ਸਵੈਮਾਨ ਦਾ ਘਰ ਆਉਣਾ ਬੰਦ ਕਰਵਾ ਕੇ, ਲੱਕੀ ਵੱਲੋਂ ਡੈਵੋਰਸ ਦਾ ਕੇਸ ਅਪਲਾਈ ਕਰਵਾ ਦਿੱਤਾ। ਸਵੈਮਾਨ ਬਹੁਤ ਪ੍ਰੇਸ਼ਾਨ ਹੋ ਗਿਆ। ਲੱਕੀ ਨਾਲ਼ ਪਹਿਲੀ ਉਮਰ ਦਾ ਪਿਆਰ ਇਸ ਤਰ੍ਹਾਂ ਟੁੱਟਣਾ ਮੁਸ਼ਕਲ ਸੀ। ਉਹ ਇੰਦੀ ਕੋਲ਼ ਵੀ ਉਹਦੀਆਂ ਗੱਲਾਂ ਲੈ ਕੇ ਬੈਠਾ ਰਹਿੰਦਾ।

"ਇੰਦੀ ਤੂੰ ਦੱਸ ਇਹਦੇ ਵਿੱਚ ਮੇਰਾ ਕੀ ਕਸੂਰ ਆ। ਉਹਦਾ ਵੀ ਕੋਈ ਕਸੂਰ ਨਹੀਂ। ਬਿਮਾਰੀ ਹੀ ਅਜੇਹੀ ਲੱਗੀ, ਜਿਸ ਨੇ ਸਾਨੂੰ ਦੂਰ ਕਰ ਦਿੱਤਾ...। ਮੈਨੂੰ ਪਤਾ ਹੈ ਉਹ ਮੇਰੇ ਬਿਨਾਂ ਇਕੱਲੀ ਨਹੀਂ ਰਹਿ ਸਕਦੀ...। ਉਹ ਤੇਰੇ ਜਿੰਨੀ ਦਲੇਰ ਨਹੀਂ। ਇਕੱਲੀ ਘਰ ਨਹੀਂ ਰਹਿ ਸਕਦੀ...। ਇਹ ਮੁੰਡਿਆਂ ਤੇ ਸਾਡੇ ਰਿਸ਼ਤੇਦਾਰਾਂ ਦਾ ਚੱਕਣ ਚੱਕਿਆ...। ਮੁੰਡਿਆਂ ਨੂੰ ਡਰ ਹੈ ਕਿਤੇ ਮੈਂ ਪਰੌਪਰਟੀ ਤੇਰੇ ਨਾਂ ਨਾ ਕਰ ਦੇਵਾਂ।"

"ਮੈਨੂੰ ਅਜੇਹਾ ਲਾਲਚ ਹੁੰਦਾ ਤਾਂ ਤੈਨੂੰ ਵਿਆਹ ਕਰਾਉਣ ਨੂੰ ਕਹਿੰਦੀ। ਤੇਰੇ ਨਾਲ ਇੱਕ ਸਾਂਝ ਹੈ। ਮੈਂ ਕਦੇ ਤੈਨੂੰ ਕੰਮਪੈਲ ਨਹੀਂ ਕੀਤਾ ਕਿ ਮੇਰੇ ਕੋਲ਼ ਹੀ ਰਹਿ। ਜਦੋਂ ਤੋਂ ਆਪਾਂ ਰੀਲੇਸ਼ਨ ਵਿੱਚ ਹਾਂ। ਮੇਰੀ ਕੁੜੀ ਵੀ ਖੁਸ਼ ਹੈ। ਉਹ ਕਹਿੰਦੀ ਮੰਮਾ ਤੈਨੂੰ ਕੰਪਨੀ ਚਾਹੀਦੀ ਹੈ। ਮੇਰੇ ਵੱਲੋਂ ਤੂੰ ਅਜ਼ਾਦ ਏ।"

"ਕੁੜੀਆਂ ਸਮਝਦਾਰ ਹੁੰਦੀਆਂ। ਸਾਡੇ ਵੀ ਕੁੜੀ ਹੁੰਦੀ ਤਾਂ ਲੱਕੀ ਉਹਨੂੰ ਦੱਸ ਸਕਦੀ ਸੀ ਸਾਡੀ ਮਜਬੂਰੀ ਕੀ ਹੈ। ਮੁੰਡਿਆ ਨੂੰ ਹੁਣ ਕੀ ਦੱਸੀਏ।"


"ਨਹੀ ਸਵੈ, ਜੇ ਹੁਣ ਕੋਰਟ ਵਿਚ ਹੀ ਗੱਲ ਚਲੀ ਗਈ ਹੈ ਤਾਂ ਤੈਨੂੰ ਸਾਫ ਸਾਫ ਦੱਸ ਦੇਣਾ ਚਾਹੀਦਾ। ਹੁਣ ਮੈਂ ਵੀ ਤੇਰੇ ਬਿਨਾਂ ਨਹੀਂ ਰਹਿ ਸਕਦੀ। ਮੈਂ ਲੱਕੀ ਤੋਂ ਤੈਨੂੰ ਪੂਰੇ ਦਾ ਪੂਰਾ ਵੀ ਨਹੀਂ ਖੋਹ ਸਕਦੀ। ਵੱਧਦੀ ਉਮਰ ਨਾਲ਼ ਮਾਨਸਿਕ ਸਹਾਰੇ ਦੀ ਬਹੁਤ ਜਰੂਰਤ ਹੁੰਦੀ। ਹੁਣ ਤੂੰ ਮੇਰੀ ਲੋੜ ਬਣ ਗਿਆ।" ਇੰਦੀ ਸਵੈਮਾਨ ਦੇ ਮੋਢੇ ਨੂੰ ਫੜੀ ਬੈਠੀ ਸੀ। ਉਸ ਨੂੰ ਲਗਦਾ ਸੀ ਉਹ ਹੁਣੇ ਉਸ ਨੂੰ ਛੱਡ ਜਾਵੇਗਾ।

"ਮੈਂ ਤੈਨੂੰ ਜਾਂ ਲੱਕੀ ਨੂੰ ਸ਼ਰੇਆਮ ਬਦਨਾਮ ਨਹੀਂ ਹੋਣ ਦੇਣਾ ਚਹੁੰਦਾ।" ਸਵੈਮਾਨ ਸਿਰ ਫੜੀ ਬੈਠਾ ਸੀ। ਸੋਚ ਵਿਚਾਰ ਕੇ ਉਹਨੇ ਵਕੀਲ ਦੀ ਪਰਵਾਹ ਕੀਤੇ ਬਿਨਾਂ ਕੋਰਟ ਵਿੱਚ ਬਿਆਨ ਦਿੱਤਾ ਤਾਂ ਸਵੈਮਾਨ ਦੀ ਗੱਲ ਸੁਣ ਲੱਕੀ ਭੁੱਬਾਂ ਮਾਰ ਕੇ ਰੋਣ ਲੱਗ ਪਈ। ਕੋਰਟ, ਵਕੀਲ ਤੇ ਮੁੰਡੇ ਹੈਰਾਨ ਰਹਿ ਗਏ। ਲੱਕੀ ਗੱਲ ਕਰਨ ਦੀ ਹਾਲਤ ਵਿੱਚ ਨਹੀਂ ਸੀ। ਲੱਕੀ ਦੇ ਵਕੀਲ ਨੇ ਕੋਰਟ ਤੋਂ ਸਮਾਂ ਮੰਗਿਆ। ਕੋਰਟ ਬਰਖਾਸਤ ਕਰ ਦਿੱਤੀ। ਸਾਰਿਆਂ ਦਿਮਾਗਾਂ ਵਿੱਚ ਉਹਨਾਂ ਬਾਰੇ ਅੱਗੇ ਜਾਨਣ ਦੀ ਉਤਸੁੱਕਤਾ ਸੀ।


ਕੋਰਟ ਦੁਬਾਰਾ ਸ਼ੁਰੂ ਹੋਈ। ਵਕੀਲ ਤੇ ਮੁੰਡਿਆਂ ਨੇ ਲੱਕੀ ਨੂੰ ਪੂਰੀ ਤਰ੍ਹਾਂ ਕਨੂੰਨ ਪੜ੍ਹਾ ਕੇ ਤਿਆਰ ਕਰ ਕੋਰਟ ਵਿੱਚ ਲਿਆਂਦਾ। ਲੱਕੀ ਨਵੇਂ ਜਲ਼ਾਲ ਵਿੱਚ ਸੀ। ਮੁੰਡਿਆਂ ਦੇ ਚਿਹਰੇ ਵੀ ਖੁਸ਼ ਜਾਪਦੇ ਸੀ। ਲਗਦਾ ਸੀ ਲੱਕੀ ਤਲ਼ਾਕ ਲੈਣ ਦੀ ਹਾਮੀ ਭਰੇਗੀ। ਉਹ ਜੱਜ ਸਾਹਮਣੇ ਸਵੈਮਾਨ ਵੱਲ ਤੱਕਦੀ ਬੋਲੀ।


"ਕਾਸ਼! ਮੇਰੇ ਇੱਕ ਧੀ ਹੁੰਦੀ। ਜੋ ਮੇਰੇ ਦਰਦ ਨੂੰ, ਇੰਦੀ ਦੀ ਧੀ ਵਾਂਗ ਸਮਝ ਸਕਦੀ ਤੇ ਉਹਦਾ ਹੱਲ ਦੱਸ ਸਕਦੀ...। ਅਜੇ ਤੱਕ ਮੈਨੂੰ ਤੇ ਮੇਰੇ ਦਰਦ ਨੂੰ ਸਮਝਣ ਵਾਲਾ, ਇਹੀ ਇੱਕ ਬੰਦਾ ਹੈ। ਇਹ ਚਹੁੰਦਾ ਕਈ ਸਾਲ ਪਹਿਲਾਂ ਵੀ ਤਲ਼ਾਕ ਲੈ ਲੈਂਦਾ। ਇਹ ਮੈਨੂੰ ਮੇਰੇ ਬੱਚਿਆਂ ਤੋਂ ਵੱਧ ਜਾਣਦਾ ਹੈ। ਜੋ ਗੱਲ ਉਹ ਸ਼ਰੇਆਮ ਕਹਿਣ ਤੋਂ ਝਿਜਕਦਾ ਹੈ। ਮੈਂ ਸ਼ਰੇਆਮ ਕਹਿੰਦੀ ਹਾਂ। ਮਰਦ ਨੂੰ ਔਰਤ ਦੇ...ਤੇ ਔਰਤ ਨੂੰ ਮਰਦ ਦੇ ਸ਼ਰੀਰ ਦੀ ਤੇ ਪਿਆਰ ਦੀ ਹਮੇਸ਼ਾ ਲੋੜ ਰਹਿੰਦੀ ਹੈ। ਮੈਂ ਉਹਦੀ ਲੋੜ ਪੂਰੀ ਨਹੀਂ ਕਰ ਸਕਦੀ ਸੀ। ਪਰ ਉਹਨੇ ਮੇਰੇ ਪਿਆਰ ਨੂੰ ਕਦੇ ਮਰਨ ਨਹੀਂ ਦਿੱਤਾ। ਅੱਜ ਵੀ ਉਹਨੂੰ ਮੇਰੇ ਫਿਊਚਰ ਦੀ ਫਿਕਰ ਹੈ। ਇਸ ਲਈ ਮੈਨੂੰ ਤਲਾਕ ਨਹੀਂ...! ਉਹਦਾ ਸਾਥ ਚਾਹੀਦਾ। ਸਰੀਰ ਨਹੀਂ ਪਿਆਰ ਚਾਹੀਦਾ।" ਜੱਜ ਵਕੀਲ ਤੇ ਰਿਸ਼ਤੇਦਾਰ ਸਭ ਹੈਰਾਨ ਸਨ।

**+ 44 7792287491**









ਇਸ ਧਰਤੀ ਤੇ ਰਹਿੰਦਿਆਂ
ਆਪਣੇ ਖੰਭ ਫੈਲਾਉਂਦਾ ਹੈ
ਆਕਾਸ਼ ਵੱਲ
ਪਰ ਪੈਰ ਰੱਖਦਾ ਹੈ
ਧਰਤੀ ਉੱਪਰ
ਅਮਰਜੀਤ ਕੌਂਕੇ

ਇੱਕ ਬਲਦੀ ਦੁਪਹਿਰ ਨੂੰ
ਮੋਢਿਆਂ ਤੇ ਚੁੱਕੀ ਜਾ ਰਿਹਾ
ਲਾਸ਼ ਝਾਕ ਰਿਹਾ ਹੈ
ਗੂੰਗੀ ਜਨਤਾ ਵੱਲ ਕੋਈ ਤਾਂ ਬੋਲੇ
ਖਾਮੋਸ਼ ਕਿਉਂ ਨੇ
ਇਹ ਲੋਕ ਏਨੀਆਂ ਸਦੀਆਂ ਤੋਂ ?

ਦੇ ਰਿਹਾ ਹੈ ਧੌਂਸ ਸਾਮਰਾਜਵਾਦ
ਨਾਗਵਲ ਪਾਉਣ ਦੇ ਲਈ
ਅਜਗਰ ਵਾਂਗ
ਮੇਹਲਦਾ ਫਿਰ ਰਿਹਾ
ਧਰਤੀ ਦੇ ਇੱਕ ਕੋਨੇ ਤੋਂ
ਦੂਜੇ ਕੋਨੇ ਤੀਕ

ਕਵੀ ਸੋਚਦਾ
ਕੀ ਬਿਸਾਤ ਇਹਨਾਂ
ਰਹਿਬਰਾਂ ਦੀ ਕਰਨੀ ਪਵੇਗੀ
ਗੱਲ ਸਮੇਂ ਦੇ ਸੱਚ ਦੀ
ਇੱਥੇ ਮਰੀਆਂ ਜਮੀਰਾਂ ਵਾਲੇ
ਲੋਕ ਵੱਸਦੇ ਨੇ

ਯਾਦ ਰੱਖੋ ਵਿਰਲਾਪ
ਕੀਤਿਆਂ ਕੁਝ ਨਹੀਂ ਬਣਨਾ
ਦੋਸ਼ੀਆਂ ਦੇ ਜੁਭਾੜ੍ਹਿਆਂ ਵਿੱਚ
ਤੁੰਨਣਾ ਪਏਗਾ ਬਰੂਦ
ਨਹੀਂ ਤਾਂ ਦੇਖਦੇ ਜਾਓ
ਤੁਹਾਨੂੰ ਲਿਖਣੀ ਪਏਗੀ
ਕਿਸੇ ਖੰਡਰ ਸ਼ਹਿਰ ਦੀ ਕਥਾ

ਸਾਵਧਾਨ ਕਰਦਾ ਹੈ
ਅਮਰਜੀਤ ਕੌਂਕੇ
ਆਉਣ ਵਾਲੀਆਂ



ਪੀੜ੍ਹੀਆਂ ਮੰਗਣਗੀਆਂ ਹਿਸਾਬ
ਮੇਰੇ ਘੁੱਗ ਵੱਸਦੇ ਪੰਜਾਬ ਨੂੰ
ਕਿਸ ਨੇ ਬਣਾਇਆ ਖੰਡਰ

ਹਰ ਪਾਸੇ ਫੈਲੀ ਹੋਈ ਹੈ
ਵਹਿਸ਼ੀਅਤ
ਹਾਕਮਾਂ ਦੀ ਸ਼ਹਿ ਤੇ
ਅਜੇ ਵੀ ਬੇਕਸੂਰਾਂ ਦੀਆਂ
ਧੌਣਾਂ ਤੇ
ਰੱਖੀ ਬੈਠੇ ਨੇ ਗੋਡੇ
ਜਦ ਤੱਕ ਨਿਕਲ ਨਹੀਂ ਜਾਂਦੇ
ਉਨ੍ਹਾਂ ਦੇ ਪ੍ਰਾਣ

ਫਿਰ ਖਬਰਦਾਰ ਕਰਦਾ ਹੈ
ਕਵੀ ਦੇਖਦੇ ਰਹਿਣਾ
ਫਿਰ ਉਠੇਗੀ ਬਗਾਵਤ
ਕਦ ਤੱਕ ਬਰਦਾਸ਼ਤ
ਕਰਦੇ ਰਹਿਣਗੇ ਲੋਕ
ਯਾਦ ਰੱਖਣਾ
ਜਦ ਕੋਈ ਵੀ ਹੀਲਾ
ਨਹੀਂ ਬਚਦਾ
ਚਿੜੀਆਂ ਵੀ ਬਾਜਾਂ ਮਗਰ
ਪੈ ਜਾਂਦੀਆਂ ਨੇ

ਬੜਾ ਗਿਆਨਵਾਨ ਹੁੰਦਾ ਹੈ ਕਵੀ
ਵੇਦ ਪੁਰਾਣ
ਸਿਮਰਤੀਆਂ ਗ੍ਰੰਥ ਦੱਸਦਾ ਹੈ
ਬੜੀ ਮਹਾਨ ਹੈ ਭਾਸ਼ਾ
ਭਾਸ਼ਾ ਮਰਦੀ ਹੈ
ਤਾਂ ਮਰ ਜਾਂਦੀ ਹੈ
ਕੌਮ ਵੀ

ਕਵੀ ਦੱਸਦਾ ਹੈ
ਕਾਗਜ਼ਾਂ ਨੂੰ
ਆਪਣਾ ਦੁੱਖ
ਆਪਣੀਆਂ ਖੁਸ਼ੀਆਂ
ਰਿਸ਼ਤਿਆਂ ਦੀ
ਨਵੀਂ ਸਿਰਜਦਾ ਹੈ ਪਰਿਭਾਸ਼ਾ
ਰਾਤ ਨੂੰ
ਅੱਬੜਵਾਹੇ ਉੱਠ ਕੇ
ਲੱਭਦਾ ਫਿਰਦਾ ਹੈ ਚੱਪਲਾਂ
ਯਾਦ ਕਰਦਾ ਉਹਨਾਂ ਪਲਾਂ ਨੂੰ
ਜਦ ਬੇਗਾਨੇ ਸ਼ਹਿਰਾਂ ਵਿੱਚ
ਮਿਲਿਆ ਕਰਦਾ ਸੀ
ਖਾਸ ਥਾਵਾਂ ਤੇ
ਆਪਣੀ ਦੋਸਤ ਨੂੰ

ਕਦੇ ਕਦੇ ਕਵੀ ਦੇ
ਮਨ ਵਿੱਚ ਜਾਗ ਉੱਠਦੇ ਨੇ
ਸੂਖਮ ਅਹਿਸਾਸ
ਯਾਦ ਕਰਦਾ ਉਹ
ਆਖਰੀ ਪੀੜ੍ਹੀ ਦੇ ਲੋਕਾਂ ਨੂੰ
ਉਹ ਖੁਦ ਵੀ ਸ਼ਾਮਿਲ ਹੈ
ਉਹਨਾਂ ਵਿੱਚ
ਨਹੀਂ ਮੁੜ ਕੇ ਆਉਣੇ
ਉਹ ਸਮੇਂ
ਸਮਝਾਉਂਦਾ ਹੈ
ਨਹੀਂ ਮੁੜ ਕੇ ਆਉਣਾ
ਉਹ ਵਕਤ
ਹਰ ਆਦਮੀ
ਉਡੀਕਦਾ ਹੈ ਸਮਾਂ
ਤੇ ਆਖਰ ਇੱਕ ਦਿਨ
ਉਸ ਦਾ ਸਮਾਂ ਆ ਜਾਂਦਾ ਹੈ

ਚਿੰਤਾ ਵਿੱਚ ਹੈ ਕਵੀ
ਅੱਜ ਦੇ ਦੌਰ ਵਿੱਚ
ਦਮ ਘੁੱਟਦਾ ਹੈ
ਰਿਸ਼ਤਿਆਂ ਦਾ ਵੀ
ਤੇ ਉਹਨਾਂ ਨੂੰ
ਲਾਉਣਾ ਪੈਂਦਾ ਹੈ
ਵੈਂਟੀਲੇਟਰ ਤੇ
ਜਿਹੜੇ ਤੁਰ ਗਏ

ਘਰਾਂ ਤੋਂ ਦੂਰ
ਤਰਸਦੇ ਨੇ
ਮਾਂ ਦਾ ਚਿਹਰਾ ਦੇਖਣ ਨੂੰ
ਉਹਨਾਂ ਲਈ ਬੇਮਾਅਨੇ ਨੇ
ਮੌਸਮ ਸਾਵਣ ਬਸੰਤ ਉਹਨਾਂ ਦੇ
ਅੰਦਰ ਹੀ ਮਰ ਜਾਂਦਾ ਹੈ
ਕਿਧਰੇ

ਬਹੁਤ ਕੋਮਲ ਹੁੰਦਾ ਹੈ
ਕਵੀ ਦਾ ਮਨ
ਲਾਵਾਰਸ ਕਰ ਦਿੱਤੇ ਗਏ
ਇੱਕ ਨੁਕਰੇ ਲਾਏ
ਪੁਰਾਣੇ ਸਾਈਕਲ ਨਾਲ
ਕਰਦਾ ਹੈ ਗੁਫ਼ਤਗੂ
ਤੇ ਸਾਉਣ ਦੇ ਮਹੀਨੇ
ਬਰਸਾਤ ਦੇ ਸਿਰਜਦਾ ਹੈ
ਨਵੇਂ ਅਰਥ


ਉਹ ਰਿਸ਼ਤਿਆਂ ਦੇ
ਸਟੇਟਸ ਤਲਾਸ਼ਦਾ
ਪਿਆਰ ਦੀ ਅਸਲੀ
ਪਰਿਭਾਸ਼ਾ ਸਮਝਦਾ
ਵਿਹਲੇ ਵੇਲੇ ਦੇ ਗੀਤਾਂ
ਤੇ ਵਿਛੋੜੇ ਤੋਂ ਡਰਦਾ
ਉਦਾਸੀ ਦਾ ਤਾਂਡਵ ਨੱਚਦਾ ਹੈ
ਤੇ ਅਜਨਬੀ ਸ਼ਹਿਰ ਵਿੱਚ
ਆਪਣੀ ਹੋਂਦ ਤਲਾਸ਼ਦਾ ਹੈ

ਕਵੀ ਕਦੇ ਪਾਰਕਾਂ ਵਿੱਚ
ਹੰਢਾਏ ਇਕਲਾਪੇ ਦੇ
ਜੀਵਨ ਦੀ
ਕਥਾ ਛੇੜਦਾ ਹੈ
ਉਹ ਮੁਹੱਬਤ ਦੀ
ਪਤੰਗ ਉਡਾਉਣੀ ਲੋਚਦਾ ਹੈ
ਇੱਥੇ ਪੇਚੇ ਲੜਾਉਣ ਵਾਲੇ ਤੇ
ਆਈ-ਬੋ ਕਰਨ ਵਾਲੇ ਵੀ
ਬੜੇ ਨੇ

ਅਮਰਜੀਤ ਕੌਂਕੇ
ਨਾ ਰਿਸ਼ਤਿਆਂ ਵਿੱਚ ਦੰਭ
ਕਰਦਾ ਹੈ
ਨਾ ਸ਼ਾਇਰੀ ਵਿੱਚ
ਉਹ ਕਦੇ ਕਾਹਲ ਵਿੱਚ
ਨਹੀਂ ਹੁੰਦਾ
ਘੱਟ ਤੁਰਦਾ ਹੈ
ਪਰ ਮੜਕ ਨਾਲ ਤੁਰਦਾ ਹੈ

ਕੌਂਕੇ ਦੀ ਕਵਿਤਾ
ਪਹਿਰ ਦੇ ਤੜਕੇ ਲੰਬੀ ਹੇਕ ਨਾਲ
ਆਪਣੇ ਦਿਲ ਦੇ
ਵਲਵਲੇ ਗਾ ਰਹੇ
ਕਿਸੇ ਹਾਲੀ ਦੀ ਹੂਕ ਹੈ
ਡੂੰਘੀ ਰਾਤ ਨੂੰ
ਜਿਵੇਂ ਕੋਈ
ਨਦੀ ਕਿਨਾਰੇ ਬੈਠਾ ਹੋਵੇ
ਤੇ ਨਦੀ ਦੀਆਂ ਲਹਿਰਾਂ ਦਾ
ਚੁੱਪ ਸੰਗੀਤ ਸੁਣਦਾ ਹੋਵੇ.....

ਕਦੇ ਉਹ
ਇਸ਼ਕ ਮਜਾਜੀ ਦੀ
ਗੱਲ ਕਰਦਾ ਹੈ
ਕਦੇ ਇਸ਼ਕ ਹਕੀਕੀ ਦੀ




ਇਹਨਾਂ ਕਵਿਤਾਵਾਂ ਵਿੱਚ
ਫਲਸਫਾ ਵੀ ਹੈ
ਤਲਖ ਹਕੀਕਤਾਂ ਵੀ ਹਨ
ਮੋਹ ਪਿਆਰ ਦੇ
ਰਿਸ਼ਤੇ ਵੀ ਹਨ
ਤੇ ਮਕਾਨਕੀ ਰਿਸ਼ਤੇ ਵੀ

ਕਵੀ ਨੂੰ ਫ਼ਿਕਰ ਹੈ
ਬੇਖਬਰ ਕੁੜੀਆਂ ਚਹਿਕ
ਰਹੀਆਂ ਹਨ
ਨਹੀਂ ਪਤਾ
ਵੱਡੀਆਂ ਜ਼ਿੰਮੇਵਾਰੀਆਂ
ਉਡੀਕਦੀਆਂ ਨੇ
ਉਨ੍ਹਾਂ ਨੂੰ ਭਵਿੱਖ ਵਿੱਚ

ਕਵੀ ਕਰਦਾ ਹੈ ਯਾਦ
ਅੰਮ੍ਰਿਤਾ ਪ੍ਰੀਤਮ ਨੂੰ
ਜਦ ਵੀ
ਦੁੱਧ ਵਿੱਚ ਜਲੇਬੀਆਂ ਦੀ
ਕਥਾ ਤੁਰਦੀ ਹੈ
ਜਗਤ ਪਸਾਰੇ ਨੂੰ
ਕਵੀ ਛਿਣ ਭੰਗਰ ਸਮਝਦਾ ਹੈ
ਜਿਸ ਨੇ ਜਾਣ ਲਿਆ
ਬਸ ਸਮਝੋ
ਉਸੇ ਪਲ ਤੁਸੀਂ
ਗਿਆਨ ਨੂੰ ਪ੍ਰਾਪਤ ਹੋ ਗਏ

ਇਹੀ
ਅਮਰਜੀਤ ਕੌਂਕੇ ਦੀ
ਅਰਥ ਭਰਭੂਰ
ਕਾਵਿਕਾਰੀ ਹੈ
ਇਹੀ
ਇਸ ਧਰਤੀ 'ਤੇ
ਰਹਿੰਦਿਆਂ ਦੀ
ਸ਼ਾਇਰੀ ਹੈ.......।

## ਗ਼ਜ਼ਲਾਂ / ਸੁਨੀਤਾ ਸਨੂ ਮਹਿਮੀ



**1**

ਆਪਣੀ ਧਰਤੀ ਆਪਣਾ ਅੰਬਰ ਲਗਦਾ ਹੈ
ਹਰ ਇਕ ਘਰ ਮੈਨੂੰ ਆਪਣਾ ਘਰ ਲਗਦਾ ਹੈ।

ਕੱਲ੍ਹ ਜੋ ਮੈਨੂੰ ਦੁਸ਼ਮਣ ਵਾਂਗੂੰ ਮਿਲਿਆ ਸੀ
ਕਈਆਂ ਜਨਮਾਂ ਦਾ ਉਹ ਦਿਲਬਰ ਲਗਦਾ ਹੈ।

ਕਾਲਖਾਂ ਦਾ ਪਹਿਰਾ ਹੈ ਤਾਂ ਹੀ ਬਸਤੀ ਤੇ
ਏਥੋਂ ਸੂਰਜ ਹੋਇਆ ਬੇਘਰ ਲਗਦਾ ਹੈ।

ਕਿਉਂ ਮੁਰਝਾਇਆ ਚੇਹਰਾ ਲੈ ਕੇ ਬੈਠਾ ਏਂ
ਤੈਨੂੰ ਮੇਰੇ ਕੋਲੋਂ ਕਿਉਂ ਡਰ ਲਗਦਾ ਹੈ।

ਤਾਂ ਹੀ ਤੈਨੂੰ ਰਾਤ ਦਿਨੇ ਨਾ ਚੈਨ ਮਿਲੇ
ਤੇਰੇ ਦਿਲ ਵਿੱਚ ਕਰ ਗਿਆ ਉਹ ਘਰ ਲਗਦਾ ਹੈ।

**2**

ਕੋਈ ਹਮਦਰਦ ਨਾ ਮਿਲਿਆ ਕੋਈ ਦਿਲਦਾਰ ਨਾ ਮਿਲਿਆ।
ਕਰੇ ਗ਼ਮ ਦਾ ਮੁਦਾਵਾ ਜੋ ਉਹ ਗ਼ਮਖ਼ਾਰ ਨਾ ਮਿਲਿਆ।

ਸ਼ਿਕਨ ਮੱਥੇ ਤੇ ਪਾ ਕੇ ਹੀ ਉਹ ਮਿਲਦਾ ਹੈ ਜਦੋਂ ਮਿਲਦਾ
ਕਦੇ ਵੀ ਮੁਸਕੁਰਾ ਕੇ ਸਾਨੂੰ ਸਾਡਾ ਯਾਰ ਨਾ ਮਿਲਿਆ।

ਇਹ ਰਿਸ਼ਤਾ ਸੱਸ ਤੇ ਸਹੁਰੇ ਦਾ ਵੀ ਹੈ ਤਾਂ ਮਾਪਿਆਂ ਵਰਗਾ
ਇਹਨਾਂ ਤੋਂ ਮਾਪਿਆਂ ਵਰਗਾ ਮਗਰ ਸਤਿਕਾਰ ਨਾ ਮਿਲਿਆ।

ਕਦੇ ਤਾਂ ਸ਼ਾਦਮਾਨੀ ਹੈ ਕਦੇ ਦੁੱਖ ਦਰਦ ਰੰਜੋਗ਼ਮ
ਕਿਸੇ ਬੰਦੇ ਨੂੰ ਇਹ ਜੀਵਨ ਕਦੇ ਇਕਸਾਰ ਨਾ ਮਿਲਿਆ।

ਜਹਾਂ ਦੀ ਹਰ ਖੁਸ਼ੀ ਬਖਸ਼ੀ ਹੈ ਮੌਲਾ ਨੇ ਅਸਾਨੂੰ ਪਰ
ਨਹੀਂ ਮਿਲਿਆ ਤਾਂ ਇਕ ਤੇਰਾ ਅਸਾਨੂੰ ਪਿਆਰ ਨਾ ਮਿਲਿਆ।

ਅਸਾਂ ਹੱਸ ਹੱਸ ਉਠਾਏ ਸਨ ਜਿਨਾਂ ਦੇ ਨਾਜ਼ ਤੇ ਨਖ਼ਰੇ
ਅਸਾਂ ਨੂੰ ਖ਼ਾਬ ਅੰਦਰ ਵੀ ਉਨਾਂ ਦਾ ਪਿਆਰ ਨਾ ਮਿਲਿਆ।

ਇਹ ਬੇੜੀ ਪਿਆਰ ਦੀ ਮਹਿਮੀ ਝਨਾ ਤੋਂ ਪਾਰ ਹੋਣੀ ਸੀ
ਮਗਰ ਅਫ਼ਸੋਸ ਇਸ ਕਿਸ਼ਤੀ ਨੂੰ ਖ਼ੇਵਨਹਾਰ ਨਾ ਮਿਲਿਆ।

**3**

ਤੇਰੇ ਨਾਲ ਸਜਾਏ ਸੁਪਨੇ।
ਮੁਰਝਾਏ ਮੁਰਝਾਏ ਸੁਪਨੇ।

ਇਹ ਸੱਚ ਹੈ ਕਿ ਤੂੰ ਨਾ ਆਇਆ
ਰਾਤ ਤੇਰੇ ਪਰ ਆਏ ਸੁਪਨੇ।

ਹੋਰ ਨਜ਼ਰ ਆਇਆ ਜਦ ਜਾਗੇ
ਤੂੰ ਕੀ ਸੀ ਦਿਖਲਾਏ ਸੁਪਨੇ।

ਪੁੱਛ ਉਨਾਂ ਨੂੰ ਰੋਜ਼ ਜਿਨਾਂ ਦੇ
ਰਹਿ ਗਏ ਧਰੇ ਧਰਾਏ ਸੁਪਨੇ।

ਜੀਵਨ ਸੁਪਨੇ ਵਰਗਾ ਲੱਗਿਆ
ਰਾਤ ਅਜੇਹੇ ਆਏ ਸੁਪਨੇ।

ਉਹ ਵੀ ਕੀ ਹੈ ਮਹਿਮੀ ਜਿਸ ਨੇ
ਦਿਲ ਵਿੱਚ ਨਹੀਂ ਵਸਾਏ ਸੁਪਨੇ।

**4**

ਤੈਨੂੰ ਭੁਲਾ ਨਾ ਪਾਵਾਂ, ਮੇਰੀ ਇਹ ਬੇਵਸੀ ਹੈ।
ਤੈਨੂੰ ਕਿਵੇਂ ਸਮਝਾਵਾਂ, ਮੇਰੀ ਇਹ ਬੇਵਸੀ ਹੈ।

ਦੁਨੀਆ ਨਾ ਖੁਸ਼ ਰਹੀ ਹੈ ਨਾ ਖੁਸ਼ ਰਹੇਗੀ,
ਤੈਨੂੰ ਕਿਵੇਂ ਮੈਂ ਪਾਵਾਂ ਮੇਰੀ ਇਹ ਬੇਵਸੀ ਹੈ।

ਨਜ਼ਦੀਕ ਤੇਰੇ ਆਉਣਾ ਮੇਰੇ ਲਈ ਹੈ ਮੁਸ਼ਕਿਲ
ਕਿੰਝ ਦੂਰ ਤੈਥੋਂ ਜਾਵਾਂ ਮੇਰੀ ਇਹ ਬੇਵਸੀ ਹੈ।

ਸਮਝਾਉਣ ਤੇ ਵੀ ਝੱਲਾ ਇਹ ਦਿਲ ਮਿਰਾ ਨ ਸਮਝੇ
ਇਸ ਨੂੰ ਕਿਵੇਂ ਮਨਾਵਾਂ ਮੇਰੀ ਇਹ ਬੇਵਸੀ ਹੈ।

ਮੈਨੂੰ ਪਤਾ ਹੈ ਇਸ ਦਾ ਵਾਪਸ ਨਹੀਂ ਤੂੰ ਆਉਣਾ
ਫਿਰ ਵੀ ਮੈਂ ਤੱਕਾਂ ਰਾਹ ਮੇਰੀ ਇਹ ਬੇਵਸੀ ਹੈ।

## ਮਨ ਪਰਦੇਸੀ / ਸੁਖਵਿੰਦਰ ਹੁੰਦਲ

ਅਧੂਰੀ ਖ਼ਾਹਿਸ਼
ਅਧੂਰਾ ਸੁਫਨਾ
ਅਧੂਰੀ ਚਾਹਤ
ਤੇ ਸਰਦ ਰੁੱਤ
ਸਭ ਇੱਕੋ ਤਾਂ ਹੈ।

ਸੋਚਦੀ ਰਹੀ
ਸਭ ਕੁਛ ਠੀਕ ਐ
ਮੇਰਾ ਐ, ਅਪਣਾ
ਬੁਣਦੀ ਰਹੀ ਅਹਿਸਾਸ
ਪਰੋਂਦੀ ਰਹੀ ਸੁਫਨੇ।

ਉਸ ਤਾਕੀ ਕੋਲ ਬੈਠ
ਦੇਖਦੀ ਰਹੀ ਉਹ ਵਾਦੀ
ਹਰਿਆਲੀ ਚਾਰ ਚੁਫੇਰੇ
ਤਾਜ਼ਗੀ ਬੇਸ਼ੁਮਾਰ...
ਚੀਲ ਦੇ ਰੁੱਖਾਂ ਦੀ ਮਹਿਕ
ਰੇਲ ਗੱਡੀ ਦੀ ਛੱਕ-ਛੱਕ
ਇੱਕ ਮਿੱਠੀ ਜਿਹੀ ਝੁਣ ਝਣੀ
ਦੌੜੀ ਇਸ ਸਰੀਰ ਵਿੱਚ
ਰੂਹ ਵਿੱਚ,
ਇਸ ਸਾਹ ਵਿੱਚ।

ਕਿਤੇ ਜ਼ਰਾ ਜਿਹੀ ਹਰਕਤ
ਡਰਾ ਦਿੰਦੀ, ਕੰਬਾ ਦਿੰਦੀ
ਨਾ... ਤੋੜੀ ਨਾ
ਇਸ ਸੁਫਨੇ ਨੂੰ
ਮੇਰੀ ਦੁਨੀਆ ਹੈ
ਇਹ ਸੁਫਨਾ
ਬਹੁਤ ਖ਼ੂਬਸੂਰਤ
ਬਹੁਤ ਨਾਜ਼ਕ।

ਇਹਨੂੰ ਛੇੜੀਂ ਨਾ
ਕਿਤੇ ਟੁੱਟ ਨਾ ਜਾਵੇ
ਇਹ ਅਹਿਸਾਸ
ਛੁੱਟ ਨਾ ਜਾਵੇ।
ਮੈਂ ਰੁਲ਼ ਜਾਵਾਂਗੀ
ਕਦੇ ਸੋਚੀ ਨਾ....
ਉਹਨੂੰ ਭੁੱਲ ਜਾਵਾਂਗੀ
ਇਹ ਹੋਣਾ ਨਹੀਂ
ਮੈਂ ਪੱਥਰ ਬਣ ਜਾਵਾਂਗੀ
ਫਿਰ ਅੱਖਾਂ ਨੇ
ਰੋਣਾ ਨਹੀਂ।
ਮੇਰਾ ਸੋਹਣਾ ਸੁਫਨਾ
ਟੁੱਟੀ ਨਾ
ਚੁੱਪ ਕਰਕੇ ਚੱਲਦਾ ਰਹੀ
ਮੇਰੀਆਂ ਅੱਖਾਂ ਵਿੱਚ।

ਸਭ ਠੀਕ ਆ
ਹੋਵੇਗਾ ਪੂਰਾ
ਬੱਸ ਦੱਸਦਾ ਰਹੀਂ
ਮੇਰੀ ਮੁਸਕਰਾਹਟ ਬਣਕੇ
ਹੱਸਦਾ ਰਹੀਂ,
ਵਸਦਾ ਰਹੀਂ
ਮੈਂ ਸੋਚਦੀ ਰਹੀ
ਬੱਸ ਲੋਚਦੀ ਰਹੀ।

ਫਿਰ ਅਚਾਨਕ
ਇੱਕ ਬੱਦਲ਼ੀ ਉਠੀ
ਉਸ ਵਾਦੀ ਵਿੱਚੋਂ...
ਚੰਗੀ ਲੱਗੀ ਸੀ,
ਚੀਲ ਦੀ
ਹਰਿਆਲੀ ਵਿੱਚ
ਉਹ ਚਿੱਟੀ ਧੁੰਦ।

ਉਹ ਵਧਦੀ ਗਈ
ਧੁੰਦਲਾ ਕਰਦੀ ਗਈ
ਉਸ ਹਰਿਆਲੀ ਨੂੰ
ਖ਼ੁਸ਼ਹਾਲੀ ਨੂੰ
ਮੇਰੇ ਅਹਿਸਾਸ ਨੂੰ
ਮੇਰੇ ਸੁਫਨੇ ਨੂੰ।

ਪਲ ਵਿੱਚ ਸਭ



ਓਝਲ ਹੋ ਗਿਆ
ਮੇਰਾ ਸੁਫਨਾ ਖੋ ਗਿਆ
ਰਹਿ ਗਿਆ
ਇੱਕ ਸਰਦ ਅਹਿਸਾਸ।

ਅੱਖਾਂ ਲੱਭਦੀਆਂ ਰਹੀਆਂ
ਉਸ ਸੁਫਨੇ ਨੂੰ
ਫੜਦੀਆਂ ਰਹੀਆਂ।

ਮੈਂ ਬੁੱਤ ਬਣਕੇ
ਉਡੀਕਦੀ ਰਹੀ
ਧੁੰਦ ਹਟ ਜਾਏਗੀ
ਉਸ ਬੱਦਲ਼ ਨੂੰ
ਕੋਸਦੀ ਰਹੀ।

ਉਸ ਵਾਦੀ ਵਿੱਚ
ਮੇਰਾ ਸੁਫਨਾ ਗੁਆਚ ਗਿਆ
ਮੇਰਾ ਪਿਆਰ, ਉਹ ਖ਼ੁਸ਼ੀ
ਸਭ ਗੁਆਚ ਗਿਆ।

ਮੈਂ ਸਿਮਟ ਕੇ ਰਹਿ ਗਈ
ਤਮਾਮ ਜ਼ਿੰਦਗੀ
ਸਰਦ ਰੁੱਤ ਵਰਗੀ।

# ਕਹਾਣੀ / ਜੌਂਡਿਅਸ ਪੀਕ ਤੇ ਹੈ / ਅੰਮ੍ਰਿਤ ਕਲੇਰ

''ਹੈਂਅ ! ਕੁਲਜਿੰਦਰ , ਬਾਗ ਵਾਲਿਆਂ ਦੀ ਕੁੜੀ ! ਇੱਥੇ ਕਿਵੇਂ? ਕਿਤੇ ਮੈਨੂੰ ਭੁਲੇਖਾ ਤਾਂ ਨੀ ਪਿਆ। ਨਹੀਂ ਮਨਾ, ਹੈ ਤਾਂ ਕੁਲਜਿੰਦਰ ਹੀ''।



ਸ਼ਿੰਦੋ ਨੇ ਹੈਰਾਨੀ ਭਰੀਆਂ ਨਜ਼ਰਾਂ ਨਾਲ਼ ਕੁਲਜਿੰਦਰ ਨੂੰ ਪਛਾਣ ਲਿਆ। ਸ਼ਿੰਦੋ ਦਾ ਛੋਟਾ ਮੁੰਡਾ ਢਿੱਡ ਪੀੜ ਨਾਲ਼ ਬਿਮਾਰ ਸੀ। ਬੱਚਿਆਂ ਵਾਲ਼ੇ ਵਾਰਡ ਵਿੱਚ ਦੂਜੀ ਮੰਜ਼ਿਲ ਉੱਤੇ ਪਿਛਲੇ ਪੰਜ ਕੁ ਦਿਨਾਂ ਤੋਂ ਦਾਖਲ ਸੀ। ਅੱਜ ਕਲੋਨੋਸਕੋਪੀ ਹੋਣੀ ਸੀ। ਉਹ ਫੀਸ ਭਰਨ ਲਈ ਕਾਊਂਟਰ ਨੰਬਰ ਛੇ ਉੱਤੇ ਖੜ੍ਹੀ ਹੋਏ ਸੀ। ਪੋਹ ਦਾ ਮਹੀਨਾ ਸੀ। ਠੰਡ ਵੀ ਲੋਹੜਿਆਂ ਦੀ ਸੀ। ਖੜ੍ਹਿਆਂ ਦੇ ਹੱਥ ਪੈਰ ਸੁੰਨ ਹੋ ਰਹੇ ਸਨ। ਸ਼ਿੰਦੋ ਦੇ ਪੈਰਾਂ ਵਿੱਚ ਪਾਏ ਹੋਏ ਰਬੜ ਦੇ ਬੂਟ ਅੱਡੀਆਂ ਕੋਲੋਂ ਘਸੇ ਹੋਏ ਸਨ। ਅੱਧੀ ਬਾਂਹ ਦੀ ਪਾਈ ਹੋਈ ਸਵੈਟਰ। ਉਸ ਦੀਆਂ ਬਾਹਾਂ ਉੱਤੇ ਅਲੇਹੇ ਵਾਂਗੂੰ ਲੂੰ ਕੰਡਾ ਖੜ੍ਹਾ ਸੀ। ਸਿਰ ਤੇ ਲਏ ਛੋਟੇ ਜਿਹੇ ਛਾਲ ਨਾਲ ਕਦੇ ਉਹ ਬਾਹਾਂ ਢੱਕਦੀ, ਤਾਂ ਸਿਰ ਨੰਗਾ ਹੋ ਜਾਂਦਾ, ਜੇ ਸਿਰ ਢੱਕਦੀ ਤਾਂ ਬਾਹਾਂ ਨੰਗੀਆਂ। ਇਹ ਜੱਦੋ ਜਹਿਦ ਤਾਂ ਉਹ ਜਨਮ ਤੋਂ ਹੀ ਹੰਡਾਅ ਰਹੀ ਸੀ। ਜਦੋਂ ਉਸ ਕੋਲ਼ ਇੱਕ ਹੀ ਨਾਭੀ ਰੰਗ ਦੀ ਸਵੈਟਰ ਸੀ। ਘਰ ਹੀ ਉਹੀ ਪਾਈ ਹੁੰਦੀ ਤੇ ਸਕੂਲ ਜਾਣ ਲੱਗਿਆਂ ਵੀ ਉਹੀ।

ਕੁਲਜਿੰਦਰ ਦੀਆਂ ਮਹਿੰਗੀਆਂ ਜੁਰਾਬਾਂ, ਬਾਹਰਲੇ ਦੇਸ਼ ਦਾ ਫਰ ਵਾਲਾ ਕੋਟ, ਅਤੇ ਵਾਲਾਂ ਦੇ ਸਟਾਈਲ ਵਿੱਚੋਂ ਉਹਦੀ ਜੀਵਨ ਸ਼ੈਲੀ ਝਾਕਦੀ ਸੀ।

ਕੁਲਜਿੰਦਰ ਅਤੇ ਸ਼ਿੰਦੋ ਹਮ ਉਮਰ ਸਨ। ਦੋਨੋਂ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਇਕੱਠੀਆਂ ਹੀ ਪੜ੍ਹਦੀਆਂ ਰਹੀਆਂ ਸਨ। ਪਿੰਡ ਵਿੱਚ ਦਸਵੀਂ ਤੱਕ ਸਰਕਾਰੀ ਸਕੂਲ ਸੀ। ਤਿੰਨ -ਚਾਰ ਦਹਾਕੇ ਪਹਿਲਾਂ ਚੰਗੇ ਰੱਜਦੇ ਪੁੱਜਦੇ ਘਰ ਵੀ ਆਪਣੀਆਂ ਕੁੜੀਆਂ ਨੂੰ ਸਰਕਾਰੀ ਸਕੂਲ ਵਿੱਚ ਹੀ ਦਸਵੀਂ ਤੱਕ ਪੜ੍ਹਾਉਂਦੇ ਸਨ। ਅੱਠਵੀਂ ਤੋਂ ਬਾਅਦ ਸ਼ਿੰਦੋ ਦਾ ਘਰ ਦੀ ਗਰੀਬੀ ਨੇ ਅੱਗੇ ਪੜ੍ਹਨ ਲਈ ਰਾਹ ਰੋਕ ਲਿਆ ਸੀ। ਹੁਣ ਉਹ ਮਾਂ ਨਾਲ਼ ਲੋਕਾਂ ਦੇ ਘਰੀਂ ਕੰਮ ਕਰਨ ਲੱਗ ਗਈ ਸੀ। ਹਾੜੀ ਸਾਉਣੀ ਖੇਤਾਂ ਵਿੱਚ ਧੌਂਦ ਪਿੱਟਦੀ। ਜਦੋਂ ਉੱਨੀ ਸਾਲਾਂ ਦੀ ਹੋਈ ਤਾਂ ਮਾਪਿਆਂ ਨੇ ਨੌਕਰੀ ਵਾਲਾ ਵੇਲਦਾਰ ਮੁੰਡਾ ਲੱਭ ਕੇ ਵਿਆਹ ਦਿੱਤੀ ਸੀ। ਸ਼ਿੰਦੋ ਦਾ ਕਣਕ ਭਿੰਨਾ ਰੰਗ ਉਸ ਦੇ ਖਾਨਦਾਨ ਦੀ ਸਦੀਆਂ ਪੁਰਾਣੀ ਮੁਸ਼ੱਕਤ ਦੀ ਗਵਾਹੀ ਭਰਦਾ ਸੀ। ਉਸਦੀ ਮਾਂ, ਉਸਦੀ ਦਾਦੀ, ਤੇ ਫਿਰ ਅੱਗੋਂ ਉਸਦੀ ਵੀ ਦਾਦੀ , ਲੋਕਾਂ ਦੇ ਘਰੀਂ ਕੀਤੇ ਗੋਹੇ ਕੂੜੇ , ਜ਼ਿੰਮੀਦਾਰਾਂ ਦੇ ਖੇਤਾਂ ਵਿੱਚ ਵੱਢੀਆਂ ਹੋਈਆਂ ਹਾੜ੍ਹੀਆਂ, ਝਲੂੰਗਾ ਬੰਨ੍ਹ ਚੁਗੀਆਂ ਹੋਈਆਂ ਬੱਲੀਆਂ, ਝੋਲੀਆਂ ਬੰਨ੍ਹ ਚੁਗੇ ਹੋਏ ਨਰਮੇ ,ਕਪਾਹਾਂ ਦੇ ਹੱਥੀਂ ਪਏ ਅੱਟਣਾਂ ਨਾਲ਼ ਸ਼ਿੰਦੋ ਦਾ ਰੰਗ ਵੀ ਪੱਕਾ ਤੇ ਮੁਸ਼ਕੀ ਹੋ ਗਿਆ ਸੀ। ਪਰ, ਉਸਦੇ ਨੈਣ ਨਕਸ਼ ਤਰਾਸ਼ੀ ਹੋਈ ਮੂਰਤ ਵਾਂਗ ਬਹੁਤੇ ਸੋਹਣੇ ਸਨ। ਵਿਸਾਖ ਦੇ ਮਹੀਨੇ ਵਾਢੀਆਂ ਦੇ ਦਿਨਾਂ ਵਿੱਚ ਕਣਕ ਦੀ ਪਾਂਤ ਵਿੱਚ ਬੈਠੀ ਹੋਈ ਸ਼ਿੰਦੋ ਦੇ ਮੂੰਹ ਉੱਤੇ ਵੱਜੇ ਹੋਏ ਬੱਲੀਆਂ ਦੇ ਕਸੀਰਾਂ ਨੇ ਵੀ ਉਸ ਦਾ ਰੰਗ ਹੋਰ ਵੀ ਕਣਕ ਭਿੰਨਾ ਕਰ ਦਿੱਤਾ ਸੀ। ਸ਼ਿੰਦੋ ਦੇ ਮੈਲ਼ੇ ਕੁਚੈਲ਼ੇ ਲੀੜਿਆਂ ਨੇ ਉਹਦੀ ਜਵਾਨੀ ਨੂੰ ਅਮੀਰਾਂ ਦੇ ਕੀਤੇ ਗੁਨਾਹਾਂ ਵਾਂਗ ਹਮੇਸ਼ਾ ਲਈ ਧਰਤ 'ਚ ਦੱਬ ਦਿੱਤਾ ਸੀ। ਜਦੋਂ ਕਦੇ ਉਹ ਆਪਣੇ ਆਪ ਨੂੰ ਸ਼ੀਸ਼ੇ ਮੂਹਰੇ ਨਿਹਾਰਦੀ , ਤਾਂ ਉਸ ਨੂੰ ਲੱਗਦਾ ਜਿਵੇਂ ਅੰਬੋ ਦੀਆਂ ਬਾਤਾਂ ਵਾਲ਼ਾ ਪਤਾਲ ਦਾ ਗਿੱਠ -ਮੁਠੀਆ ਉਹਦੀ ਜਵਾਨੀ ਵਾਲਾ ਚਾਅ ਖੋਹ ਕੇ ਲੈ ਗਿਆ ਹੋਵੇ। ਸ਼ਿੰਦੋ ਹਾਉਕਾ ਲੈ ਚੁੱਪ ਕਰ ਜਾਂਦੀ।

ਦਸਵੀਂ ਤੋਂ ਮਗਰੋਂ ਕੁਲਜਿੰਦਰ ਸ਼ਹਿਰ ਦੇ ਸਕੂਲ ਵਿੱਚ ਪੜ੍ਹਨ ਲੱਗ ਗਈ ਸੀ। ਉਮਰ ਦਾ ਮੁਹੱਬਤੀ ਵਰ੍ਹਾ ਚੜ੍ਹਦੇ ਹੀ ਭੱਠੀ ਵਿੱਚ ਪਾਏ ਗੁਣੇ ਦੀ ਲਾਟ ਵਾਂਗੂ ਉਹਦੀ ਜਵਾਨੀ ਉਡੂੰ -ਉਡੂੰ ਕਰਦੀ। ਗੁਲਾਬੀ ਭਾਅ ਮਾਰਦੇ ਰੰਗ ਉੱਤੇ ਮਹਿੰਗੇ ਸੂਟ ਦਾ ਗੁਲਾਨਾਰੀ ਰੰਗ ਮੱਚ ਮੱਚ ਉਠਦਾ। ਸੁਨਹਿਰੀ ਜ਼ਰੀ ਨਾਲ ਕੱਢੀ ਹੋਈ ਤਿੱਲੇਦਾਰ ਜੁੱਤੀ, ਉਸਦੀ ਤੋਰ ਨੂੰ ਹੋਰ ਮੜਕਦਾਰ ਕਰ ਦਿੰਦੀ। ਕੁਲਜਿੰਦਰ, ਪਿੰਡ 'ਕੁੜੀਆਂ ਖਾਣੇ ਪਿੱਪਲ' ਦੇ ਕਹਿੰਦੇ ਕਹਾਉਂਦੇ ਜ਼ੈਲਦਾਰਾਂ ਦੀ ਧੀ ਸੀ। ਉਹਦੀਆਂ ਅੱਖਾਂ ਮਖ਼ਮਲੀ ਗੱਦਿਆਂ ਉੱਤੇ ਹੀ ਖੁੱਲ੍ਹਦੀਆਂ ਸਨ। ਤਾਂਦਲੇ ਦੀ ਫਿੱਕੀ ਗੁਲਾਬੀ ਭਾਅ ਮਾਰਦੇ ਉਹਦੇ ਨੌਹਾਂ ਤੇ ਲਾਈ ਹੋਈ ਨੇਲ ਪਾਲਿਸ਼ ਸੋਹਣੀ ਲੱਗਦੀ ਸੀ।

ਜਦੋਂ ਸਮੇਂ ਦਾ ਪੁੱਠਾ ਗੇੜਾ ਆਉਂਦਾ ਤਾਂ ਕਿਸੇ ਨੂੰ ਪੁੱਛ ਕੇ ਨਹੀਂ ਆਉਂਦਾ। ਤਿਤਲੀਆਂ ਵਾਂਗ ਉੱਡਦੀ ਕੁਲਜਿੰਦਰ ਦੇ ਅੱਜ ਮੂੰਹ ਤੋਂ ਉਦਾਸੀ ਦੀ ਮੱਖੀ ਨਹੀਂ ਸੀ ਉੱਡਦੀ। ਉਸਦੇ ਸਾਲ ਕੁ ਦਾ ਬੱਚਾ ਮੋਢੇ ਲਾਇਆ ਹੋਇਆ ਸੀ। ਪੀ. ਜੀ. ਆਈ. ਚੰਡੀਗੜ੍ਹ ਦੇ ਨਹਿਰੂ ਹਸਪਤਾਲ ਦੇ ਕਾਊਂਟਰ ਨੰਬਰ ਸੋਲ੍ਹਾਂ ਉੱਤੇ ਖੜ੍ਹੀ, ਉਹ ਡੌਰ-ਭੌਰ ਹੋਈ ਮਰੀਜਾਂ ਵੱਲ ਇਧਰ ਉਧਰ ਵੇਖ ਰਹੀ ਸੀ। ਦਾਖਲ ਹੋਣ ਵਾਲੇ ਮਰੀਜਾਂ ਦੀ ਫਾਈਲ ਬਣਾਉਣ ਲਈ ਬੰਦਿਆਂ ਦੀ ਲਾਈਨ ਵਾਹਵਾ ਲੰਬੀ ਸੀ। ਔਰਤਾਂ ਦੀ ਲਾਈਨ ਵਿੱਚ ਦਸ ਕੁ ਔਰਤਾਂ ਖੜ੍ਹੀਆਂ ਸਨ। ਉਹਦੇ ਨਾਲ ਖੜ੍ਹੇ ਸਨੱਖੇ ਮੁੰਡੇ ਨੇ ਉਹਨੂੰ ਕਿਹਾ

''ਆਹ ਬੈਗ ਤੇ ਸਮਾਨ ਮੈਨੂੰ ਫੜਾ, ਤੂੰ ਲਾਈਨ ਵਿੱਚ ਲੱਗ, ਵਾਰੀ ਛੇਤੀ ਆਜੂ ਗੀ।''

''ਉਹ ਸਨੱਖਾ ਮੁੰਡਾ ਸ਼ਾਇਦ ਉਹਦੇ ਘਰ ਵਾਲਾ ਸੀ। ਕੁਲਜਿੰਦਰ ਦੇ ਮੋਢੇ ਲਾਇਆ ਬੱਚਾ ਕਦੇ ਉੱਚੀ ਉੱਚੀ ਰੋਣ ਲੱਗ ਜਾਂਦਾ । ਕਦੇ ਅੱਖਾਂ ਮਲ਼ ਕੇ ਫਿਰ ਚੁੱਪ ਹੋ ਜਾਂਦਾ। ਉਹ ਬੱਚੇ ਨੂੰ ਪਿਆਰ ਨਾਲ ਥਪਥਪਾਉਂਦੀ ਅਤੇ ਦੂਜੇ ਹੱਥ ਨਾਲ਼

ਪਰਸ ਠੀਕ ਕਰਦੀ। ਉਹਦੀ ਚੁੰਨੀ ਦਾ ਨੀਵਾਂ ਇੱਕ ਲੜ ਧਰਤੀ ਨੂੰ ਇਸ ਤਰ੍ਹਾਂ ਛੂਹ ਰਿਹਾ ਸੀ ਜਿਵੇਂ ਗਲਵੱਕੜੀ ਵਿੱਚ ਭਰ ਰਿਹਾ ਹੋਵੇ। ਸੁਨੱਖੇ ਮੁੰਡੇ ਨੇ ਮੋਢੇ ਲਟਕਾਏ ਬੈਗ ਵਿੱਚੋਂ ਕੁਝ ਕਾਗਜ਼ ਕੱਢੇ। ਉਹਨਾਂ ਨੂੰ ਪਲਟ ਕੇ ਦੇਖਿਆ। ਆਪਣੇ ਹੀ ਵਿਸ਼ਵਾਸ਼ ਨੂੰ ਪ੍ਰਪੱਕ ਕਰਨ ਲਈ ਉਹਨੇ ਕੁਲਜਿੰਦਰ ਨੂੰ ਪੇਪਰਾਂ ਵਾਲੀ ਫਾਈਲ ਦਿਖਾਈ।

''ਦੇਖੀਂ, ਇਹ ਹੀ ਸਾਰੀਆਂ ਰਿਪੋਟਾਂ ਨੇ? ਕੁਝ ਰਹਿ ਤਾਂ ਨਹੀਂ ਗਈਆਂ ? ਸਾਰੀਆਂ ਪਾ ਲੀਆਂ ਸੀ ਨਾ?''

''ਮੈਂ ਕਿਹੜੇ ਹੱਥ ਨਾਲ ਫੜ ਕੇ ਦੇਖਾਂ ? ਥੋੜ੍ਹਾ ਚਿਰ ਰੁਕ ਜਾਓ, ਫਾਈਲ ਬਣਾ ਲਈਏ।'' ਕੁਲਜਿੰਦਰ ਦੀ ਆਵਾਜ਼ ਵਿੱਚ ਚਿੜਚਿੜਾਪਣ ਸੀ।

''ਮੈਂ ਤਾਂ ਆਵਦੇ ਜਣੇ ਸਾਰੀਆਂ ਪਾਈਆਂ ''। ਕੁਲਜਿੰਦਰ ਦੀਆਂ ਅੱਖਾਂ ਦੁਆਲ਼ੇ ਉਨੀਂਦਰੇ ਤੇ ਉਦਾਸੀ ਦੇ ਘੇਰੇ ਹੋਰ ਗਹਿਰੇ ਹੋ ਗਏ ਸਨ। ਉਨ੍ਹਾਂ ਦੀ ਗੱਲਬਾਤ ਤੋਂ ਸਾਫ਼ ਝਲਕ ਰਿਹਾ ਸੀ ਕਿ ਸੁਨੱਖਾ ਗੱਭਰੂ, ਕੁਲਜਿੰਦਰ ਦੇ ਘਰ ਵਾਲਾ ਹੀ ਸੀ। ਫਾਈਲ ਅਤੇ ਕਾਗਜ਼ ਪੱਤਰ ਲਿਫਾਫੇ ਵਿੱਚ ਸੰਭਾਲ ਕੇ ਉਹ ਉਹਦੇ ਦੇ ਕੋਲ਼ ਹੀ ਖੜ੍ਹ ਗਿਆ। ਕੁਲਜਿੰਦਰ ਦੇ ਮੋਢੇ ਲਾਇਆ ਬੱਚਾ ਰੋਣ ਲੱਗ ਪਿਆ।

''ਜੱਸੂ ਨੂੰ ਫੜੀਂ, ਮੇਰਾ ਵੀ ਮੋਢਾ ਦੁਖਣ ਲੱਗ ਗਿਆ''।

ਉਸਨੇ ਬੱਚੇ ਨੂੰ ਸੁਨਖੇ ਮੁੰਡੇ ਵੱਲ ਉਲਾਰ ਦਿੱਤਾ। ਬੱਚਾ ਹੋਰ ਉੱਚੀ ਰੋਣ ਲੱਗ ਗਿਆ।

''ਤੂੰ ਹੀਂ ਫੜ, ਮੇਰੇ ਤੋਂ ਨਹੀਂ ਵਿਰਨਾ ਇਹਨੇ''।

ਉਸ ਨੇ ਬੱਚੇ ਨੂੰ ਫੜ ਫਿਰ ਮੋਢੇ ਲਾ ਲਿਆ।

''ਭੈਣੇ ਤੂੰ ਜਿੰਦਰਾ ਆਂ?, ਪਿੰਡ ਕੁੜੀਆਂ ਖਾਣੇ ਪਿੱਪਲ ਤੋਂ ,ਜੈਲਦਾਰਾਂ ਦੀ ਕੁੜੀ?''

ਕੁਲਜਿੰਦਰ ਨੇ ਇਕਦਮ ਭਮੱਤਰਿਆਂ ਵਾਂਗੂੰ ਦੇਖਿਆ।

''ਹਾਂ ਜੀ, ਤੁਸੀਂ ਕੌਣ ? ਮੈਂ ਤੁਹਾਨੂੰ ਪਹਿਚਾਣਿਆ ਨਹੀਂ?''

ਉਸ ਦੇ ਬੋਲਣ ਵਿੱਚ ਅੰਤਾਂ ਦੀ ਨਰਮੀ ਅਤੇ ਮੋਹ ਸੀ।

''ਮੈਂ ਵੀ ਕਹਾਂ, ਲੱਗਦੀ ਤਾਂ ਜਿੰਦਰ ਆ, ਭੈਣੇ ਤੂੰ ਮੈਨੂੰ ਸਿਆਣਿਆ ਨੀ, ਮੈਂ ਸ਼ਿੰਦੋ, ਛਿਪਦੇ ਪਾਸੇ, ਬਾਲਮੀਕ ਮੰਦਰ ਕੋਲ ਘਰ ਆ ਸਾਡਾ,ਗੋਡਣ ਦੀ ਕੁੜੀ ਆਂ, ਵੇਹਗਾਂ ਆਪਾਂ ਕੱਠੀਆਂ ਤਾਂ ਪੜ੍ਹਦੀਆਂ ਰਹੀਆਂ, ਮੈਂ ਤਾਂ ਅੱਠਵੀਂ ਕਰਨ ਮਗ੍ਰੋਂ ਸਕੂਲੋਂ ਹਟ ਗਈ ਸੀ। ਸਾਲਾਂ ਜਾਂਦਿਆਂ ਨੂੰ ਕੀ ਲੱਗਦਾ, ਸ਼ਕਲਾਂ ਬਦਲ ਜਾਂਦੀਆਂ ਨੇ। ਜਿੰਦਰ ਭੈਣੇ, ਕਾਕਾ ਤੇਰਾ ? ਬਿਮਾਰ ਆ? ਕੀ ਹੋ ਗਿਆ?, ਕੋਈ ਨਾ ਤੂੰ ਹੌਸਲਾ ਰੱਖ। ਕਹਿੰਦੇ ਪਿੰਡ ਦਾ ਤਾਂ ਕੁੱਤਾ ਨੀ ਮਾਨ ਹੁੰਦਾ। ਆਪਾਂ ਤਾਂ ਫਿਰ ਵੀ ਦੋਨੋਂ ਇੱਕ ਪਿੰਡ ਦੀਆਂ। ਪਰਮਾਤਮਾ ਠੀਕ ਕਰੂਗਾ। ਮੇਰਾ ਛੋਟਾ ਮੁੰਡਾ ਵੀ ਦਾਖਲ ਆ, ਪੰਜ ਛੇ ਦਿਨ ਹੋ ਗਏ।'' ਸ਼ਿੰਦੋ ਇੱਕੋ ਸਾਹੇ ਕੁਲਜਿੰਦਰ ਨੂੰ ਕਈ ਸਵਾਲ ਕਰ ਗਈ। ਆਪੇ ਹੀ ਉਹਨੂੰ ਹੌਸਲਾ ਦੇ ਦਿੱਤਾ।

ਕੁਲਜਿੰਦਰ ਨੇ ਉਸ ਦੀਆਂ ਗੱਲਾਂ ਦਾ ਕੋਈ ਹੁੰਗਾਰਾ ਨਾ ਭਰਿਆ। ਉਸ ਦੀਆਂ ਅੱਖਾਂ ਵਿੱਚ ਹੁਣ,

''ਹਾਂ ਜੀ, ਤੁਸੀਂ ਕੌਣ? '' ਵਾਲ਼ਾ ਉਹ ਮੁਹੱਬਤੀ ਪਾਣੀ ਤੇ ਨਰਮੀ ਵਾਲਾ ਸਲੂਕ ਨਾ ਰਿਹਾ। ਉਸ ਦੇ ਮੱਥੇ ਉੱਤੇ ਤਿਉੜੀਆਂ ਉਭਰ ਆਈਆਂ। ਸਦੀਆਂ ਦੀ ਜੰਮੀ ਜਾਤੀ ਗਰਦ, ਉਹਦੇ ਦਿਮਾਗ ਤੇ ਭਾਰੀ ਪੈ ਗਈ। ਉਸ ਨੂੰ ਆਸਾ ਪਾਸਾ ਮੁਸ਼ਕਿਆ ਜਿਹਾ ਲੱਗਿਆ। ਉਸਨੇ ਸਿੰਦੋ ਵੱਲੋਂ ਮੂੰਹ ਭੁਮਾਅ ਲਿਆ।

ਪੰਦਰਾਂ ਕੁ ਮਿੰਟਾਂ ਬਾਅਦ ਉਸਦੀ ਵਾਰੀ ਆ ਗਈ।

''ਪੇਮੈਂਟ ਬੇਬੀ ਕਾ ਨਾਮ ਬਤਾਈਏ''

''ਜੀ ''ਜੱਸੂ''।

''ਫਾਦਰ ਕਾ ਨੇਮ?''

''ਜੀ ਕੁਲਵੰਤ ਸਿੰਘ''

''ਅੱਠ ਸੌ ਰੁਪਈਆ ਦੀਜੀਏ।''

ਕੁਲਜਿੰਦਰ ਨੇ ਫੀਸ ਗੂਗਲ ਪੇਅ ਕਰ ਦਿੱਤੀ।

''ਯੇਹ ਫਾਈਲ ਆਪ ਉਪਰ ਗੈਸਟਰੋ ਡਿਪਾਰਟਮੈਂਟ, ਚਾਈਲਡ ਵਾਰਡ ਮੇਂ ਜਮ੍ਹਾ ਕਰਵਾ ਦੀਜੀਏ।''

ਕੁਲਵੰਤ, ਕੁਲਜਿੰਦਰ ਦੇ ਘਰ ਵਾਲੇ ਨੇ ਉਹਨਾਂ ਨੂੰ ਹੇਠਾਂ ਬੈਂਚ ਉੱਤੇ ਬਿਠਾਕੇ, ਫਾਈਲ ਦੂਜੇ ਲੈਵਲ ਉੱਪਰ ਜਮ੍ਹਾਂ ਕਰਵਾ ਦਿੱਤੀ।

''ਆਪ ਜਾਈਏ, ਚਾਰ ਵਜੇ, ਏਕ ਪੇਸ਼ੈਂਟ ਕਾ ਡਿਸਚਾਰਜ਼ ਹੈ ,ਆਪਕੋ ਬੈੱਡ ਮਿਲ ਜਾਏਗਾ''।

ਦੋ ਕੁ ਵਜੇ ਦਾ ਟਾਈਮ ਹੋਵੇਗਾ। ਉਹਨਾਂ ਲਈ ਦੋ ਘੰਟੇ ਕੱਢਣੇ ਪਹਾੜ ਜਿੰਨੇ ਔਖੇ ਸਨ। ਬੱਚਾ ਵਾਰ ਵਾਰ ਰੋ ਰਿਹਾ ਸੀ। ਉਹਨਾਂ ਦੋਨਾਂ ਦੀ ਭੁੱਖ ਤੇਹ ਤਾਂ ਪਹਿਲਾਂ ਹੀ ਮਰੀ ਪਈ ਸੀ। ਲਈ ਦੇ ਦੇਈਦੇ ਚਾਰ ਵੀ ਵੱਜ ਗਏ। ਕੁਲਵੰਤ ਤੇਜ਼ੀ ਨਾਲ਼ ਬੱਚਿਆਂ ਵਾਲੇ ਗੈਸਟਰੋ ਵਾਰਡ , ਡਾਕਟਰ ਰੂਮ ਵਿੱਚ ਗਿਆ।

''ਪੇਸ਼ੈਂਟ ਬੱਚਾ ਕਹਾਂ ਹੈ?''

ਡਾਕਟਰ ਭਾਤੀ ਨੇ ਕੁਲਵੰਤ ਨੂੰ ਰੁੱਖੇ ਜਿਹੇ ਢੰਗ ਨਾਲ਼ ਪੁੱਛਿਆ?

''ਜੀ ਬਾਹਰ ਹੈ। ''

''ਲੇ ਆਓ ਬੱਚੇ ਕੋ''।

ਕੁਲਵੰਤ ਤੇ ਕੁਲਜਿੰਦਰ ਬੱਚੇ ਨੂੰ ਵਾਰਡ ਵਿੱਚ ਲੈ ਆਏ। ਉਸੇ ਵਾਰਡ ਵਿੱਚ ਸ਼ਿੰਦੋ ਦਾ ਛੋਟਾ ਮੁੰਡਾ ਵੀ ਦਾਖਲ ਸੀ। ਕੁਲਜਿੰਦਰ ਨੂੰ ਦੇਖ ਕੇ ਸ਼ਿੰਦੋ ਇਕਦਮ ਖੜ੍ਹੀ ਹੋ ਗਈ।

''ਲਿਆ ਭੈਣੇ ,ਕੰਬਲ ਮੈਨੂੰ ਫੜਾ ਦੇ, ਤੂੰ ਨਿਆਣੇ ਨੂੰ ਸਾਂਭ ਲੈ''। ਸ਼ਿੰਦੋ ਉਹਨਾਂ ਦੇ ਬੈੱਡ ਕੋਲ ਜਾ ਕੇ,ਕੁਲਜਿੰਦਰ ਦੇ ਮੋਢੇ ਉੱਤੇ ਰੱਖੇ ਹੋਏ ਕੰਬਲ ਨੂੰ ਫੜਨ ਲੱਗੀ।

''ਨਹੀਂ, ਰਹਿਣ ਦੇ, ਕੋਈ ਗੱਲ ਨਹੀਂ , ਮੈਂ ਬੈੱਡ ਤੇ ਰੱਖ ਦਿੰਦੀ ਹਾਂ।''

ਕੁਲਜਿੰਦਰ ਨੇ ਮੋਢੇ ਲਾਏ ਬੱਚੇ ਨੂੰ ਬੈੱਡ ਉੱਤੇ ਪਾ ਦਿੱਤਾ ਅਤੇ ਕੰਬਲ ਉਹਦੇ ਪੈਰਾਂ ਵਾਲੇ ਪਾਸੇ ਰੱਖ ਦਿੱਤਾ। ਕੁਲਵੰਤ ਨੇ ਬੈੱਡ ਦੇ ਨਾਲ ਪਈ ਟਰੌਲੀ ਉੱਤੇ ਬੈਗ ਵਿੱਚੋਂ ਕੱਢ ਕੇ ਗਲਾਸ ਤੇ ਕੁਝ ਪੁਰਾਣੀਆਂ ਦਵਾਈਆਂ ਰੱਖ ਦਿੱਤੀਆਂ। ਐਨੇ ਦੋ ਸਿਸਟਰਜ਼ ਅਤੇ ਡਾਕਟਰ ਭਾਤੀ ਬੱਚੇ ਦੇ ਬਲੱਡ ਸੈਂਪਲ ਲੈਣ ਲਈ ਆ ਗਏ। ਇੱਕ ਸਿਸਟਰ ਨੇ ਬੱਚੇ ਦੀ ਬਾਂਹ ਨੂੰ ਉਪਰੋਂ ਕਰਕੇ ਜ਼ੋਰ ਦੀ ਫੜ ਲਿਆ। ਫਿਰ ਡਾਕਟਰ ਭਾਤੀ ਬੱਚੇ ਦੀ ਬਾਂਹ ਉੱਤੇ ਨਾੜ ਲੱਭਣ ਲੱਗੀ। ਉਸਨੇ ਤਿੰਨ ਚਾਰ ਵਾਰ ਸੂਈ ਨਾਲ ਪਿੱਕ ਕੀਤਾ। ਬੱਚਾ ਉੱਚੀ ਉੱਚੀ ਜ਼ੋਰ ਦੀ ਰੋਣ ਲੱਗਿਆ।

''ਡਾਕਟਰ ਜੀ, ਹੈਂਡ ਬੈਲਟ ਨਾਲ ਨਾੜ ਨੂੰ ਲੱਭ ਲੋ, ਬੱਚੇ ਦੇ ਪੀੜ ਹੁੰਦੀ ਹੈ ''।

ਮਾਂ ਸੀ ਅਕਸਰ । ਬੱਚੇ ਨੂੰ ਰੋਂਦਾ ਦੇਖ ਕੇ ਰਿਹਾ ਨਾ ਗਿਆ। ਚਾਰ ਪੰਜ ਵਾਰ ਸੂਈ ਪੱਟ ਕੇ ਲਾਈ। ਮਾਂ ਦੀਆਂ ਦਿਲ ਵਿੱਚ ਹੀ ਲੇਰਾਂ ਨਿਕਲਦੀਆਂ ਰਹੀਆਂ। ਮਨ ਤਾਂ ਉਹਦਾ ਕੀਤਾ ਸੀ ਕਿ ਡਾ. ਭਾਤੀ ਦੀ ਗੁੱਤ ਫੜ ਲਵੇ, ਪਰ ਉਹ, ਇਹ ਵੀ ਨਹੀਂ ਸੀ ਕਰ ਸਕਦੀ । ਮਜ਼ਬੂਰ ਸੀ । ਮਨ ਵਿੱਚ ਸੋਚੀਦੀ, ਕਿੱਥੇ ਕਸਾਈਆਂ ਦੇ ਵੱਸ ਪੈ ਗਏ ਹਾਂ। ਕੁਝ ਕਰ ਵੀ ਤੇ ਨਹੀਂ ਸਕਦੀ ਸੀ। ਉਹਨਾਂ ਦੇ ਹੱਥ ਵੱਸ ਸੀ। ਕਦੇ ਮਨ ਚ ਆਉਂਦਾ ਕਿ ਉਹਨੇ ਸੁਣਿਆ ਸੀ ਕਿ ਡਾਕਟਰ ਰੱਬ ਦਾ ਰੂਪ ਹੁੰਦੇ ਨੇ , ਪਰ ਇਹ ਰੱਬ ਦਾ ਰੂਪ ਤਾਂ ਦੂਰ ਦੀ ਗੱਲ , ਇਹ ਤਾਂ ਨਿਰੇ ਕਸਾਈ ਨੇ। ਬੇਕਿਰਕ ਬੇਦਿਲ। ਦਿਆ ਮਰੀ ਵਾਲੇ। ਇਹ ਤਾਂ ਛੇਤੀ ਕੀਤੇ ਕਿਸੇ ਦੀ ਸੁਣਦੇ ਹੀ ਨਹੀਂ। ਉਹ ਕਿਹੜੇ ਇਹੋ ਜਿਹੇ ਡਾਕਟਰ ਹੋਣਗੇ ਜਿੰਨ੍ਹਾਂ ਨੂੰ ਰੱਬ ਦਾ ਰੂਪ ਕਹਿੰਦੇ ਨੇ ?'' ਇੱਕ ਮਾਂ ਦੀਆਂ ਭਾਵਨਾਵਾਂ ਆਪੇ ਤੋਂ ਬਾਹਰ ਵਹਿ ਰਹੀਆਂ ਸਨ।

ਕੁਲਜਿੰਦਰ, ਮਨ 'ਚ ਇੱਕ ਬਣਾਉਂਦੀ ਤੇ ਇੱਕ ਢਾਉਂਦੀ।

''ਆਪ ਹਮੇਂ ਸਿਖਾਓਗੇ? ਬਾਹਰ ਚਲੇ ਜਾਓ''।

ਡਾਕਟਰ ਭਾਤੀ ਦੇ ਸ਼ਬਦਾਂ ਵਿੱਚ ਰੁੱਖਾਪਣ ਸੀ। ਕੁਲਜਿੰਦਰ ਬੁੱਤ ਬਣ ਉਥੇ ਹੀ ਖੜ੍ਹੀ ਰਹੀ। ਚਾਰ ਪੰਜ ਸ਼ੀਸ਼ੀਆਂ ਵਿੱਚ ਖ਼ੂਨ ਭਰ ਲਿਆ। ਦੋ ਤਿੰਨ ਸ਼ੀਸ਼ੀਆਂ ਉਹਨਾਂ ਏ ਪੀ ਸੀ ਵਿੱਚ ਜਮ੍ਹਾਂ ਕਰਵਾਉਣ ਨੂੰ ਕਿਹਾ। ਬਾਕੀ ਦੋ ਸ਼ੀਸ਼ੀਆਂ ਵਾਲੇ ਖ਼ੂਨ ਦੇ ਸੈਂਪਲ ਨੂੰ ਡਾਕਟਰ ਭਾਤੀ ਨੇ ਕਿਹਾ ਕਿ

''ਮੈਂ ਆਪਕੋ ਫੋਨ ਨੰਬਰ ਦੇਤੀ ਹੂੰ, ਇਸੇ ਬਾਹਰ ਸੇ ਟੈਸਟ ਕਰਵਾਨਾ ਹੋਗਾ, ਥੋੜ੍ਹਾ ਸਾ ਕਾਸਟਲੀ ਹੈ ,ਆਪ ਇਸ ਨੰਬਰ ਪਰ ਕਾਲ ਕੀਜੀਏ ,ਉਨਕੋ ਬੋਲੀਏ ਕਿ ਡਾਕਟਰ ਭਾਤੀ ਨੇ ਬੋਲਾ ਹੈ ,ਵੋਹ ਸੈਂਪਲ ਵਾਰਡ ਸੇ ਆ ਕਰ ਲੇ ਜਾਏਂਗੇ।''

''ਜੀ ਕਿੰਨੇ ਦਾ ਹੋਵੇਗਾ ਇਹ ਟੈਸਟ ?'' ਕੁਲਵੰਤ ਨੇ ਸਰਸਰੀ ਪੁੱਛ ਲਿਆ।

''ਬਸ ਹੋ ਗਾ, ਜਹੀ ਕੋਈ ਸਤਾਰਾਂ ਕੋ ਹਜ਼ਾਰ ਕਾ, ਆਪ ਇਸੇ ਆਜ ਹੀ ਦੇਨਾ ਹੈ, ਅਭੀ ਫੋਨ ਕੀਜੀਏ।''

ਡਾਕਟਰ ਭਾਤੀ ਨੇ ਇੱਕ ਸਲਿਪ ਉੱਤੇ ਲਬਾਟਰੀ ਦਾ ਨੰਬਰ ਲਿਖ ਦਿੱਤਾ।

''ਅਜਿਹਾ ਕਿਹੜਾ ਟੈਸਟ ਹੈ, ਜਿਹੜਾ ਪੀ ਜੀ ਆਈ 'ਚ ਨਹੀਂ ਹੁੰਦਾ?''

ਕੁਲਜਿੰਦਰ ਨੇ ਕੁਲਵੰਤ ਨੂੰ ਕਿਹਾ। ਐਨਾ ਸੁਣਦੇ ਹੀ ਸ਼ਿੰਦੋ ਉਹਨਾਂ ਦੇ ਬੈੱਡ ਕੋਲ਼ ਫਿਰ ਆ ਗਈ।

''ਜਿੰਦਰ ਭੈਣੇ, ਡਾਕਟਰਾਂ ਅੱਗੇ ਕਿਸੇ ਦੀ ਨੀਂ ਚੱਲਦੀ। ਜਿੱਦੇਂ ਅਸੀਂ ਦਾਖਲ ਹੋਏ ਆਂ, ਓਦੂੰ ਅਗਲੇ ਦਿਨ ਹੀ ਮੇਰੇ ਮੁੰਡੇ ਚੋਂ ਖ਼ੂਨ ਕੱਢ ਕੇ ਦੋ ਤਿੰਨ ਕੱਚ ਦੀਆਂ ਸ਼ੀਸ਼ੀਆਂ ਭਰ ਲੀਆਂ। ਸਾਨੂੰ ਵੀ ਕਹਿੰਦੇ ਕਿ ਦਸ ਹਜ਼ਾਰ ਦਾ ਟੈਸਟ ਹੋਊਗਾ , ਬਾਹਰੋਂ ਕਰਾਉਣਾ ਪਊਗਾ, ਹੁਣੇ ਕਰਾਓ। ਹੁਣ ਭੈਣੇ ਸਾਡੇ ਗਰੀਬਾਂ ਦੇ ਕਿਹੜਾ ਹਲ਼ ਚੱਲਦੇ ਹੁੰਦੇ ਆ ,

ਮ੍ਹਾਤੜ੍ਹ ਤਾਂ ਹਾੜੀ ਸਾਉਣੀ ਕਮਾ ਕੇ ਖਾਣ ਵਾਲੇ ਹੁੰਦੇ ਆ। ਸਾਡੇ ਤਾਂ ਇਹਦੇ ਪਿਓ ਨੇ ਕਹਿਤਾ, 'ਜੀ ਸਾਡੇ ਕੋਲ਼ ਤਾਂ ਐਨੇ ਪੈਸੇ ਹੈ ਨੀ। ਪਹਿਲਾਂ ਇਹੀ ਡਾਕਟਰਨੀ ਜੀ ਵਾਹਵਾ ਬੋਲੀ। ਫਿਰ ਅਗਲੇ ਦਿਨ ਆਪੇ ਹੀ ਕਹਿੰਦੀ, ਐਥੋਂ ਕਰਾ ਦਿੰਨੇ ਆ। ਉਹੀ ਟੈਸਟ ਜਿਹੜਾ ਦਸ ਹਜ਼ਾਰ ਦਾ ਕਹਿੰਦੇ ਸੀ, ਤਿੰਨ ਸੌ ਦਾ ਹੋਇਆ ਇੱਥੇ। ਕਾਕੇ ਨੂੰ ਕੀ ਅਚਾ ?''

''ਜੌਂਡਿਅਸ ਹੈ।''

''ਜੌਂਡਿਅਸ!'' ਇਹ ਸ਼ਬਦ ਸ਼ਿੰਦੋ ਦੇ ਪਟੱਕ ਦੇਣੇ ਦਿਲ 'ਚ ਵੱਜਿਆ। ਜੌਂਡਿਅਸ ਸੁਣਦੇ ਹੀ ਸ਼ਿੰਦੋ ਦੇ ਇਕਦਮ ਬਹੁਤ ਸਾਲ ਪਹਿਲਾਂ ਸੱਤਵੀਂ 'ਚ ਸਾਇੰਸ ਪੜ੍ਹਾਉਣ ਵਾਲਾ ਉਹ ਮਾਸਟਰ ਚੇਤੇ ਆ ਗਿਆ। ਜਿਸ ਨੇ ਇੱਕ ਵਾਰ ਜਮਾਤ ਵਿੱਚ ਪੜ੍ਹਾਉਂਦੇ ਹੋਇਆਂ ਦੱਸਿਆ ਸੀ ਕਿ 'ਜੌਂਡਿਅਸ' ਮਨੁੱਖਾਂ ਵਿੱਚ ਹੋਣ ਵਾਲੀ 'ਪੀਲ਼ੀਆ' ਨਾਂ ਦੀ ਬਿਮਾਰੀ ਹੈ। ਇਸ ਨਾਲ ਰੋਗੀ ਦੀਆਂ ਅੱਖਾਂ ਦਾ ਰੰਗ ਹਲਦੀ ਵਰਗਾ ਪੀਲ਼ਾ ਹੋ ਜਾਂਦਾ ਹੈ। ਮਰੀਜ਼ ਵਿੱਚ ਖ਼ੂਨ ਦੀ ਕਮੀ ਹੋ ਜਾਂਦੀ ਹੈ। ਪੇਟ ਵਿੱਚ ਵੀ ਉਸ ਨੂੰ ਦਰਦ ਰਹਿਣ ਲੱਗਦਾ। ਮਰੀਜ਼ ਦਿਨੋਂ ਦਿਨ ਕਮਜ਼ੋਰ ਹੁੰਦਾ ਜਾਂਦਾ। ਸ਼ਿੰਦੋ ਨੂੰ ਯਾਦ ਆਉਂਦਾ ਹੈ ਕਿ ਉਸ ਮਾਸਟਰ ਦੇ ਵਿਚਾਰ ਸਮਾਜਿਕ ਤੇ ਆਰਥਿਕ ਬਰਾਬਰਤਾ ਵਾਲੇ ਸਨ। ਫਿਰ ਅੱਗੇ ਉਹਨਾਂ ਨੇ ਦੱਸਿਆ ਸੀ ਕਿ ਇੱਕ 'ਜੌਂਡਿਅਸ' ਸਮਾਜਿਕ ਬਿਮਾਰੀ ਵੀ ਹੈ। ਜਿਹੜੀ ਕਿ ਸਾਡੇ ਸਮਾਜ ਨੂੰ ਸਦੀਆਂ ਤੋਂ ਘੁਣ ਵਾਂਗ ਲੱਗੀ ਹੋਈ ਹੈ। ਇਹ ਬਿਮਾਰੀ ਹੈ ਸਮਾਜਿਕ, ਆਰਥਿਕ ਨਾ ਬਰਾਬਰੀ ਦੀ, ਜਾਤ ਪਾਤ ਦੀ।ਸਮਾਜ ਦੀ ਇਸ ਬਿਮਾਰੀ ਦਾ ਜਨਮ ਦਾਤਾ ਮੰਨੂ ਨੂੰ

ਮੰਨਿਆ ਜਾਂਦਾ ਹੈ। ਜਿਸ ਨੇ ਇਨਸਾਨ ਅਤੇ ਇਨਸਾਨੀਅਤ ਨੂੰ ਕਈ ਵਰਗਾਂ ਵਿੱਚ ਵੰਡ ਦਿੱਤਾ ਸੀ। 'ਮਨਾ ,ਤੂੰ ਕਿਹੜੇ ਵਹਿਣਾ ਵਿੱਚ ਬਹਿ ਗਿਆ। ਚਲ ਛੱਡ ਪਰ੍ਹੇ, ਐਵੇਂ ਮਾਸਟਰ ਬੋਲਦਾ ਸੀ। ਉਸਨੇ ਆਪਣੇ ਮਨ ਨੂੰ ਸਿਆਣਿਆਂ ਵਾਂਗ ਸਮਝਾਇਆ।

''ਜਿੰਦਰ ਭੈਣ, ਤੂੰ ਫ਼ਿਕਰ ਨਾ ਕਰ, ਕਾਕਾ ਜਲਦੀ ਤੰਦਰੁਸਤ ਹੋ ਜੂਗਾ।'' ਸ਼ਿੰਦੋ ਨੇ ਡਾਢੀ ਹਮਦਰਦੀ ਜਤਾਈ। ਕੁਲਜਿੰਦਰ ਧੁਰ ਅੰਦਰੋਂ ਸ਼ਿੰਦੋ ਤੋਂ ਖਿਝ ਰਹੀ ਸੀ। ਉਸ ਨੂੰ ਸ਼ਿੰਦੋ ਦੀ ਹਮਦਰਦੀ ਵਿੱਚੋਂ ਵੀ ਭਿੱਟ ਚੜ੍ਹਦੀ।

''ਖਾਨਾ ਲੇ ਲੋ, ਖਾਨਾ''। ਵਾਰਡ ਵਿੱਚ ਆ ਕੇ ਖਾਣੇ ਵਾਲੇ ਨੇ ਉੱਚੀ ਅਵਾਜ਼ ਵਿੱਚ ਕਿਹਾ। ਬੱਚਿਆਂ ਵਾਲੇ ਵਾਰਡ ਵਿੱਚ ਮਰੀਜ਼ ਬੱਚੇ ਦੇ ਨਾਲ਼ ਇੱਕ ਜਣੇ ਨੂੰ ਹੀ ਰਹਿਣ ਦਿੱਤਾ ਜਾਂਦਾ ਹੈ। ਸਾਰਿਆਂ ਨੇ ਤੇਜ਼ੀ ਨਾਲ ਆਪੋ ਆਪਣੀਆਂ ਥਾਲ਼ੀਆਂ ਚੁੱਕੀਆਂ ਅਤੇ ਖਾਣਾ ਪਵਾਉਣ ਲਈ ਇੱਕ ਦੂਜੇ ਤੋਂ ਮੂਹਰੇ ਹੁੰਦੇ ਹੋਏ ਖਾਣੇ ਵਾਲੇ ਕੋਲ਼ ਚਲੇ ਗਏ।

ਸਕਿੰਟਾਂ ਦੇ ਹਿਸਾਬ ਨਾਲ਼ ਖਾਣਾ ਪਵਾਉਣ ਵਾਲਿਆਂ ਦੀ ਲੰਬੀ ਲਾਈਨ ਲੱਗ ਗਈ।

ਇੱਕ ਦੋ ਜਣੇ ਥਾਲੀ ਲੈ ਕੇ ਖਾਣੇ ਵਾਲੇ ਦੇ ਕੋਲ਼ ਹੀ ਖੜ੍ਹ ਗਏ। ਉਹਨਾਂ ਵਿੱਚ ਹੀ ਕੁਲਜਿੰਦਰ ਆਪਣੀ ਥਾਲੀ ਲੈ ਕੇ ਖੜ੍ਹ ਗਈ।

''ਐਸੇ ਮੈਂ ਆਪਕੋ ਕਿਸੀ ਕੋ ਖਾਨਾ ਨਹੀਂ ਦੂੰਗਾ, ਲਾਈਨ ਮੇਂ ਲਗੋ''।

ਕੁਲਜਿੰਦਰ ਨੂੰ ਪਿੱਛੇ ਲਾਈਨ ਵਿੱਚ ਲੱਗਣਾ, ਉਹ ਵੀ ਸ਼ਿੰਦੋ ਤੋਂ ਪਿੱਛੇ, ਬਹੁਤਾ ਔਖਾ ਲੱਗਿਆ। ਉਸਨੂੰ ਆਪਣੀ ਧੌਣ ਵਿੱਚ ਦਰਦ ਜਿਹਾ ਮਹਿਸੂਸ ਹੋਇਆ। ਉਸਨੇ ਧੌਣ ਨੂੰ ਦੋ ਤਿੰਨ ਵਾਰ ਘੁਮਾਇਆ। ਕੜਕ- ਕੜਕ ਕਰਕੇ ਦੋ ਪਟਾਕੇ ਪਏ। ਧੌਣ 'ਚੋਂ ਨਿਕਲੀ ਚੀਸ ਨੂੰ ਉਹ ਸਹਾਰ ਨਾ ਸਕੀ। ਕਾਹਲ਼ੀ ਨਾਲ਼ ਵਾਰਡ ਵਿੱਚ ਜਾਣ ਲੱਗੀ।

''ਜਿੰਦਰ ਭੈਣੇ, ਤੂੰ ਇੱਥੇ ਆ ਜਾ, ਮੇਰੇ ਵਾਲੀ ਥਾਂ ਤੇ ਖੜ੍ਹ ਜਾ, ਮੈਂ ਪਿੱਛੇ ਲੱਗ ਜਾਨੀ ਆ।''

ਸ਼ਿੰਦੋ ਨੇ ਮੋਹ ਭਰੇ ਲਹਿਜੇ ਵਿੱਚ ਕਿਹਾ।

''ਨਹੀਂ ,ਤੂੰ ਖੜ੍ਹੀ ਰਹਿ, ਮੈਂ ਜੱਸੂ ਦੇ ਡੈਡ ਨੂੰ ਭੇਜਦੀ ਆਂ ''।

ਕੁਲਜਿੰਦਰ ਤੇਜ਼ੀ ਨਾਲ ਵਾਰਡ ਵਿੱਚ ਚਲੀ ਗਈ। ਉਸਨੇ ਜੱਸੂ ਦੇ ਚਿਹਰੇ ਉੱਤੇ ਹੱਥ ਫੇਰਿਆ। ਬੱਚੇ ਦੀਆਂ ਅੱਖਾਂ ਵਸਾਰ ਵਾਂਗ ਪੀਲ਼ੀਆਂ ਸਨ। ਏਨੇ ਕੁਲਵੰਤ ਨੇ ਪਲੇਟ ਵਿੱਚ ਚਾਵਲ, ਥੋੜ੍ਹੀ ਜਿਹੀ ਖਿਚੜੀ ਅਤੇ ਫੁਲਕੇ ਲੈ ਆਂਦੇ। ਸ਼ਿੰਦੋ ਨੇ ਉਹਨਾਂ ਵਾਸਤੇ ਦਾਲ ਗਿਲਾਸ ਵਿੱਚ ਪਵਾ ਲਿਆਂਦੀ ।

''ਕੁਲਜਿੰਦਰ ਭੈਣੇ, ਦਾਲ ਗਿਲਾਸ ਵਿੱਚ ਪਈ ਆ''।

ਕੁਲਜਿੰਦਰ ਨੇ ਨੱਕ ਚੜ੍ਹਾ ਕੇ,''ਹੂੰ'' ਕਿਹਾ। ਕੁਲਵੰਤ ਨੇ ਉਥੇ ਬੈਠੇ ਨੇ ਹੀ ਦੋ ਫੁਲਕੇ ਖਾ ਲਏ।

''ਜਿੰਦਰ ,ਜੱਸੂ ਨੂੰ ਮੈਨੂੰ ਫੜਾ, ਹੁਣ ਤੂੰ ਖਾ ਲੈ।''

''ਐਦਾਂ ਕਰੋ, ਜਿਹੜੀ ਗਲਾਸ ਵਿੱਚ ਦਾਲ ਆ, ਇਹਨੂੰ ਪਹਿਲਾਂ ਡੋਲ੍ਹ ਕੇ ਆ, ਐਵੇਂ ਝੜੰਮ ਉੱਤੇ ਚੜ੍ਹਦੀ ਆ, ਨਾਲੇ ਮੈਂ ਕਿਹਾ ਸੀ, ਰਹਿਣ ਦੇ, ਅਖੇ ਤੂੰ ਕੌਣ ,ਮੈਂ ਖਾਹ ਮਖਾਹ''। ਕੁਲਜਿੰਦਰ ਨੇ ਦਬਵੀਂ ਆਵਾਜ਼ ਨਾਲ਼ ਕਿਹਾ।

ਡਾਕਟਰਾਂ ਦੀ ਟੀਮ ਬੱਚਿਆਂ ਨੂੰ ਚੈੱਕ ਕਰਦੀ ਹੋਈ ਉਹਨਾਂ ਦੇ ਵਾਰਡ ਵਿੱਚ ਆ ਗਈ। ਕੁਲਜਿੰਦਰ ਨੇ ਕੁਲਵੰਤ ਨੂੰ ਇਸ਼ਾਰੇ ਨਾਲ ਵਾਰਡ ਤੋਂ ਬਾਹਰ ਰਹਿਣ ਲਈ ਕਿਹਾ। ਡਾਕਟਰਾਂ ਦੀ ਟੀਮ ਨੇ 'ਜੱਸੂ' ਨੂੰ ਚੈੱਕ ਕੀਤਾ। 'ਜੱਸੂ' ਡਾਕਟਰ ਭਾਤੀ ਦੇ ਅੰਡਰ ਸੀ। ਜਦੋਂ ਵੱਡੇ ਡਾਕਟਰ ਨੇ ਡਾਕਟਰ ਭਾਤੀ ਨੂੰ ਪੁੱਛਿਆ, ''ਵਟ ਇਜ਼ ਦਾ ਬੇਬੀ 'ਜ਼ ਪੁਜੀਸ਼ਨ? ਵਟ ਪ੍ਰਸੈਂਟੇਜ਼ ਆਫ ਜੌਂਡੀਅਸ ਦੇਅਰ?''


''ਮੈਮ ,ਹਾਈ ਪੁਜੀਸ਼ਨ ਇਨ, ਇਟਸ ਆ ਪੀਕ ਪੁਜੀਸ਼ਨ''।

ਵੱਡੀ ਡਾਕਟਰ ਨੇ ਕੁਲਜਿੰਦਰ ਨੂੰ ਕਿਹਾ ਕਿ ਬੇਬੀ ਨੂੰ ਬਲੱਡ ਦੀ ਯੂਨਿਟ ਲਗਾਉਣੀ ਪਵੇਗੀ। ਇਹ ਸੁਣਦੇ ਹੀ ਕੁਲਜਿੰਦਰ ਦੀਆਂ ਅੱਖਾਂ ਅੱਗੇ ਹਨੇਰੀ ਆ ਗਈ। ਉਸਨੇ ਆਪਣੇ ਆਪ ਨੂੰ ਸੰਭਾਲਿਆ। ਡਾਕਟਰਾਂ ਦੀ ਟੀਮ ਦੂਜੇ ਵਾਰਡ ਵਿੱਚ ਚਲੀ ਗਈ। ਸ਼ਿੰਦੋ, ਕੁਲਜਿੰਦਰ ਦੇ ਕੋਲ਼ ਆ ਗਈ।

''ਜਿੰਦਰ ਭੈਣ ,ਤੂੰ ਫਿਕਰ ਨਾ ਕਰ। ਬੰਦਾ ਈ ਬੰਦੇ ਦੀ ਦਾਰੂ ਹੁੰਦਾ। ਜੇ ਖੂਨ ਦੀ ਲੋੜ ਪਈ ਤਾਂ ਮੈਂ ਬਥੇਰਾ ਕਢਾ ਦੂੰ।''

ਕੁਲਜਿੰਦਰ ਨੇ ਉਸ ਵੱਲ ਤੱਕਿਆ। ਜੱਸੂ ਉੱਚੀ ਉੱਚੀ ਰੋਣ ਲੱਗਿਆ।

**-86996 93680**






## ਵੱਧ ਮਿਲਿਆ

ਮੈਂ ਕੱਪੜੇ ਨਹੀਂ ਖਰੀਦੇ
ਨਾਹੀਂ ਬੂਟ ਖਰੀਦੇ
ਨਾ ਬਣਾਇਆ ਆਲੀਸ਼ਾਨ ਮਕਾਨ
ਨਾ ਖਰੀਦਿਆ ਹਾਈਵੇ 'ਤੇ ਕੋਈ
ਪਲਾਟ
ਨਾ ਖਰੀਦੀ ਕੋਈ ਮੋਟਰ ਕਾਰ
ਨਾ ਸੋਨਾ ਖਰੀਦਿਆ, ਨਾ ਚਾਂਦੀ
ਮੈਂ ਕੁਝ ਨਹੀਂ ਕੀਤਾ-ਖਰੀਦਿਆ
ਵੇਖਣ-ਵਿਖਾਉਣ ਲਾਇਕ

ਮੈਂ ਪ੍ਰੇਮ ਕੀਤਾ
ਜੋ ਕਦੇ ਘੱਟ
ਕਦੇ ਵੱਧ ਮਿਲਿਆ
ਜਿਸਨੂੰ ਜੋ ਵੀ ਦਿੱਤਾ
ਲੱਗਿਆ,ਜੋ ਦਿੱਤਾ ਘੱਟ ਦਿੱਤਾ
ਵੱਧ ਲਿੱਤਾ

ਮੈਂ ਦੂਜਿਆਂ ਨੂੰ
ਪੜ੍ਹਨ ਦੀ ਕੋਸ਼ਿਸ਼ ਵਿੱਚ
ਆਪਣੇ ਆਪ ਨੂੰ
ਘੱਟ ਪੜ੍ਹਿਆ, ਘੱਟ ਘੜਿਆ
ਰਹਿ ਗਿਆ ਅਣਘੜਿਆ
ਅਪੜ੍ਹਿਆ ਸੰਸਾਰ
ਬਾਹਰ ਤੋਂ ਜ਼ਿਆਦਾ ਵੱਡਾ
ਮੇਰੇ ਅੰਦਰ ਦਾ ਹਾਹਾਕਾਰ।

## ਨਿੱਕੀ ਹਰੀ ਘਾਹ

ਆਉਂਦੇ ਹੋਏ ਘੋੜਿਆਂ ਦੀਆਂ ਟਾਪਾਂ
ਸੁਣਾਈ ਨਹੀਂ ਦਿੰਦੀਆਂ
ਇਹ ਕੌਣ ਹਨ ਜੋ
ਲਿਤਾੜ ਰਹੇ ਹਨ
ਨਿੱਕੀ ਹਰੀ ਘਾਹ

ਕਹਿ ਰਹੇ ਹਨ
ਤੁਸੀ ਡਰੋ ਨਹੀਂ



ਅਸੀ ਤੁਹਾਨੂੰ ਨਹੀਂ
ਇਸ ਹਰੀ ਨਿੱਕੀ
ਘਾਹ ਲਈ ਆਏ ਹਾਂ
ਜੋ ਦੱਬਦੀ ਨਹੀਂ
ਬਾਰ-ਬਾਰ ਸਾਡੇ
ਚਰੇ ਜਾਣ ਦੇ ਬਾਵਜੂਦ
ਬਾਰ-ਬਾਰ ਉੱਗ ਆਉਂਦੀ ਹੈ

ਇਹ ਸਾੜ-ਫੂਕ ਇਹ ਕੱਟਵਢ
ਤੁਹਾਡੇ ਲਈ ਨਹੀਂ
ਇਸ ਨਿੱਕੀ ਹਰੀ ਘਾਹ ਲਈ ਹੈ
ਜੋ ਕੁਚਲਣ ਅਤੇ
ਝੁਲਸ ਜਾਣ ਦੇ ਬਾਵਜੂਦ
ਫ਼ਿਰ ਤੋਂ ਬਾਰ-ਬਾਰ ਉੱਗ ਅਤੇ
ਉੱਠ ਜਾਂਦੀ ਹੈ
ਬਾਰ-ਬਾਰ ਸਾਡੀ
ਅੱਖ ਵਿੱਚ ਚੁਭ ਜਾਂਦੀ ਹੈ।

...

ਘਾਹ ਹੱਸਦੀ ਹੈ
ਅਤੇ ਕਹਿੰਦੀ ਹੈ
ਤੁਹਾਨੂੰ ਨਹੀਂ ਪਤਾ
ਮੈਂ ਘਾਹ ਹਾਂ ਘਾਹ
ਵੱਡੀ ਨਹੀਂ ਨਿੱਕੀ ਘਾਹ
ਜਿਵੇਂ-ਜਿਵੇਂ ਰਗੜ ਖਾਂਦੀ ਹਾਂ
ਜੜਾਂ ਫੈਲਾਉਂਦੀ ਜਾਂਦੀ ਹਾਂ
ਮੇਰੇ ਉੱਤੇ ਲੜੇ ਗਏ
ਕਿੰਨੇ ਹੀ ਯੁੱਧ
ਮੇਰੇ ਉੱਪਰ ਹੀ ਲੜੇ ਮਰੇ
ਮਿੱਟੀ ਹੋਏ

ਸੁਆਹ ਕਰਨ ਦੇ ਚੱਕਰ ਵਿੱਚ
ਜੋ ਥੱਕ-ਹਾਰ ਬੈਠੇ ਮੇਰੇ ਦੁਆਰ
ਮੈਂ ਵਿਛ ਗਈ
ਕੂਲੀ ਹਰੀ ਚਾਦਰ ਵਾਂਗ
ਸਹਿਲਾਈ ਉਹਨਾਂ ਦੀ
ਜ਼ਖਮੀ, ਥੱਕੀ ਹੋਈ ਪਿੱਠ।

## ਹਸਤਿਨਾਪੁਰ ਵਿੱਚ

ਹਸਤਿਨਾਪੁਰ ਵਿੱਚ
ਕੌਰਵ ਰਹਿੰਦੇ ਹਨ ਉਹ ਰੋਜ਼
ਇੱਕ ਲਾਖ ਦਾ ਘਰ ਬਣਾਉਂਦੇ ਹਨ

ਹਸਤਿਨਾਪੁਰ ਵਿੱਚ
ਧ੍ਰਿਤਰਾਸ਼ਟਰ ਰਹਿੰਦੇ ਹਨ
ਜੋ ਮਨਾਖੇ ਹਨ
ਪਰ ਸਿਰਫ਼ ਆਪਣੇ ਹੀ
ਪੁੱਤਰਾਂ ਨੂੰ ਵੇਖ ਸਕਦੇ ਹਨ

ਹਸਤਿਨਾਪੁਰ ਵਿੱਚ
ਭੀਸ਼ਮ ਪਿਤਾਮਾ ਰਹਿੰਦੇ ਹਨ
ਜੋ ਮਨਾਖੇ ਨਹੀਂ
ਗੂੰਗੇ ਅਤੇ ਬੋਲੇ ਹਨ
ਗੋਲ-ਗੋਲ ਘੁੰਮਦੇ ਹਨ

ਹਸਤਿਨਾਪੁਰ ਵਿੱਚ
ਦ੍ਰੋਣਾਚਾਰੀਆ ਰਹਿੰਦੇ ਹਨ
ਜੋ ਗੁਰੂ ਹਨ
ਹਨ੍ਹੇਰੇ ਵਿੱਚ ਵੱਸਦੇ ਹਨ
ਰੌਸ਼ਨੀ ਵਿੱਚ ਬੈਠਦੇ ਹਨ

ਹਸਤਿਨਾਪੁਰ ਵਿੱਚ ਕਰਣ ਹੈ
ਜੋ ਅੱਧਾ ਇੰਦਰਪ੍ਰਸਥ ਹੈ
ਹੋਰ ਕੋਈ ਨਹੀਂ ਹੈ ਹਸਤਿਨਾਪੁਰ ਵਿੱਚ

ਹਸਤਿਨਾਪੁਰ ਵਿੱਚ ਮੈਂ ਹਾਂ
ਪਤਨੀ ਅਤੇ ਬੱਚਿਆਂ ਸਮੇਤ
ਲਾਖ ਦੇ ਘਰ ਵਿੱਚ ਸੌਂਦਾ ਹਾਂ ਅਤੇ
ਕੁਝ ਸਮੇਂ ਲਈ
ਪਾਂਡਵ ਹੋ ਜਾਂਦਾ ਹਾਂ।

# ਖੋਜ ਨਿਬੰਧ / ਅਮਰਜੀਤ ਕੌਂਕੇ ਰਚਿਤ ਕਾਵਿ-ਪੁਸਤਕ 'ਇਸ ਧਰਤੀ 'ਤੇ ਰਹਿੰਦਿਆਂ' ਦੇ ਦਰਸ਼ਨੀ ਪਾਸਾਰ / ਡਾ. ਮੋਹਨ ਤਿਆਗੀ



ਅਮਰਜੀਤ ਕੌਂਕੇ ਸਮਕਾਲੀ ਪੰਜਾਬੀ ਕਵਿਤਾ ਦਾ ਇੱਕ ਗੰਭੀਰ ਬਿਰਤੀ ਵਾਲਾ ਸ਼ਾਇਰ ਹੈ। ਉਸਦੀ ਅਨੂਠੀ ਕਾਵਿ-ਸਿਰਜਣਾ ਇਸ ਗੱਲ ਦੀ ਗਵਾਹੀ ਭਰਦੀ ਹੈ। ਉਹ ਜਦ ਵੀ ਰਚਨਾਕਾਰੀ ਕਰਦਾ ਹੈ ਤਾਂ ਇਸਦੇ ਦਰਸ਼ਨੀ ਪਾਸਾਰਾਂ ਅਤੇ ਕਾਵਿ-ਪ੍ਰਸੰਗਾਂ ਤੇ ਵਧੇਰੇ ਟੇਕ ਰੱਖਦਾ ਹੈ। ਉਸਨੇ ਆਪਣੀ ਕਵਿਤਾ ਵਿੱਚ ਗਿਣਾਤਮਕ ਵਾਧੇ ਦੀ ਥਾਵੇਂ ਇਸਦੀ ਗਹਿਰਾਈ ਅਤੇ ਕਾਵਿਕਤਾ ਵੱਲ ਵਧੇਰੇ ਧਿਆਨ ਦਿੱਤਾ ਹੈ, ਉਸਦਾ ਇਹੀ ਮੀਰੀ ਗੁਣ ਉਸਨੂੰ ਪੰਜਾਬੀ ਸਾਹਿਤ ਦੇ ਦੂਜੇ ਕਵੀਆਂ ਤੋਂ ਨਿਖੇੜਦਾ ਹੈ। ਜੇਕਰ ਸਮਕਾਲੀ ਪੰਜਾਬੀ ਕਵਿਤਾ ਦੇ ਭਰਵੇਂ ਦ੍ਰਿਸ਼ ਵੱਲ ਇੱਕ ਝਾਤ ਮਾਰੀ ਜਾਵੇ ਤਾਂ ਇਹ ਕਵਿਤਾ ਬਹੁਸੁਰਾਂ ਅਤੇ ਵੰਨ-ਸੁਵੰਨਤਾ ਦਾ ਪ੍ਰਗਟਾਵਾ ਕਰਦੀ ਹੈ। ਇਸ ਪਿੱਛੇ ਮਨੁੱਖ ਦਾ ਇਤਿਹਾਸਕ ਪਿਛੋਕੜ ਅਤੇ ਸਮਾਜਿਕ ਚੌਖਟੇ ਕਾਰਜਸ਼ੀਲ ਰਹਿੰਦੇ ਹਨ। ਪੰਜਾਬੀ ਕਵਿਤਾ ਆਪਣੇ ਉਦਭਵ ਤੋਂ ਲੈ ਕੇ ਵਿਕਾਸ ਤੱਕ ਅਨੇਕਾਂ ਪੜਾਵਾਂ ਵਿੱਚੋਂ ਗੁਜ਼ਰੀ ਹੈ। ਇਸਦੇ ਸਿਰਜਣ-ਮੁਹਾਵਰੇ ਨੂੰ ਜਿੱਥੇ ਯੰਗ ਬੋਧ ਪ੍ਰਭਾਵਿਤ ਕਰਦਾ ਆਇਆ ਹੈ, ਉਸਦੇ ਨਾਲ ਹੀ ਖੇਤਰੀ ਮਸਲੇ ਵੀ ਪ੍ਰਬਲ ਰੂਪ ਵਿੱਚ ਪ੍ਰਭਾਵਿਤ ਕਰਦੇ ਆਏ ਹਨ। ਪੰਜਾਬੀ ਕਵਿਤਾ ਇਨ੍ਹਾਂ ਕਾਟਵੀਆਂ ਅਤੇ ਪ੍ਰਤੀਕੂਲ ਪ੍ਰਸਥਿਤੀਆਂ ਨਾਲ ਸੰਵਾਦ ਰਚਾਉਂਦੀ ਹੋਈ, ਸਮਕਾਲ ਦੇ ਵੱਖ-ਵੱਖ ਕਾਲਖੰਡਾਂ ਨੂੰ ਆਤਮਸਾਤ ਕਰਨ ਦਾ ਯਤਨ ਕਰਦੀ ਹੈ। ਇਸ ਵਿੱਚ ਵਿਸ਼ਵ ਚੇਤਨਾ ਦੇ ਪਾਸਾਰ ਦੁਨੀਆਂ ਭਰ ਵਿੱਚ ਮਾਨਵ-ਮੁਕਤੀ ਲਈ ਚੱਲੀਆਂ ਲਹਿਰਾਂ ਦੇ ਉਥਾਨ ਨਾਲ ਸ਼ਾਮਿਲ ਹੁੰਦੇ ਹਨ। ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਯੂਨਾਨੀ ਅਤੇ ਅੰਗਰੇਜ਼ੀ ਕਵਿਤਾ ਵਿੱਚ ਇਹ ਕ੍ਰਾਂਤੀਕਾਰੀ ਪਰਿਵਰਤਨ ਬਹੁਤ ਪਹਿਲਾਂ ਵਾਪਰ ਚੁੱਕੇ ਸਨ। ਉਦਾਹਰਨ ਦੇ ਤੌਰ ਤੇ ਅੰਗਰੇਜ਼ੀ ਦੀ ਰੁਮਾਂਸਵਾਦੀ ਯੁੱਗ (Romantic Age) ਦੀ ਕਵਿਤਾ ਇਨ੍ਹਾਂ ਬਹੁ-ਸੁਰਾਂ ਅਤੇ ਦ੍ਰਿਸ਼ਟੀਗਤ ਅਕੀਦਿਆਂ ਦੀ ਹਾਮੀ ਭਰਦੀ ਹੈ। ਇਨ੍ਹਾਂ ਵਿਚੋਂ ਜੌਹਨ ਕੀਟਸ, ਸ਼ੈਲੀ, ਵਰਡਜ਼ਵਰਥ ਅਤੇ ਐਸ.ਟੀ ਕੌਲਰਿਜ਼ ਅਜਿਹੇ ਕਵੀ ਹਨ, ਜਿਨ੍ਹਾਂ ਦੀ ਕਵਿਤਾ ਬੜਾ ਭਾਵੁਕ ਅਤੇ ਤਲਿਸਮੀ ਆਭਾ ਮੰਡਲ ਸਿਰਜਦੀ ਹੈ। ਇਹ ਸਨਾਤਨਵਾਦ ਤੋਂ ਅਗਲਾ ਪੜਾਅ ਜਿੱਥੇ ਸਧਾਰਨ ਬੰਦੇ ਦੀ ਬੰਦਗੀ ਨੂੰ ਕੇਂਦਰ ਵਿੱਚ ਰੱਖਦਾ ਹੈ, ਉਸਦੇ ਨਾਲ ਹੀ ਉਸਦੀ ਆਂਤਰਿਕ ਵੇਦਨਾ ਅਤੇ ਮਾਨਸਿਕ ਪ੍ਰਵਿਰਤੀਆਂ ਨੂੰ ਵੀ ਢੁਕਵੀਂ ਜ਼ਮੀਨ ਪ੍ਰਦਾਨ ਕਰਦਾ ਹੈ। ਪੰਜਾਬੀ ਕਵਿਤਾ ਵਿੱਚ ਇਹ ਪਰਿਵਰਤਨ ਕਾਫ਼ੀ ਦੇਰ ਬਾਅਦ ਵਾਪਰਦੇ ਹਨ। ਇਹੀ ਕਾਰਨ ਹੈ ਕਿ ਪੰਜਾਬੀ ਕਵਿਤਾ ਵਿੱਚ ਨਾਰੀ ਸਰੋਕਾਰ, ਦਲਿਤ ਪਛਾਣਾਂ ਅਤੇ ਲਿੰਗਕ ਮਸਲੇ ਬੜੀ ਦੇਰ ਬਾਅਦ ਪ੍ਰਵੇਸ਼ ਕਰਦੇ ਹਨ। ਪੰਜਾਬੀ ਕਵਿਤਾ ਜਿਵੇਂ ਜਿਵੇਂ ਇਨ੍ਹਾਂ ਗੁੰਝਲਦਾਰ ਮਸਲਿਆਂ ਦਾ ਪ੍ਰਤੀ ਉੱਤਰ ਸਿਰਜਣ ਲਗਦੀ ਹੈ, ਇਸਦੀ ਸੰਰਚਨਾਤਮਕ ਬਣਤਰ ਹੋਰ ਵੀ ਗਹਿਰੀ ਅਤੇ ਜਟਿਲ ਪ੍ਰਵਿਰਤੀ ਦਾ ਪ੍ਰਗਟਾਵਾ ਕਰਦੀ ਹੈ। ਇਸ ਸੰਦਰਭ ਵਿੱਚ ਜੇਕਰ ਅਮਰਜੀਤ ਕੌਂਕੇ ਦੀ ਕਵਿਤਾ ਦੀ ਗੱਲ ਕੀਤੀ ਜਾਵੇ ਤਾਂ ਇਹ ਕਵਿਤਾ ਸਮਕਾਲ ਦੇ ਉਨ੍ਹਾਂ ਵਰਤਾਰਿਆਂ ਅਤੇ ਮਸਲਿਆਂ ਨੂੰ ਕੇਂਦਰ ਵਿੱਚ ਰੱਖਕੇ ਚਲਦੀ ਹੈ, ਜਿਨ੍ਹਾਂ ਨੇ ਮਨੁੱਖ ਦਾ ਕਿਸੇ ਸਮਾਜ-ਸੱਭਆਚਾਰ ਵਿੱਚ ਹੋਂਦਗਤ ਸਥਾਨ ਨਿਸ਼ਚਿਤ ਕਰਨਾ ਹੁੰਦਾ ਹੈ। ਇਸ ਪ੍ਰਸੰਗ ਵਿੱਚ ਕੌਂਕੇ ਦੀ ਕਵਿਤਾ ਸਮਕਾਲੀ ਪ੍ਰਵਚਨ ਨੂੰ ਵੱਖਰੀ ਕਾਵਿ ਭਾਸ਼ਾ ਵਿੱਚ ਨਜਿੱਠਦੀ ਹੋਈ ਆਪਣੀ ਗਹਿਰੀ ਕਾਵਿ-ਸੰਵੇਦਨਾ ਦਾ ਅਹਿਸਾਸ ਕਰਾਉਂਦੀ ਹੈ। ਇਸੇ ਸੰਦਰਭ ਵਿੱਚ ਉਸਦੀ ਨਵੀਂ ਕਾਵਿ-ਪੁਸਤਕ **'ਇਸ ਧਰਤੀ 'ਤੇ ਰਹਿੰਦਿਆਂ'** ਕਵਿ ਅਧਿਐਨ ਦੇ ਇੱਕ ਵੱਖਰੇ ਪਰਿਪੇਖ ਤੋਂ ਵਿਚਾਰੀ ਗਈ ਹੈ। ਇਸਦਾ ਸਿਰਲੇਖ ਇਸਦੇ ਵਿਸ਼ੇਗਤ ਸਰੋਕਾਰਾਂ ਅਤੇ ਦਰਸ਼ਨੀ ਪਾਸਾਰਾਂ ਵੱਲ ਬੜੇ ਸਹਿਜ ਢੰਗ ਨਾਲ ਇਸ਼ਾਰਾ ਕਰ ਜਾਂਦਾ ਹੈ। ਅਮਰਜੀਤ ਕੌਂਕੇ ਪੰਜਾਬੀ ਦਾ ਉਹ ਕਵੀ ਹੈ, ਜਿਹੜਾ ਕਿ ਸਾਡੇ ਆਲੇ ਦੁਆਲੇ ਘਟ ਰਹੀਆਂ ਘਟਨਾਵਾਂ ਅਤੇ ਵਰਤਾਰਿਆਂ ਨੂੰ ਬੜੀ ਮਹੀਨ ਦ੍ਰਿਸ਼ਟੀ ਨਾਲ ਵੇਖਣ ਅਤੇ ਸਮਝਣ ਦੀ ਸਮਰੱਥਾ ਰੱਖਦਾ ਹੈ। ਉਸਦਾ ਕਾਵਿ-ਬੋਧ ਵੀ ਵਿਲੱਖਣ ਅੰਤਰ ਦ੍ਰਿਸ਼ਟੀਆਂ ਦਾ ਲਖਾਇਕ ਹੈ। ਉਹ ਵਿਸ਼ਵੀਕਰਨ ਦੇ ਇਸ ਧਾੜਵੀ ਦੌਰ ਵਿੱਚ ਬੰਦੇ ਦੀ ਅੰਦਰਲੀ ਟੁੱਟ ਭੱਜ ਅਤੇ ਬੇਤਰਤੀਬੀ ਨੂੰ ਬਹੁਤ ਸੂਖ਼ਮਤਾ ਅਤੇ ਮਾਰਮਿਕ ਢੰਗ ਨਾਲ ਫੜਨ ਦੇ ਆਹਰ ਵਿੱਚ ਹੈ। ਇਥੋਂ ਹੀ ਇਸ ਕਵਿਤਾ ਦਾ ਪ੍ਰਵਚਨ ਵਿਸ਼ਾਲ ਧਰਾਤਲ ਗ੍ਰਹਿਣ ਕਰਦਾ ਹੋਇਆ, ਇਸ ਕਵਿਤਾ ਦੀ ਅਰਥਪੂਰਨ ਪਹੁੰਚ ਨੂੰ ਸਾਕਾਰ ਕਰਨ ਦਾ ਯਤਨ ਕਰਦਾ ਹੈ। ਸਮਾਜਿਕ-ਸੱਭਿਆਚਾਰਕ ਹਨਨ ਅਤੇ ਵਿਘਟਨ ਦੇ ਹਿਰਦੇਵੇਦਕ ਦ੍ਰਿਸ਼ਾਂ ਅਤੇ ਮਹਾਂਦ੍ਰਿਸ਼ਾਂ ਨੂੰ ਅਗਰਭੂਮੀ ਵਿੱਚ ਲਿਆਉਣਾ ਇਸ ਕਵਿਤਾ ਦੀ ਸਭ ਤੋਂ ਵੱਡੀ ਤਾਕਤ ਹੈ। ਇਥੋਂ ਹੀ ਇਹ ਕਵਿਤਾ ਸਿਧਾਂਤਕ ਤੌਰ ਤੇ ਆਪਣੀ ਵਿਚਾਰਧਾਰਕ ਦ੍ਰਿਸ਼ਟੀ ਨੂੰ ਗ੍ਰਹਿਣ ਕਰਦੀ ਹੈ। ਗਹਿਰੀ ਤਨਜ਼ ਅਤੇ ਕਟਾਖਸ਼ ਇਸਨੂੰ ਹੋਰ ਵੀ ਬਲ ਪ੍ਰਦਾਨ ਕਰਦਾ ਹੈ। ਇਸ ਕਵਿਤਾ ਵਿੱਚ ਵਿਵਸਥਾਗਤ ਵਿਰਲਾਂ ਮਾਨਵੀ ਹੋਣੀ ਦੇ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਕਵੀ ਆਪਣੇ ਆਪ ਨੂੰ ਵਿਸ਼ਵ ਗੁਰੂ ਕਹਾਉਣ ਵਾਲੇ ਮਹਾਨ ਰਾਸ਼ਟਰ ਦੀਆਂ ਅੰਤਰੀਵੀ

ਗੁੰਝਲਾਂ ਨੂੰ ਇਤਿਹਾਸ ਅਤੇ ਮਿੱਥ ਦੇ ਤੁਲਨਾਵੀ ਪਰਿਪੇਖ ਰਾਹੀਂ ਉਘਾੜਦਾ ਹੋਇਆ ਅਜਬ ਵਿਰੋਧਾਭਾਸ ਸਿਰਜਦਾ ਹੈ। ਉਹ ਆਪਣੀ ਗੱਲ ਕਹਿਣ ਲੱਗਿਆਂ ਸਾਡੇ ਰਾਜਨੀਤਕ ਪ੍ਰਬੰਧ ਅਤੇ ਵਿਵਸਥਾ ਅੱਗੇ ਇੱਕ ਵੰਗਾਰ ਖੜੀ ਕਰਦਾ ਹੈ। ਉਹ ਮੌਤ ਦੇ ਖੌਫ਼ਨਾਕ ਮੰਜ਼ਰ ਨੂੰ 'ਬਲਦੀ ਦੁਪਹਿਰ' ਦੀ ਤਸ਼ਬੀਹ ਦਿੰਦਾ ਹੋਇਆ ਆਖਦਾ ਹੈ:-

ਇਹ ਮਹਾਨ ਦੇਸ਼
ਇਹ ਵੇਦਾਂ ਦੀ ਧਰਤੀ
ਗੰਗਾ ਜਮੁਨਾ ਹਿਮਾਲਾ ਦੀ ਵਿਰਾਸਤ
ਹੜੱਪਾ ਮਹਿੰਜੋਦੜੋ ਜਿਹੀਆਂ
ਸੱਭਿਆਤਾਵਾਂ ਦੀ ਜਨਮਦਾਤਾ
ਇਸੇ ਮਹਾਨ ਦੇਸ਼ ਦੀ
ਇੱਕ ਸਿਖ਼ਰ ਬਲ਼ਦੀ ਦੁਪਹਿਰ
ਅੱਗ ਵਰ੍ਹਾਉਂਦਾ ਸੂਰਜ
ਇੱਕ ਆਦਮੀ
ਆਪਣੇ ਮੋਢੇ ਤੇ
ਚੱਕੀ ਜਾ ਰਿਹਾ
ਆਪਣੀ ਪਤਨੀ ਦੀ ਲਾਸ਼ 1

ਇਸ ਤਰ੍ਹਾਂ ਇਹ ਕਵਿਤਾ ਸਾਡੇ ਦੇਸ਼ ਦੀ ਸਮੁੱਚੀ ਵਿਵਸਥਾ ਅੱਗੇ ਪ੍ਰਸ਼ਨ ਚਿੰਨ੍ਹ ਲਾਉਂਦੀ ਹੋਈ, ਸਾਨੂੰ ਇਸ ਲੋਕਤਾਂਤਰਿਕ ਢਾਂਚੇ ਬਾਰੇ ਇੱਕ ਵਾਰ ਫਿਰ ਤੋਂ ਸੋਚਣ ਲਈ ਮਜਬੂਰ ਕਰਦੀ ਹੈ। ਇਹ ਚਿੰਤਨਸ਼ੀਲ ਦ੍ਰਿਸ਼ਟੀ ਕੌਂਕੇ ਦੀ ਕਵਿਤਾ ਦੇ ਆਰ-ਪਾਰ ਫ਼ੈਲਦੀ ਹੋਈ ਸਾਨੂੰ ਸਮਕਾਲੀ ਸਥਿਤੀਆਂ-ਪ੍ਰਸਥਿਤੀਆਂ ਦਾ ਬੋਧ ਕਰਾਉਂਦੀ ਹੈ। ਸੰਵੇਦਨਾ ਤੇ ਚੇਤਨਾ ਦੇ ਇਹ ਗਹਿਰੇ ਅਤੇ ਬਲਸ਼ਾਲੀ ਪਾਸਾਰ, ਇਸ ਕਵਿਤਾ ਦਾ ਹਾਸਿਲ ਵੀ ਬਣਦੇ ਹਨ। ਜੇਕਰ ਵਰਤਮਾਨ ਦੌਰ ਵੱਲ ਇੱਕ ਝਾਤੀ ਮਾਰੇ ਜਾਵੇ ਤਾਂ ਅਜੋਕਾ ਦੌਰ ਅਥਾਹ ਸੰਕਟਾਂ ਅਤੇ ਭ੍ਰਾਂਤੀਆਂ ਦਾ ਦੌਰ ਹੈ। ਵਿਸ਼ਵ ਕਾਰਪੋਰੇਟ ਅਤੇ ਮੰਡੀ ਦੇ ਤਲਿਸਮ ਨੇ ਮਨੁੱਖ ਦੇ ਆਲੇ-ਦੁਆਲੇ ਅਜਿਹੀ ਘੇਰਾਬੰਦੀ ਕੀਤੀ ਹੈ ਕਿ ਉਹ ਆਪਣੀ ਬੰਦਗੀ ਤੋਂ ਕੋਹਾਂ ਦੂਰ ਹੋ ਗਿਆ ਹੈ। ਮਨੁੱਖ ਤੇ ਉਸਦੀ ਨਿੱਜਤਾ ਐਨੀ ਭਾਰੂ ਹੋ ਗਈ ਹੈ ਕਿ ਉਹ ਹਰ ਰਿਸ਼ਤੇ ਨੂੰ ਵਣਜ ਦੀ ਕਸਵੱਟੀ ਤੇ ਪਰਖ਼ਣ ਲੱਗ ਪਿਆ ਹੈ। ਇਸ ਵਸਤ ਸੱਭਿਆਚਾਰ ਵਿੱਚ ਖਚਤ ਮਨੁੱਖ ਕੋਈ ਸਿੱਧ ਪੱਧਰਾ ਨਹੀਂ ਰਿਹਾ ਸਗੋਂ ਬੜੇ ਅਜੀਬ ਢੰਗ ਨਾਲ ਵਿਵਹਾਰ ਕਰਨ ਲੱਗ ਪਿਆ ਹੈ। ਉਹ ਆਪਣੇ ਮੂਲ ਨਾਲੋਂ ਟੁੱਟਕੇ ਬੇਤਾਲ ਹੋ ਗਿਆ ਹੈ। ਇਹ ਕਵਿਤਾ ਵਾਰ ਵਾਰ ਇਨ੍ਹਾਂ ਪ੍ਰਸ਼ਨਾਂ ਦੇ ਮੁਖਾਤਿਬ ਹੁੰਦੀ ਹੋਈ ਆਪਣੀ ਸਮਾਜਿਕ-ਸੱਭਿਆਚਾਰਕ ਭੂਮਿਕਾ ਅਤੇ ਵੱਚਨਬੱਧਤਾ ਦਾ ਪ੍ਰਮਾਣ ਦਿੰਦੀ ਹੈ। ਇਸ ਸਬੰਧੀ ਕੌਂਕੇ ਦੀ ਕਵਿਤਾ 'ਅਜਗਰ' ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ। ਕਵੀ ਵਿਸ਼ਵ ਰਾਜਨੀਤੀ ਦੇ ਪ੍ਰਪੰਚਾਂ ਅਤੇ ਖਪਤ ਸੱਭਿਆਚਾਰ ਦੇ ਬਹੁ-ਸੰਕਟਾਂ ਨੂੰ 'ਅਜਗਰ' ਦੇ ਵਿਕਰਾਲ ਚਿਹਨ ਦੁਆਰਾ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਿਰਫ਼ ਇਹੀ ਨਹੀਂ, ਉਹ ਇਸ ਵਰਤਾਰੇ ਪਿੱਛੇ ਕੰਮ ਕਰ ਰਹੀ ਮਨਸ਼ਾ ਅਤੇ ਅਸਲ ਰਾਜਨੀਤੀ ਨੂੰ ਵੀ ਫੋਕਸ ਵਿੱਚ ਲਿਆਉਂਦਾ ਹੈ। ਉਦੋਂ ਇਹ ਕਵਿਤਾ ਵਡੇਰਾ ਪਰਿਪੇਖ ਗ੍ਰਹਿਣ ਕਰਦੀ ਹੋਈ ਸਮਕਾਲ ਨਾਲ ਪ੍ਰਵਚਨੀ ਸੁਰ ਬਣਾਉਣ ਦੇ ਰਾਹ ਪੈਂਦੀ ਹੈ, ਜਿਥੋਂ ਇਸਦੀ ਸ਼ਕਤੀ ਅਤੇ ਸੰਭਾਵਨਾ ਨੂੰ ਚੰਗੀ ਤਰ੍ਹਾਂ ਪਛਾਣਿਆ ਜਾ ਸਕਦਾ ਹੈ। ਇਸ ਕਵਿਤਾ ਵਿੱਚ 'ਅਜਗਰ' ਮਨੁੱਖ ਨੂੰ ਉਸਾਰਨ ਦੀ ਥਾਵੇਂ ਉਸਨੂੰ ਨਿਗਲ ਜਾਣ ਵਾਲੀ ਵਿਵਸਥਾ ਦੀ ਤਰਜ਼ਮਾਨੀ ਕਰਦਾ ਹੈ। ਇਹ ਪਾਸਾਰ ਇਸ ਕਵਿਤਾ ਵਿੱਚ ਬਹੁਸੰਕਟਾਂ ਦੇ ਰੂਪ ਵਿੱਚ ਪੇਸ਼ ਹੁੰਦੇ ਹਨ:-

ਤੁਸੀਂ ਮੇਰੀਆਂ ਉਂਗਲਾਂ ਤੇ ਨੱਚੋਗੇ
ਮੇਰੇ ਅਨੁਸਾਰ ਟੱਪੋਗੇ
ਮੇਰੀ ਭਾਸ਼ਾ ਬੋਲੋਗੇ
ਗੁਣਗਾਨ ਕਰੋਗੇ ਮੇਰਾ ਸੌਂਦੇ ਜਾਗਦੇ
ਇਸ ਤਰ੍ਹਾਂ
ਮੰਤਰ-ਮੁਗਧ ਕਰ ਦਿਆਂਗਾ
ਤੁਹਾਨੂੰ
ਮੈਂ ਅਜਗਰ ਹਾਂ
ਮੇਹਲਦਾ ਫਿਰ ਰਿਹਾਂ
ਧਰਤੀ ਦੇ ਇੱਕ ਸਿਰੇ ਤੋਂ ਲੈ ਕੇ
ਦੂਜੇ ਸਿਰੇ ਤੀਕ 2

ਇਸ ਤਰ੍ਹਾਂ ਇਹ ਕਵਿਤਾ ਆਏ ਦਿਨਾਂ ਵਿਸ਼ਵ ਮੰਡੀ ਦੁਆਰਾ ਨਿਗਲੇ ਜਾ ਰਹੇ ਨਿੱਕੇ ਨਿੱਕੇ ਸੱਭਿਆਚਾਰਾਂ ਦੀ ਦੁਖਾਂਤਕ ਤਸਵੀਰ ਪੇਸ਼ ਕਰਦੀ ਹੋਈ ਆਪਣੀ ਗਹਿਰੀ ਸੰਵੇਦਨਾ ਦਾ ਪ੍ਰਗਟਾਵਾ ਕਰਦੀ ਹੈ। ਇਤਿਹਾਸ, ਸਾਹਿਤ ਅਤੇ ਸੱਭਿਆਚਾਰ ਸਾਡੇ ਉਹ ਮਹੱਤਵਪੂਰਨ ਅਨੁਸ਼ਾਸ਼ਨ ਹਨ ਜਿਨ੍ਹਾਂ ਨੇ ਸਮੇਂ ਦੇ ਵੱਖ ਵੱਖ ਕਾਲਖੰਡਾਂ ਅਤੇ ਗਤੀ ਨੂੰ ਸਾਂਭਕੇ ਸਹੀ ਢੰਗ ਨਾਲ ਉਲੀਕਣਾ ਹੁੰਦਾ ਹੈ। ਇਸੇ ਪ੍ਰਸੰਗ ਵਿੱਚ ਲੇਖਕ ਦਾ ਦ੍ਰਿਸ਼ਟੀਕੋਣ ਬੜਾ ਮਹੱਤਵ ਰੱਖਦਾ ਹੈ। ਜਦ ਉਸਦਾ ਗੰਭੀਰ ਪਾਠਕ ਨਾਲ ਰਾਬਤਾ ਬਣਦਾ ਹੈ ਤਾਂ ਉਸਦੀ ਰਚਨਾ ਦਾ ਅੰਦਰੂਨੀ ਸੱਚ ਅਤੇ ਤੱਤ ਜੱਗ ਜ਼ਾਹਰ ਹੋਣ ਲਗਦਾ ਹੈ। ਇਥੋਂ ਹੀ ਉਸਦੀ ਰਚਨਾ ਨੇ ਵੱਖ ਵੱਖ ਦਿਸ਼ਾਵਾਂ ਵੱਲ ਉਡਾਨ ਭਰਨੀ ਹੁੰਦੀ ਹੈ। ਇਨ੍ਹਾਂ ਦਿਸ਼ਾਵਾਂ ਤੋਂ ਹੀ ਕਵੀ ਦੀ ਸੋਝੀ ਅਤੇ ਸਖਸ਼ੀਅਤ ਦੀ ਸ਼ਨਾਖਤ ਹੁੰਦੀ ਹੈ। ਅਮਰਜੀਤ ਕੌਂਕੇ ਦੀ ਕਵਿਤਾ ਇਨ੍ਹਾਂ ਲੋਕਪੱਖੀ ਪ੍ਰਤਿਮਾਨਾਂ ਤੇ ਖ਼ਰਾ ਉੱਤਰਦੀ ਹੈ। ਉਹ ਆਪਣੇ ਆਲੇ-ਦੁਆਲੇ ਨੂੰ ਜਾਗਰੂਕ ਕਰਨ ਦੇ ਨਾਲ ਨਾਲ ਲੋਕ ਹਰਕਾਰੇ ਦੀ ਭੂਮਿਕਾ ਵੀ ਅਦਾ ਕਰਦਾ ਹੈ। ਇਹ ਪਾਸਾਰ ਇਸ ਕਵਿਤਾ ਵਿੱਚ ਨਵੀਂ ਊਰਜਾ ਦਾ ਸੰਚਾਰ ਕਰਦਾ ਹੈ, ਜਿਥੋਂ ਇਹ ਕਵਿਤਾ ਇੱਕ ਜੀਵੰਤ ਪ੍ਰਵਚਨ ਦੇ ਰੂਪ ਵਿੱਚ ਸਾਡੇ ਲਹੂ ਵਿੱਚ ਬੇਚੈਨੀ ਪੈਦਾ ਕਰਨ ਲਗਦੀ ਹੈ। ਮਾਰਕਸਵਾਦੀ ਸਕੂਲ ਦਾ ਵਿਦਵਾਨ ਏ.ਓਵਚਾਰੈਂਕੋ ਆਪਣੀ

ਪੁਸਤਕ 'ਸਮਾਜਵਾਦੀ ਯਥਾਰਥਵਾਦ ਅਤੇ ਆਧੁਨਿਕ ਸਾਹਿੱਤਕ ਪ੍ਰਕ੍ਰਿਆ' ਵਿੱਚ ਦੁਨੀਆ ਭਰ ਦੇ ਅਲੋਚਨਾ ਸਕੂਲਾਂ ਦੀ ਬਹਿਸ ਦਾ ਉੱਤਰ ਦਿੰਦਿਆਂ ਇਹ ਗੱਲ ਧਾਰਨਾ ਦੇ ਰੂਪ ਵਿੱਚ ਪ੍ਰਸਤੁਤ ਕਰਦਾ ਹੈ ਕਿ ਮਾਰਕਸਵਾਦ ਮਹਿਜ਼ ਮਨੁੱਖ ਦੀ ਗੱਲ ਹੀ ਨਹੀਂ ਕਰਦਾ, ਉਹ ਸਬੰਧਤ ਕਾਲ ਖੰਡ ਵਿੱਚ ਮਨੁੱਖ ਦੀ ਕ੍ਰਿਆਸ਼ੀਲਤਾ ਦੀ ਨਜ਼ਰਸਾਨੀ ਵੀ ਕਰਦਾ ਹੈ। ਭਾਵ ਮਨੁੱਖ ਦੀ ਗਤੀਸ਼ੀਲਤਾ ਹੀ ਉਸਨੂੰ ਉੱਤਮਤਾ ਪ੍ਰਦਾਨ ਕਰਦੀ ਹੈ। ਕੌਂਕੇ ਦਾ ਕਾਵਿ-ਨਾਇਕ ਆਪਣੀ ਇਸ ਪਰਿਪਾਟੀ ਤੇ ਪੂਰਾ ਉੱਤਰਦਾ ਹੈ। ਇਸ ਪ੍ਰਸੰਗ ਵਿੱਚ ਕੌਂਕੇ ਦੀ ਕਵਿਤਾ 'ਵਿਰਲਾਪ' ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਹੈ। ਇਹ ਕਵਿਤਾ ਗਹਿਰੀ ਸੰਵੇਦਨਾ ਦੇ ਦੀਦਾਰ ਹੀ ਨਹੀਂ ਕਰਾਉਂਦੀ ਸਗੋਂ ਕੁਦਰਤੀ ਸੋਮਿਆਂ ਅਤੇ ਵੰਨ-ਸੁਵੰਨੇ ਜਾਨਵਰਾਂ ਦਾ ਘਾਣ ਕਰਨ ਵਾਲੀ ਵਹਿਸ਼ੀ ਪ੍ਰਥਾ ਨੂੰ ਵੀ ਚੇਤਨ ਪੱਧਰ ਤੇ ਦ੍ਰਿਸ਼ਟੀਗੋਚਰ ਕਰਨ ਦੀ ਕੋਸ਼ਿਸ਼ ਕਰਦੀ ਹੈ। ਕੌਂਕੇ ਦੀ ਕਵਿਤਾ ਵਿੱਚ ਇਹ ਸਭ ਕੁਝ ਸੁਚੇਤ ਪੱਧਰ ਤੇ ਵਾਪਰਦਾ ਹੈ, ਜਿਥੋਂ ਉਸਦੀ ਪ੍ਰਤੀਬੱਧਤਾ ਦੀ ਗਹਿਰਾਈ ਨੂੰ ਸਹਿਜੇ ਹੀ ਆਂਕਿਆ ਜਾ ਸਕਦਾ ਹੈ। ਇਹ ਕਵਿਤਾ ਜਦੋਂ ਗਰਭਵਤੀ ਹਥਣੀ ਦੀ ਆਦਮੀ ਹੱਥੋਂ ਬੇਹੱਦ ਦਰਦਨਾਕ ਮੌਤ ਦਾ ਮਰਸੀਆ ਬਣਦੀ ਹੈ ਤਾਂ ਇਸ ਧਰਤੀ ਤੇ ਆਦਮੀ ਦੀ ਵਧ ਰਹੀ ਕਰੂਰਤਾ, ਨਿਰਦਈਪਣ ਅਤੇ ਦਰਿੰਦਗੀ ਦੀ ਕੋਝੀ ਤਸਵੀਰ ਵੀ ਸਾਡੇ ਸਾਹਮਣੇ ਉਜਾਗਰ ਕਰਦੀ ਹੈ। ਆਪਣੇ ਭੋਜਨ ਦੀ ਤਲਾਸ਼ ਵਿੱਚ ਨਿਕਲੇ ਮਾਸੂਮ ਜਾਨਵਰ ਦਾ ਅਚਨਚੇਤ ਆਦਮੀ ਦਾ ਸ਼ਿਕਾਰ ਬਣ ਜਾਣਾ ਬੜਾ ਗੰਭੀਰ ਮਸਲਾ ਹੈ। ਕੰਕਰੀਟ ਦੇ ਜੰਗਲ ਵਿੱਚ ਵੱਸਦਾ ਆਦਮੀ ਪ੍ਰਕ੍ਰਿਤੀ ਦੇ ਗੰਝੇ ਰਹੱਸਾਂ ਨੂੰ ਸਮਝਣ ਤੋਂ ਇਨਕਾਰੀ ਹੋ ਗਿਆ ਹੈ, ਜਿਸਦਾ ਪਰਿਣਾਮ ਹਾਲੇ ਸਾਡੀਆਂ ਅਗਲੀਆਂ ਨਸਲਾਂ ਨੇ ਭੁਗਤਣਾ ਹੈ। ਇੱਥੇ ਹਥਣੀ ਦੀ ਮੌਤ ਸਾਡੀ ਪੂਰੀ ਸਮਾਜਿਕ ਵਿਵਸਥਾ ਦੀ ਮੌਤ ਵੱਲ ਇਸ਼ਾਰਾ ਕਰਦੀ ਹੈ। ਆਦਮੀ ਉੱਦੋਂ ਤੱਕ ਆਦਮੀ ਰਹਿੰਦਾ ਹੈ ਜਦ ਤੱਕ ਜ਼ਜ਼ਬਾਤ ਉਸਦਾ ਸਾਥ ਦਿੰਦਾ ਹੈ, ਇਸਦੀ ਗ਼ੈਰ-ਹਾਜ਼ਰੀ ਵਿੱਚ ਮਨੁੱਖ ਵਹਿਸ਼ੀਂ ਦਰਿੰਦਾ ਬਣ ਜਾਂਦਾ ਹੈ। ਇਹ ਘਟਨਾਕ੍ਰਮ ਵੀ ਮਨੁੱਖ ਦੀ ਇਸੇ ਪ੍ਰਵਿਰਤੀ ਦਾ ਸਿੱਟਾ ਹੈ:-

ਵਿਰਲਾਪ ਕੀਤਾ ਹੋਵੇਗਾ ਉਸਨੇ
ਉਸ ਵਹਿਸ਼ੀ ਭੀੜ ਦੇ ਲਈ
ਜਿਸਨੇ ਅਨਾਨਾਸ ਵਿੱਚ ਬਾਰੂਦ ਭਰ ਕੇ
ਤੁੰਨ ਦਿੱਤਾ ਉਸਦੇ ਮੂੰਹ ਵਿੱਚ
ਉਸਨੇ ਵਿਰਲਾਪ ਕੀਤਾ ਹੋਵੇਗਾ
ਇਸ ਧਰਤੀ ਦੇ ਲਈ
ਧਰਤੀ ਤੇ ਰਹਿੰਦੇ
ਜਾਨਵਰਾਂ ਤੋਂ ਵੀ ਖੂੰਖਾਰ
ਆਦਮੀ ਲਈ
ਮਰਨ ਤੋਂ ਪਹਿਲਾਂ
ਉਸ ਮਾਸੂਮ ਜਾਨਵਰ ਨੇ
ਵਿਰਲਾਪ ਕੀਤਾ ਹੋਵੇਗਾ ਬਹੁਤ
ਆਦਮੀ ਦੇ ਉੱਤੇ
ਆਪਣੇ ਵਿਸ਼ਵਾਸ਼ ਲਈ 3

ਅਮਰਜੀਤ ਕੌਂਕੇ ਦੀ ਕਵਿਤਾ ਦਾ ਇਹ ਹਾਸਿਲ ਹੈ ਕਿ ਉਹ ਆਪਣੀ ਕਵਿਤਾ ਨੂੰ ਵੱਖ-ਵੱਖ ਇਕਾਈਆਂ ਦੇ ਰੂਪ ਵਿੱਚ ਬਿਖਰਣ ਨਹੀਂ ਹੋਣ ਦਿੰਦਾ ਸਗੋਂ ਪ੍ਰਵਚਨ ਦੇ ਸਾਰੇ ਸੂਤਰਾਂ ਅਤੇ ਧਾਰਨਾਵਾਂ ਨੂੰ ਇੱਕ ਸੰਗਠਨਾਤਮਕ ਪੈਟਰਨ ਵਿੱਚ ਬੰਨ੍ਹਣ ਦਾ ਯਤਨ ਕਰਦਾ ਹੈ। ਉਦੋਂ ਇਸ ਕਵਿਤਾ ਦੀ ਸਮਾਜਿਕ ਸਰਗਰਮੀ ਵਧੇਰੇ ਸਜੱਗ ਰੂਪ ਵਿੱਚ ਉੱਭਰਕੇ ਸਾਹਮਣੇ ਆਉਂਦੀ ਹੈ। ਇਹ ਕਵਿਤਾ ਨਿਰੀ ਵਰਣਨ ਮਾਤਰ ਨਹੀਂ ਹੈ, ਇਹ ਜਦੋਂ ਸਮਕਾਲੀ ਵਰਤਾਰਿਆਂ ਅਤੇ ਸਮਾਜਿਕ ਸਰੋਕਾਰਾਂ ਬਾਰੇ ਗੱਲ ਕਰਦੀ ਹੈ ਤਾਂ ਸਾਹਿਤ ਦੇ ਸਰਬਕਾਲੀ ਸੱਚ ਨੂੰ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦੀ ਹੈ। ਕਵੀ ਦਾ ਇਹ ਵਡੇਰਾ ਉੱਦਮ ਜਿੱਥੇ ਉਸਨੂੰ ਸਾਹਿਤ ਦੇ ਅਸਲ ਸੱਚ ਨਾਲ ਜੋੜਦਾ ਹੈ, ਉਸਦੇ ਨਾਲ ਹੀ ਉਸਦੇ ਸਾਹਿਤਕ ਪ੍ਰਯੋਜਨ ਨੂੰ ਵੀ ਦ੍ਰਿੜਾਉਂਦਾ ਹੈ। ਇਸ ਕਵਿਤਾ ਵਿੱਚ ਇਹ ਅੰਤਰਧੁਨੀ ਕਿਸੇ ਨਾ ਕਿਸੇ ਰੂਪ ਵਿੱਚ ਹਰ ਵੇਲੇ ਮੌਜੂਦ ਰਹਿੰਦੀ ਹੈ। ਇਸ ਸੰਬੰਧੀ ਡਾ. ਸਰਬਜੀਤ ਸਿੰਘ ਦੇ ਵਿਚਾਰ ਬੜੇ ਮਹੱਤਵਪੂਰਨ ਹਨ, "ਰੂਪ ਅਤੇ ਵਿਚਾਰਧਾਰਾ ਦੇ ਸੰਬੰਧਾਂ ਦੀ ਤਲਾਸ਼ ਵਿੱਚ ਇਹ ਅਹਿਮ ਹੁੰਦਾ ਹੈ ਕਿ ਸ਼ਬਦਕਾਰ ਰੂਪ ਦੀ ਉਸਾਰੀ ਕਿਸ ਮਕਸਦ ਲਈ ਕਰ ਰਿਹਾ ਹੈ? ਜੇਕਰ ਸ਼ਬਦਕਾਰ ਮਨੁੱਖੀ ਚੇਤਨਾ ਅਤੇ ਸੰਵੇਦਨਾ ਨੂੰ ਯਥਾ-ਸਥਿਤੀ ਵਿਚ ਹੀ ਰੱਖ ਰਿਹਾ ਹੈ, ਤਾਂ ਅੰਤਰ-ਵਿਰੋਧਾਂ ਨੂੰ ਪ੍ਰਗਟਾਉਣ ਦੀ ਥਾਵੇਂ ਸਹਿਜ ਅਤੇ ਸਾਵੇਂ ਦਰਸਾ ਕੇ ਵਿਵਸਥਾ ਦੀ ਤਰਫ਼ਦਾਰੀ ਕਰ ਜਾਵੇਗਾ। ਜੇਕਰ ਸ਼ਬਦਕਾਰ ਮਨੁੱਖੀ ਚੇਤਨਾ ਅਤੇ ਸੰਵੇਦਨਾ ਨੂੰ ਸਾਣ 'ਤੇ ਲਾ ਕੇ ਸਮਾਜੀ ਵਿਵਸਥਾ ਦੇ ਅੰਤਰ-ਵਿਰੋਧਾਂ ਦਾ ਅਹਿਸਾਸ ਕਰਵਾਏਗਾ, ਤਾਂ ਨਿਸ਼ਚੇ ਹੀ ਰੂਪ ਵਿਚਾਰਧਾਰਕ ਸੇਕ ਪੈਦਾ ਕਰਕੇ ਮਨੁੱਖ ਨੂੰ ਸੰਵਾਦ ਲਈ ਤਿਆਰ ਕਰੇਗਾ।"4 ਡਾ. ਸਰਬਜੀਤ ਦੀ ਸ਼ਬਦਕਾਰ ਪ੍ਰਤੀ ਇਹ ਉਪਰੋਕਤ ਟਿੱਪਣੀ ਬੜੀ ਗੌਲ਼ਣਯੋਗ ਹੈ। ਕਹਿਣ ਦਾ ਭਾਵ ਹੈ ਕਿ ਜੇਕਰ ਕਵੀ ਆਪਣੇ ਸਮਿਆਂ ਦੀ ਸਮਾਜਿਕ ਉਥਲ-ਪੁਥਲ ਅਤੇ ਯੱਗ-ਬੋਧ ਤੋਂ ਕਿਨਾਰਾ ਕਰ ਲੈਂਦਾ ਹੈ ਤਾਂ ਉਸ ਸਮੇਂ ਬੜੀ ਅਜੀਬ ਸਥਿਤੀ ਬਣ ਜਾਂਦੀ ਹੈ। ਸਾਹਿਤਕਾਰ ਦੀ ਆਪਣੇ ਸ਼ਬਦਾਂ ਪ੍ਰਤੀ ਜ਼ਿੰਮੇਵਾਰੀ ਅਤੇ ਪ੍ਰਤੀਬੱਧਤਾ ਹੀ ਉਸਦੇ ਅਸਲ ਕਿਰਦਾਰ ਨੂੰ ਨਿਸ਼ਚਿਤ ਕਰਦੀ ਹੈ। ਅਮਰਜੀਤ ਕੌਂਕੇ ਦੀਆਂ ਅਜਿਹੀਆਂ ਬਹੁਤ ਸਾਰੀਆਂ ਕਵਿਤਾਵਾਂ ਹਨ, ਜਿਨ੍ਹਾਂ ਵਿੱਚ ਉਸਦਾ ਕਾਵਿਕ ਜਲੌਅ ਪੂਰੀ ਸਿਖਰ ਤੇ ਨਜ਼ਰ ਆਉਂਦਾ ਹੈ। ਉਹ ਸਾਡੇ ਸਮਾਜ-ਸੱਭਿਆਚਾਰ ਅਤੇ ਰਾਜਨੀਤੀ ਦੇ ਉਨ੍ਹਾਂ ਹਿੰਦਸਿਆਂ ਵੱਲ ਇਸ਼ਾਰਾ ਕਰਦਾ ਹੈ, ਜਿਨ੍ਹਾਂ ਨਾਲ ਸਾਡੀ ਪੂਰੀ

ਵਿਵਸਥਾ ਨੰਗੀ ਹੋ ਜਾਂਦੀ ਹੈ। ਕਵੀ ਦੀ ਇਹ ਵਿਲੱਖਣ ਜੁਗਤ ਉਸਨੂੰ ਕਵਿਤਾ ਦੀ ਅਰਥਪੂਰਨ ਪਹੁੰਚ ਨਾਲ ਜੋੜਦੀ ਹੈ। ਉਹ ਜਿੱਥੇ ਵਾਰ ਵਾਰ ਆਤਮ-ਚਿੰਤਨ ਦੀ ਕਵਾਇਦ ਕਰਦਾ ਹੈ, ਉਸਦੇ ਨਾਲ ਹੀ ਮਨੁੱਖ ਦੀ ਮਰ ਮੁੱਕ ਰਹੀ ਸੰਵੇਦਨਾ ਦੀ ਅਸਲ ਤਸਵੀਰ ਵੀ ਸਾਡੇ ਸਾਹਮਣੇ ਲਿਆਉਂਦਾ ਹੈ। ਉਸਦੀ ਕਵਿਤਾ 'ਬਿਸਾਤ' ਇਸ ਸੰਵੇਦਨਹੀਣ ਤੇ ਕਠੋਰ ਵਰਤਾਰੇ ਨੂੰ ਭਲੀਭਾਂਤ ਬਿਆਨ ਕਰ ਦਿੰਦੀ ਹੈ। ਕਵੀ ਬੋਰਵੈੱਲ ਵਿੱਚ ਡਿੱਗ ਕੇ ਮਰ ਚੁੱਕੇ ਬੱਚੇ ਦੀ ਮੌਤ ਤੇ ਰਾਜਨੀਤੀ ਖੇਡਣ ਵਾਲੇ ਲੋਕਾਂ ਦਾ ਅਸਲ ਚਿਹਰਾ ਸਾਡੇ ਸਾਹਮਣੇ ਲਿਆਉਂਦਾ ਹੈ। ਕਵੀ ਉਸਦੀ ਮੌਤ ਦੀਆਂ ਵੱਖ-ਵੱਖ ਸਲਾਇਡਾਂ ਦ੍ਰਿਸ਼ਟੀਗੋਚਰ ਕਰਦਾ ਹੋਇਆ ਮੀਡੀਆ, ਰਾਜਨੀਤਕ ਲੋਕਾਂ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਦੇ ਅਜੀਬ ਵਿਵਹਾਰ ਅਤੇ ਨੈਤਿਕਤਾ ਤੇ ਸਵਾਲ ਚੁੱਕਦਾ ਹੈ। ਉਹ ਰਾਜਨੀਤੀ ਦੀ ਇਸ ਕੋਝੀ ਖੇਡ ਨੂੰ ਗਹਿਰੀਆਂ ਤਨਜ਼ਾਂ ਸੰਗ ਪੇਸ਼ ਕਰਦਾ ਹੈ:-

ਬੋਰਵੈੱਲ ਵਿੱਚ ਫਸਿਆ ਜੋ
ਇਹ ਸਿਰਫ਼ ਬੱਚਾ ਨਹੀਂ ਇੱਕ
ਸਾਡੀ ਮਰ ਚੁੱਕੀ ਜ਼ਮੀਰ ਹੈ
ਪਾਈਪ ਵਿੱਚ
ਇੱਕ ਮਾਸੂਮ ਦੀ ਨਹੀਂ
ਸਾਡੀ ਨੈਤਿਕਤਾ ਦੀ
ਲਾਸ਼ ਫਸੀ ਹੈ
ਇਹ ਜੋ ਬਦਬੋ ਆ ਰਹੀ
ਇਹ ਚਾਰ ਦਿਨ ਪਹਿਲਾਂ
ਮ੍ਰਿਤ ਹੋ ਚੁੱਕੀ
ਬੱਚੇ ਦੀ ਦੇਹ 'ਚੋਂ ਨਹੀਂ
ਇਹ ਸਾਡੀਆਂ
ਮਰੀਆਂ ਹੋਈਆਂ ਆਤਮਾਵਾਂ ਦੀ
ਸੜ੍ਹਾਂਧ ਹੈ 5

ਇਸ ਤਰ੍ਹਾਂ ਇਹ ਕਵਿਤਾ ਮਨੁੱਖ ਦੀਆਂ ਮਾਨਸਿਕ ਗੰਢਾਂ ਅਤੇ ਅਵਚੇਤਨੀ ਪਾਸਾਰਾਂ ਨੂੰ ਬਹੁਤ ਹੀ ਯਥਾਰਥਕ ਅਤੇ ਮਹੀਨ ਢੰਗ ਨਾਲ ਸਾਡੇ ਸਾਹਮਣੇ ਲਿਆਉਂਦੀ ਹੈ। ਇਸ ਸੰਗ੍ਰਹਿ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਹਨ, ਜਿਹੜੀਆਂ ਸਾਨੂੰ ਯਥਾਰਥ ਦੀ ਹਕੀਕੀ ਜ਼ਮੀਨ ਨਾਲ ਜੋੜਦੀਆਂ ਹਨ। ਕਵੀ ਕੋਲ ਚੀਜ਼ਾਂ ਨੂੰ ਵੇਖਣ, ਸਮਝਣ ਅਤੇ ਪ੍ਰੀਭਾਸ਼ਤ ਕਰਨ ਦੀ ਇੱਕ ਵੱਖਰੀ ਦ੍ਰਿਸ਼ਟੀ ਹੁੰਦੀ ਹੈ, ਉਹ ਸਧਾਰਨ ਮਨੁੱਖ ਵਾਂਗ ਦਿਸਦੇ ਭਾਵ ਪ੍ਰਤੱਖ ਨੂੰ ਸੱਚ ਮੰਨਕੇ ਨਹੀਂ ਚਲਦਾ ਸਗੋਂ ਅਣਦਿਸਦੇ ਅਤੇ ਅਣਛੋਹੇ ਵਰਤਾਰਿਆਂ ਨੂੰ ਸਾਹਮਣੇ ਲਿਆਉਣ ਵਿੱਚ ਮੁਹਾਰਤ ਰੱਖਦਾ ਹੈ। ਇਸ ਸੰਗ੍ਰਹਿ ਦੀਆਂ ਕਵਿਤਾਵਾਂ-ਬੋਲਣ ਦਿਉ ਉਸਨੂੰ, ਇੱਕ ਖੰਡਰ ਸ਼ਹਿਰ ਦੀ ਗਾਥਾ, ਖਤਰਨਾਕ ਬਿੰਬ, ਫੌਜੀ ਸਾਹਮਣੇ ਮੁੱਕਾ ਤਾਣ ਕੇ ਖੜ੍ਹੀ ਕੁੜੀ, ਬੇਗਾਨੇ ਸ਼ਹਿਰ ਵਿੱਚ ਗ਼ੈਰਹਾਜ਼ਰ ਦੋਸਤ, ਵੈਂਟੀ ਲੇਟਰ ਤੇ ਲੱਗੇ ਰਿਸ਼ਤੇ, ਘਰ ਤੁਹਾਨੂੰ ਉਡੀਕਦੇ ਹਨ, ਅੰਦਰ ਮਰਿਆ ਬਸੰਤ, ਸਟੇਟਸ ਦਾ ਰਿਸ਼ਤਾ ਅਤੇ ਕਾਮਯਾਬ ਆਦਮੀ ਸਾਡੇ ਸਮਕਾਲ ਦੀ ਅਸਲ ਤਸਵੀਰ ਉਘਾੜਦੀਆਂ ਹਨ। ਇਨ੍ਹਾਂ ਵਿੱਚ ਸਾਡੇ ਆਪਣੇ ਸੱਭਿਆਚਾਰਕ ਖਿੱਤੇ ਤੋਂ ਲੈ ਕੇ ਵਿਸ਼ਵ ਪੱਧਰ ਦੇ ਗੰਭੀਰ ਸਰੋਕਾਰ ਅਤੇ ਮਸਲੇ ਚੇਤਨਾ ਦੀ ਸ਼ਕਤੀਸ਼ਾਲੀ ਭਾਸ਼ਾ ਵਿੱਚ ਪ੍ਰਵਾਹਿਤ ਹੁੰਦੇ ਹਨ। ਕਵੀ ਜਿੱਥੇ ਸਾਡੇ ਸਮਾਜ ਸੱਭਿਆਚਾਰ ਵਿੱਚੋਂ ਨਾਰੀ ਵਿਰੋਧੀ, ਮਾਨਵ ਵਿਰੋਧੀ ਅਤੇ ਘੱਟ ਗਿਣਤੀਆਂ ਦੀ ਦਮਨ ਮੂਲਕ ਸਥਿਤੀ ਵਰਗੇ ਵਰਤਾਰਿਆਂ ਨੂੰ ਅਗਰਭੂਮੀ ਵਿੱਚ ਰੱਖਦਾ ਹੈ, ਉਸਦੇ ਨਾਲ ਹੀ ਸਾਡੇ ਰਾਜਸੀ ਪ੍ਰਬੰਧ ਦੀ ਵਿਫ਼ਲਤਾ ਨੂੰ ਵੀ ਇਸਦੇ ਵਿਹਾਰਕ ਪਹਿਲੂਆਂ ਦੁਆਰਾ ਚਿਤਰਣ ਦੀ ਸਮਰੱਥਾ ਰੱਖਦਾ ਹੈ। ਗੋਰਕੀ ਦਾ ਕਥਨ ਹੈ, "ਸਾਹਿਤ, ਸਭ ਕਲਾਵਾਂ ਤੋਂ ਵੱਧ ਮਾਨਵੀ ਹੈ, ਸਾਹਿਤਕਾਰਾਂ ਨੂੰ ਪੇਸ਼ੇ ਵੱਜੋਂ ਮਨੁੱਖ ਦੇ ਪ੍ਰੇਮੀ ਅਤੇ ਮਾਨਵਵਾਦ ਦੇ ਉਤਪਾਦਕ ਆਖਿਆ ਜਾ ਸਕਦਾ ਹੈ।"6 ਉਪਰੋਕਤ ਟਿੱਪਣੀ ਸਾਹਿਤ ਦੀ ਮਾਨਵਵਾਦੀ ਧਾਰਨਾ ਨੂੰ ਪੱਕਾ ਕਰਦੀ ਹੈ। ਇਹ ਮਨੁੱਖੀ ਉਸਾਰ ਨੂੰ ਸਮਾਜਿਕ ਉਸਾਰ ਨਾਲ ਜੋੜਕੇ ਵੇਖਦੀ ਹੈ। ਇਸੇ ਸੰਦਰਭ ਵਿੱਚ ਕੌਂਕੇ ਦੀ ਕਵਿਤਾ ਆਪਣੇ ਦ੍ਰਿਸ਼ਟੀਗਤ ਅਕੀਦਿਆਂ ਦਾ ਪ੍ਰਗਟਾਵਾ ਕਰਦੀ ਹੈ। ਇਸ ਸੰਗ੍ਰਹਿ ਦੀ ਕਵਿਤਾ 'ਖਤਰਨਾਕ ਬਿੰਬ' ਗਲੋਬਲ ਪੱਧਰ ਦੀ ਰਾਜਨੀਤੀ ਅਤੇ ਇਸ ਦੇ ਦੰਭੀ ਕਿਰਦਾਰ ਨੂੰ ਬਹੁਤ ਹੀ ਤ੍ਰਾਸਦਿਕ ਢੰਗ ਨਾਲ ਪ੍ਰਗਟਾਉਂਦੀ ਹੈ। ਸੰਕੇਤਕ ਪੱਧਰ ਤੇ ਇਹ ਨਜ਼ਮ ਅਮਰੀਕਾ ਦੇ 'ਕਾਲੇ ਆਦਮੀ' ਜੌਰਜ ਫ਼ਲਾਇਡ ਦੀ ਦਰਦਨਾਕ ਮੌਤ ਦੀ ਘਟਨਾ ਰਾਹੀਂ ਉਨ੍ਹਾਂ ਅਣਗਣਿਤ ਲੋਕਾਂ ਦੀ ਚੀਖ਼ ਨੂੰ ਬਿਆਨਦੀ ਹੈ ਜਿਨ੍ਹਾਂ ਦੀ ਧੌਣ ਨੱਪਣ ਲਈ ਪੂੰਜੀਪਤੀਆਂ ਦਾ ਟੋਲਾ ਵਿਸ਼ਵੀਕਰਨ ਦੇ ਰੂਪ ਵਿੱਚ ਸਾਡੇ ਆਲੇ ਦੁਆਲੇ ਘੇਰਾਬੰਦੀ ਕਰੀ ਬੈਠਾ ਹੈ। ਇਹ ਵਿਆਪਕ ਤਬਾਹੀ ਦਾ ਵਰਤਾਰਾ ਇਸ ਕਵਿਤਾ ਦੁਆਰਾ ਬੜੇ ਗੰਭੀਰ ਸਵਾਲ ਖੜੇ ਕਰਦਾ ਹੈ:-

ਇਸ ਦੁਨੀਆ ਵਿੱਚ
ਅਣਗਣਿਤ ਲੋਕ ਨੇ
ਜਿਨ੍ਹਾਂ ਦੀ ਗਰਦਨ ਤੇ
ਅਜੇ ਵੀ ਅਰਬਾਂ ਪੂੰਜੀਪਤੀਆਂ ਦੇ
ਗੋਡੇ ਟਿਕੇ ਨੇ
ਉਹ ਤੜਫ ਰਹੇ ਨੇ
ਸਾਡਾ ਸਾਹ ਘੁੱਟ ਰਿਹਾ ਹੈ
ਸਾਡਾ ਸਾਹ ਘੁੱਟ ਰਿਹਾ ਹੈ 7

ਅਮਰਜੀਤ ਕੌਂਕੇ ਦੀ ਕਵਿਤਾ ਆਪਣੇ ਅੰਤਲੇ ਪੜਾਅ ਤੀਕ ਪਹੁੰਚਦੀ ਪਹੁੰਚਦੀ ਹੋਰ ਵੀ ਗੰਭੀਰ ਹੋ ਜਾਂਦੀ ਹੈ। ਇਸ ਵਿੱਚ ਮਨੁੱਖੀ ਜੀਵਨ ਦੇ ਵੱਖ-ਵੱਖ ਮਸਲੇ ਗੰਭੀਰਤਾ ਅਤੇ ਪਾਰਦਰਸ਼ਤਾ ਸੰਗ ਪੇਸ਼ ਹੁੰਦੇ ਹਨ। ਉਹ ਇਕੱਲਾ ਘਟਨਾਵਾਂ ਦਾ ਉਲੇਖ ਹੀ ਨਹੀਂ ਕਰਦਾ ਸਗੋਂ ਸਾਡੀ

ਸਮਾਜਿਕ ਸੰਰਚਨਾ ਵਿੱਚ ਵਿਘਨ ਪਾਉਣ ਵਾਲੇ ਕਾਰਕਾਂ ਤੀਕ ਆਪਣੀ ਪਹੁੰਚ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਅਜਿਹਾ ਕਰਦਿਆਂ ਉਹ ਘਟਨਾਵਾਂ ਪਿਛਲੀ ਰਾਜਨੀਤੀ ਤੀਕ ਪਹੁੰਚ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਇਹ ਪਾਸਾਰ ਉਸਦੀ ਕਵਿਤਾ ਵਿੱਚ ਪ੍ਰਬਲ ਰੂਪ ਵਿੱਚ ਮਿਲਦਾ ਹੈ। ਕੌਂਕੇ ਦੀ ਕਵਿਤਾ ਵਿੱਚ ਸਮਕਾਲ ਦੀ ਬੇਤਰਤੀਬੀ ਮਾਨਵੀ ਜੀਵਨ ਦੇ ਵਿਹਾਰਕ ਪਹਿਲੂਆਂ ਦੁਆਰਾ ਨਿਰਮਤ ਹੁੰਦੀ ਹੈ। ਉਹ ਸਮਕਾਲ ਦੇ ਗੰਭੀਰ ਵਰਤਾਰਿਆਂ, ਦ੍ਰਿਸ਼ਾਂ ਅਤੇ ਘਟਨਾਵਾਂ ਦੀ ਬੜੀ ਬਾਰੀਕੀ ਨਾਲ ਛਾਣਬੀਣ ਕਰਦਾ ਹੋਇਆ, ਇਨ੍ਹਾਂ ਦੇ ਨੀਤੀਗਤ ਅਰਥਾਂ ਦੀ ਤਲਾਸ਼ ਕਰਦਾ ਹੈ। ਇਹ ਤਲਾਸ਼ ਇਸ ਕਵਿਤਾ ਨੂੰ ਦੀਰਘ ਅਨੁਭਵ ਵੱਲ ਲੈ ਜਾਂਦੀ ਹੈ। ਕਿਸੇ ਵੀ ਸ਼ਾਇਰ ਦੇ ਦ੍ਰਿਸ਼ਟੀਗਤ ਅਕੀਦਿਆਂ ਨੂੰ ਇਨ੍ਹਾਂ ਮਹੱਤਵਪੂਰਨ ਬਿੰਦੂਆਂ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਇਹ ਕਵਿਤਾ, ਰੌਸ਼ਨੀ ਵਿੱਚੋਂ ਹਨੇਰਾ, ਰੂਪਤਾ ਵਿੱਚੋਂ ਕਰੂਪਤਾ ਅਤੇ ਰੰਗਾਂ ਵਿੱਚ ਘੁਲੇ ਜ਼ਹਿਰ ਨੂੰ ਉਲੀਕਣ ਲਈ ਵੱਖਰਾ ਪਰਿਪੇਖ ਉਸਾਰਦੀ ਹੈ। ਇਹ ਕਵਿਤਾ ਜਦ ਇਸ ਰਾਹ ਪੈਂਦੀ ਹੈ ਤਾਂ ਇਸ ਵਿੱਚੋਂ ਉਪਰਾਮਤਾ, ਉਦਾਸੀ ਅਤੇ ਨਿਰਾਸ਼ਾ ਦੇ ਪਾਸਾਰ ਆਪਣੇ ਆਪ ਦ੍ਰਿਸ਼ਟੀਗੋਚਰ ਹੋਣ ਲਗਦੇ ਹਨ। ਇਹ ਸਭ ਕੁਝ ਬੰਦੇ ਨੂੰ ਨਿਰਾਸ਼ਾ ਵੱਲ ਨਹੀਂ ਸੱਟਦਾ ਸਗੋਂ ਸੁਤੰਤਰਤਾ ਦੇ ਚਿੰਤਨਸ਼ੀਲ ਸੋਮਿਆਂ ਨਾਲ ਜੋੜਦਾ ਹੈ। ਇਸ ਪ੍ਰਸੰਗ ਵਿੱਚ ਇਸ ਸੰਗ੍ਰਹਿ ਦੀ ਕਵਿਤਾ 'ਰਾਤ ਅਮਾਵਸ' ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ। ਇਹ ਕਵਿਤਾ ਸਿਸਟਮੀ ਹਨੇਰਿਆਂ ਨੂੰ ਚੇਤਨਾ ਦੀ ਤਿੱਖੀ ਭਾਸ਼ਾ ਵਿੱਚ ਬਿਆਨ ਕਰਦੀ ਹੋਈ ਬੜਾ ਕੁਝ ਸਾਡੇ ਸਾਹਮਣੇ ਉਜਾਗਰ ਕਰ ਦਿੰਦੀ ਹੈ-:

ਚਾਰੋ ਪਾਸੇ ਸੰਘਣੀ ਕਾਲੀ ਰਾਤ ਪਈ ਹੈ
ਸੱਚ ਚੰਦਰਮਾ ਦਿਸਦਾ ਨਾਹੀਂ ਕਿਤੇ ਵੀ ਚੜ੍ਹਿਆ
ਨੈਣਾਂ ਦੇ ਵਿੱਚ ਤਿੜਕੇ ਸੁਪਨੇ
ਦੀਆਂ ਚੁਭ ਰਹੀਆਂ ਨੇ ਕਿਰਚਾਂ
ਅੱਖਾਂ ਦੇ ਵਿੱਚ ਅਟਕੇ ਅੱਥਰੂ
ਸੰਘ ਦੇ ਵਿੱਚ ਜਿਉਂ ਹਾਉਕਾ ਅੜਿਆ
ਜ਼ਹਿਰੀ ਪੌਣ ਵਗੇ ਚਹੁੰ ਕੂੰਟੀਂ
ਪਾਣੀਆਂ ਦੇ ਵਿੱਚ ਵਿਸ਼ ਘੁਲਿਆ ਹੈ
ਲੱਗਦਾ ਮਾਨਵਤਾ ਦੇ ਪਿੰਡੇ
ਜ਼ਹਿਰੀਲਾ ਕੋਈ ਬਿਛੀਅਰ ਲੜਿਆ 8

ਅਮਰਜੀਤ ਕੌਂਕੇ ਪੰਜਾਬੀ ਕਵਿਤਾ ਦਾ ਇੱਕ ਗੰਭੀਰ ਸ਼ਾਇਰ ਹੈ। ਉਸਦੀ ਕਵਿਤਾ ਆਪਣੇ ਇਤਿਹਾਸਕ ਵਿਕਾਸ ਕ੍ਰਮ ਵਿੱਚ ਚਲਦੀ ਹੋਈ ਕਈ ਗਹਿਰ ਗੰਭੀਰ ਅਤੇ ਨਵੀਆਂ ਅੰਤਰ-ਦ੍ਰਿਸ਼ਟੀਆਂ ਦਾ ਪ੍ਰਗਟਾਵਾ ਕਰਦੀ ਹੈ। ਇਸ ਸੰਦਰਭ ਵਿੱਚ ਉਸਦੀ ਕਾਵਿ-ਸਿਰਜਣਾ ਨੂੰ ਬਹੁਕੋਣਾਂ ਤੋਂ ਸਮਝਣ ਦੀ ਜ਼ਰੂਰਤ ਹੈ। ਇਹ ਜਿੱਥੇ ਆਪਣੇ ਸ਼ਹਾਦਤੀ ਸੰਕਲਪਾਂ, ਵਿਰਾਸਤੀ ਅਕਾਂਖਿਆਵਾਂ ਅਤੇ ਸੱਭਿਆਚਾਰਕ ਅਕੀਦਿਆਂ ਦੇ ਸਮਰਣ ਰਾਹੀਂ ਸਮਕਾਲ ਦੇ ਸੰਰਚਨਾਤਮਕ ਚੌਖਟਿਆਂ ਦਾ ਪੁਨਰ-ਵਿਸ਼ਲੇਸ਼ਣ ਕਰਦੀ ਹੈ, ਉਸਦੇ ਨਾਲ ਹੀ ਮਾਨਵੀ ਜੀਵਨ ਦੇ ਦਰਸ਼ਨੀ ਪਾਸਾਰਾਂ ਨੂੰ ਵੀ ਅਭਿਵਿਅਕਤ ਕਰਨ ਦੇ ਆਹਰ ਵਿੱਚ ਹੈ। ਇਹ ਕਵਿਤਾ ਇਹ ਦੱਸਣ ਦਾ ਯਤਨ ਕਰਦੀ ਹੈ ਕਿ ਮਨੁੱਖ ਆਪਣੇ ਆਲੇ-ਦੁਆਲੇ ਬਾਰੇ ਕੀ ਸੋਚਦਾ ਹੈ ਤੇ ਪ੍ਰਾਥਮਿਕਤਾ ਦੇ ਆਧਾਰ ਤੇ ਉਸਨੂੰ ਕੀ ਸੋਚਣਾ ਚਾਹੀਦਾ ਹੈ। ਇਹ ਸਦੀਵੀਂ ਚਿਣਗ ਇਸ ਕਵਿਤਾ ਵਿੱਚ ਥਾਂ ਥਾਂ ਤੇ ਪ੍ਰਜਵਲਿਤ ਰਹਿੰਦੀ ਹੈ। ਕੌਂਕੇ ਇਸ ਧਰਤੀ ਨੂੰ ਆਪਣਾ ਮੂਲ ਅਤੇ ਆਧਾਰ ਮੰਨਕੇ ਮਾਨਵੀ ਚੇਤਨਾ ਦੇ ਰੂਪ ਵਿੱਚ ਇਸਦੀ ਪਰਿਕਰਮਾ ਕਰਦਾ ਹੈ। ਇਹ ਪਰਿਕਰਮਾ ਬਹੁਦਿਸ਼ਾਈ ਅਤੇ ਪਹੁਪਰਤੀ ਹੋ ਨਿਬੜਦੀ ਹੈ, ਇਸਦੀਆਂ ਅੰਤਰ ਧੁਨੀਆਂ ਵਿੱਚੋਂ ਇਸਦੀ ਸਾਹਿਤਕ ਸਮਰੱਥਾ ਨੂੰ ਪਛਾਣਿਆ ਜਾ ਸਕਦਾ ਹੈ। ਇਸ ਤਰ੍ਹਾਂ ਇਹ ਕਾਵਿ-ਪੁਸਤਕ ਸਾਡੇ ਸਮਿਆਂ ਦਾ ਗੰਭੀਰ ਦਸਤਾਵੇਜ਼ ਬਣਦੀ ਹੋਈ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਇੱਕ ਨਵਾਂ ਮੀਲ ਪੱਥਰ ਸਥਾਪਿਤ ਕਰਦੀ ਹੈ।

**ਹਵਾਲੇ**


1. ਅਮਰਜੀਤ ਕੌਂਕੇ, ਇਸ ਧਰਤੀ 'ਤੇ ਰਹਿੰਦਿਆਂ, ਪ੍ਰਤੀਕ ਪਬਲੀਕੇਸ਼ਨ, ਪਟਿਆਲਾ, ਪੰਨਾ- 21
2. ਉਹੀ, 28
3. ਉਹੀ, 33
4. ਡਾ. ਸਰਬਜੀਤ ਸਿੰਘ, ਸ਼ਬਦ ਅਤੇ ਸਮਾਜਿਕਤਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ-15
5. ਅਮਰਜੀਤ ਕੌਂਕੇ, ਇਸ ਧਰਤੀ 'ਤੇ ਰਹਿੰਦਿਆਂ, ਪ੍ਰਤੀਕ ਪਬਲੀਕੇਸ਼ਨ, ਪਟਿਆਲਾ, ਪੰਨਾ- 30
6. ਏ. ਉਵਚਾਰੈਂਕੋ, ਸਮਾਜਵਾਦੀ ਯਥਾਰਥਵਾਦ ਅਤੇ ਆਧੁਨਿਕ ਸਾਹਿਤਕ ਪ੍ਰਕ੍ਰਿਆ, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, ਪੰਨਾ-19
7. ਅਮਰਜੀਤ ਕੌਂਕੇ, ਇਸ ਧਰਤੀ 'ਤੇ ਰਹਿੰਦਿਆਂ, ਪ੍ਰਤੀਕ ਪਬਲੀਕੇਸ਼ਨ, ਪਟਿਆਲਾ, ਪੰਨਾ- 37
8. ਉਹੀ, ਪੰਨਾ-147



**ਮੁਖੀ**
**ਪੰਜਾਬੀ ਸਾਹਿਤ ਅਧਿਐਨ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**
**ਮੋਬ. 98144-79150**

## ਗੁਰਮਤਿ ਕਾਵਿ ਦੇ ਉਦਭਵ ਤੇ ਵਿਕਾਸ ਲਈ ਪ੍ਰੇਰਕ ਤੱਤ / ਸੁਖਵਿੰਦਰ ਕੌਰ

ਗੁਰਮਤਿ ਕਾਵਿ ਧਾਰਾ ਮੱਧਕਾਲੀਨ ਪੰਜਾਬੀ ਸਾਹਿਤ ਦੀ ਹੀ ਨਹੀਂ ਸਗੋਂ ਸਮੁੱਚੇ ਭਾਰਤੀ ਸਾਹਿਤ ਦੀ ਮਾਣਮੱਤੀ ਵਿਰਾਸਤ ਹੈ। ਇਸ ਕਾਵਿ ਧਾਰਾ ਦਾ ਧਰਮ ਅਤੇ ਕਾਵਿ ਦੋਹਾਂ ਨਾਲ ਨਹੁੰ ਮਾਸ ਦਾ ਰਿਸ਼ਤਾ ਹੈ। ਇਸ ਕਾਵਿ ਧਾਰਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਿਰਫ਼ ਸੁਹਜ ਸੁਆਦ ਦੀ ਤ੍ਰਿਪਤੀ ਹੀ ਨਹੀਂ ਕਰਦੀ ਸਗੋਂ ਕ੍ਰਾਂਤੀਕਾਰੀ ਚੇਤਨਾ ਅਤੇ ਮਾਨਵਵਾਦੀ ਭਾਵਨਾ ਦੇ ਅਨੁਕੂਲ ਮਨੁੱਖ ਅਤੇ ਸਮਾਜ ਦਾ ਚਿਤਰਨ ਵੀ ਕਰਦੀ ਹੈ। ਇਸ ਕਾਵਿ ਧਾਰਾ ਨੇ ਸਨਾਤਨੀ ਕਾਵਿ ਸ਼ਾਸਤਰ ਅਤੇ ਲੋਕ ਕਾਵਿ ਦੀਆਂ ਰਚਨਾਵਾਂ ਤੋਂ ਪ੍ਰੇਰਨਾ ਲੈ ਕੇ ਇੱਕ ਨਵੇਂ ਕਾਵਿ ਸ਼ਾਸਤਰ ਨੂੰ ਜਨਮ ਦਿੱਤਾ ਹੈ।

ਗੁਰਮਤਿ ਕਾਵਿ ਧਾਰਾ ਬਾਰ੍ਹਵੀਂ ਸਦੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਤੱਕ ਫੈਲਿਆ ਹੋਇਆ ਸਾਹਿਤ ਹੈ। ਜਿਸ ਨੂੰ ਮੱਧਕਾਲੀਨ ਪੰਜਾਬੀ ਸਾਹਿਤ ਵਜੋਂ ਜਾਣਿਆ ਜਾਂਦਾ ਹੈ।1 ਇਹ ਕਾਵਿ ਧਾਰਾ ਬਹੁ ਭਾਸ਼ੀ ਅਤੇ ਬਹੁ ਖੇਤਰੀ ਚਰਿੱਤਰ ਵਾਲੀ ਹੈ। ਇਹ ਸਮੁੱਚੇ ਮੱਧ ਕਾਲੀਨ ਭਾਰਤ ਦੀ ਪ੍ਰਤੀਨਿਧਤਾ ਕਰਦੀ ਹੈ ਕਿਉਂਕਿ ਇਸ ਵਿੱਚ ਭਾਰਤੀ ਉਪਮਹਾਂਦੀਪ ਦੇ ਭਿੰਨ-ਭਿੰਨ ਭੂਗੋਲਿਕ ਖੇਤਰਾਂ ਦੇ ਪ੍ਰਮੁੱਖ ਸੰਤਾਂ, ਭਗਤਾਂ, ਭੱਟਾਂ ਅਤੇ ਪ੍ਰਸਿੱਧ ਸੂਫ਼ੀ ਸੰਤਾਂ ਦੀ ਰਚਨਾ ਨੂੰ ਸ਼ਾਮਲ ਕੀਤਾ ਗਿਆ ਹੈ।

ਗੁਰਮਤਿ ਕਾਵਿ ਸ਼ਬਦ ਦੋ ਸ਼ਬਦਾਂ ਦੇ ਸੰਜੋਗ ਗੁਰਮਤਿ ਅਤੇ ਕਾਵਿ ਤੋਂ ਬਣਿਆ ਹੈ। ਗੁਰਮਤਿ ਸ਼ਬਦ ਦਾ ਅਰਥ ਹੈ ਗੁਰੂ ਦੀ ਮਤਿ ਜਾਂ ਗੁਰੂ ਦਾ ਜੀਵਨ ਦਰਸ਼ਨ। ਕਾਵਿ ਦਾ ਅਰਥ ਸਾਹਿਤਕ ਰੂਪ-ਕਵਿਤਾ, ਕਹਾਣੀ, ਨਾਟਕ ਹੈ। ਇਹ ਧਾਰਾ ਅਜਿਹੀ ਕਾਵਿ ਧਾਰਾ ਹੈ ਜੋ ਸਿੱਖ ਧਰਮ ਦੇ ਜੀਵਨ ਦਰਸ਼ਨ ਉੱਤੇ ਆਧਾਰਿਤ ਹੈ।2 ਇਸ ਕਾਵਿ ਧਾਰਾ ਵਿੱਚ ਗੁਰੂ ਦੇ ਦੱਸੇ ਅਨੁਸਾਰ ਜੀਵਨ ਜਿਉਣ ਦੀ ਜਾਂਚ ਪੇਸ਼ ਕੀਤੀ ਗਈ ਹੈ।

ਹਰ ਸਾਹਿਤਕ ਪ੍ਰਵਿਰਤੀ ਜਾਂ ਲਹਿਰ ਕਿਸੇ ਨਾ ਕਿਸੇ ਰੂਪ ਵਿੱਚ ਆਪਣੇ ਸਮੇਂ ਦੀ ਸਮਾਜਿਕ ਵਿਵਸਥਾ, ਇਤਿਹਾਸਕਿ ਹਾਲਾਤਾਂ ਅਤੇ ਸਮਕਾਲੀ ਸਮਾਜ ਸੱਭਿਆਚਾਰ ਤੋਂ ਪ੍ਰਭਾਵਿਤ ਹੁੰਦੀ ਹੈ। ਇਸੇ ਪ੍ਰਕਾਰ ਹੀ ਗੁਰਮਤਿ ਕਾਵਿ ਵੀ ਆਪਣੇ ਸਮੇਂ ਦੇ ਸਮਾਜਿਕ ਅਤੇ ਸੱਭਿਆਚਾਰਕ ਜੀਵਨ ਤੋਂ ਪ੍ਰਭਾਵਿਤ ਹੈ। ਭਾਰਤੀ ਇਤਿਹਾਸ ਵਿੱਚ ਇਹ ਸਮਾਂ ਇਸਲਾਮੀ ਸੱਭਿਆਚਾਰ ਦੀ ਚੜ੍ਹਤ ਦਾ ਸਮਾਂ ਸੀ। ਮੁਹੰਮਦ ਬਿਨ ਕਾਸਿਮ ਨੇ ਅੱਠਵੀਂ ਸਦੀ ਵਿੱਚ ਹੀ ਅਰਬ ਵੱਲੋਂ ਸਿੰਧ ਤੇ ਹਮਲਾ ਕਰਕੇ ਭਾਰਤ ਵਿੱਚ ਇਸਲਾਮ ਦਾ ਮੁੱਢ ਬੰਨ੍ਹ ਦਿੱਤਾ ਸੀ। ਬਾਅਦ ਵਿੱਚ ਤੁਰਕ ਅਤੇ ਮੁਗ਼ਲ ਹਮਲਿਆਂ ਨੇ ਪੰਜਾਬ ਵਿੱਚ ਇਸਲਾਮੀ ਸੱਭਿਆਚਾਰ ਦੇ ਪ੍ਰਭਾਵ ਦਾ ਰਾਹ ਖੋਲ੍ਹ ਦਿੱਤਾ।

ਕਈ ਮੁਸਲਿਮ ਹਾਕਮਾਂ ਨੇ ਆਪਣੀ ਕੱਟੜ ਮਜ਼੍ਹਬੀ ਨੀਤੀ ਕਾਰਨ ਗ਼ੈਰ ਮੁਸਲਿਮ ਜਨਤਾ ਉੱਤੇ ਅੱਤਿਆਚਾਰ ਕੀਤਾ ਅਤੇ ਉਨ੍ਹਾਂ ਨੇ ਜਬਰੀ ਧਰਮ ਪਰਿਵਰਤਨ, ਹਿੰਦੂ ਪੂਜਾ ਸਥਾਨਾਂ ਦੀ ਬਰਬਾਦੀ ਦਾ ਰਾਹ ਅਪਣਾ ਲਿਆ। ਸਮਾਂ ਪਾ ਕੇ ਆਰੀਆ ਹਿੰਦੂ ਸੱਭਿਆਚਾਰ ਅਤੇ ਇਸਲਾਮੀ ਸੱਭਿਆਚਾਰ ਵਿੱਚ ਸੁਮੇਲ ਪੈਦਾ ਹੋਣ ਲੱਗਾ। ਉਦਾਰ ਮਾਨਵਵਾਦੀ ਜੀਵਨ ਦ੍ਰਿਸ਼ਟੀ ਅਤੇ ਸਰਬ ਸਾਂਝੀਵਾਲਤਾ ਦੀ ਸੱਭਿਆਚਾਰਕ ਜਾਗ੍ਰਿਤੀ ਨੇ ਵੱਖ ਵੱਖ ਧਰਮਾਂ, ਜਾਤ ਬਰਾਦਰੀਆਂ ਵਿਚਕਾਰ ਸਾਂਝ ਅਤੇ ਸ਼ਾਂਤਮਈ ਸਹਿ ਹੋਂਦ ਦੀ ਭਾਵਨਾ ਦਾ ਵਿਕਾਸ ਕੀਤਾ।

ਕੋਈ ਨਾਵੈ ਤੀਰਥਿ ਕੋਈ ਹਜ ਜਾਇ॥
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥3

ਗੁਰਮਤਿ ਕਾਵਿ ਦੇ ਉਦਭਵ ਲਈ ਉਸ ਸਮੇਂ ਦੀ ਸਾਮੰਤਵਾਦੀ ਅਰਥਵਿਵਸਥਾ, ਬ੍ਰਾਹਮਣਵਾਦ ਤੇ ਕਰਮ ਕਾਂਡ ਨੇ ਇੱਕ ਪ੍ਰੇਰਕ ਵਜੋਂ ਕੰਮ ਕੀਤਾ। ਗੁਰਮਤਿ ਕਾਵਿਧਾਰਾ ਨੇ ਸਾਮੰਤਵਾਦ ਅਤੇ ਜਾਗੀਰਦਾਰੀ ਅਰਥਵਿਵਸਥਾ ਦੇ ਸ਼ੋਸ਼ਣ ਨੂੰ ਨੰਗਾ ਕਰਕੇ ਪੀੜਤ ਲੋਕਾਈ ਦੇ ਮਨ ਵਿੱਚ ਇਸ ਸ਼ੋਸ਼ਣ ਦੇ ਵਿਰੁੱਧ ਅਹਿਸਾਸ ਜਗਾ ਕੇ ਨੈਤਿਕ ਮਨੋਬਲ ਪੈਦਾ ਕੀਤਾ। ਇਸ ਕਾਵਿ ਧਾਰਾ ਨੇ ਕਰਮਕਾਂਡ ਤੇ ਜਾਤੀ ਪ੍ਰਥਾ ਜਿਹੇ ਮਾਨਵ ਦੋਖੀ ਅਤੇ ਸਮਾਜ ਵਿਰੋਧੀ ਪ੍ਰਥਾਵਾਂ ਦਾ ਖੰਡਨ ਕੀਤਾ।

ਗੁਰਮਤਿ ਕਾਵਿ ਦੇ ਉਦਭਵ ਦਾ ਦੂਜਾ ਪ੍ਰੇਰਕ ਤੱਤ ਸਿੱਧਾਂ, ਨਾਥਾਂ ਤੇ ਸੰਤਾਂ ਦੀ ਬਾਣੀ ਨੂੰ ਮੰਨਿਆ ਜਾਂਦਾ ਹੈ। ਸਿੱਧਾਂ ਨਾਥਾਂ ਤੇ ਸੰਤਾਂ ਦੀ ਬਾਣੀ ਦਾ ਮੁਹਾਵਰਾ ਤੇ ਮੁਹਾਂਦਰਾ ਗੁਰਬਾਣੀ ਨਾਲ ਨਜ਼ਦੀਕੀ ਸਾਂਝ ਰੱਖਦਾ ਹੈ। ਕੋਈ ਵੀ ਸਾਹਿਤਕ ਰਚਨਾ ਕਿਸੇ ਖਲਾਅ ਵਿੱਚੋਂ ਪੈਦਾ ਨਹੀਂ ਹੁੰਦੀ। ਉਹ ਕਿਸੇ ਨਾ ਕਿਸੇ ਰੂਪ ਵਿੱਚ ਆਪਣੇ ਸਮਕਾਲੀ ਜਾਂ ਆਪਣੇ ਤੋਂ ਪੂਰਬਲੇ ਸਾਹਿਤਕ ਵਿਰਸੇ ਤੋਂ ਲਾਜ਼ਮੀ ਤੌਰ ਤੇ ਪ੍ਰੇਰਿਤ ਅਤੇ ਪ੍ਰਭਾਵਿਤ ਹੁੰਦੀ ਹੈ। ਉਹ ਆਪਣੇ ਅਤੀਤ ਅਤੇ ਵਰਤਮਾਨ ਨਾਲ ਸੰਵਾਦ ਰਚਾ ਕੇ ਹੀ ਜਨਮ ਲੈਂਦੀ ਹੈ। ਗੁਰਮਤਿ ਕਾਵਿ ਧਾਰਾ ਨਾਲ ਸਬੰਧਿਤ ਕਵੀਆਂ ਬਾਣੀਕਾਰਾਂ ਨੇ ਬਿਨਾਂ ਸ਼ੱਕ ਆਪਣੇ ਵੇਲੇ ਦੇ ਸਮਾਜਿਕ ਅਤੇ ਸੱਭਿਆਚਾਰਕ ਯਥਾਰਥਕ ਰੂਪ ਨੂੰ ਮੁੱਖ ਰੱਖ ਕੇ ਕਾਵਿ ਰਚਨਾ ਕੀਤੀ ਹੈ, ਪਰ ਉਨ੍ਹਾਂ ਦੀ ਰਚਨਾ ਦੇ ਅਨੇਕਾਂ ਵਿਸ਼ੇ ਆਪਣੇ ਤੋਂ ਪੂਰਬਲੀ ਪਰੰਪਰਾ, ਬਾਣੀ ਪਰੰਪਰਾ ਅਤੇ ਭਗਤੀ ਕਾਵਿ ਨਾਲ ਸਮਾਨਤਾ ਦਰਸਾਉਂਦੇ ਹਨ।

ਜਿਸ ਤਰ੍ਹਾਂ ਨਾਥ ਬਾਣੀ ਆਪਣੇ ਤੋਂ ਪੂਰਬਲੀ ਸਿੱਧ ਬਾਣੀ ਨਾਲ ਸੰਵਾਦ ਰਚਾਉਂਦੀ ਹੈ। ਇਸ ਬਾਣੀ ਪਰੰਪਰਾ ਵਿੱਚ ਕਾਵਿਕ ਜੁਗਤਾਂ ਅਤੇ ਕਾਵਿ ਸ਼ੈਲੀਆਂ ਦੀ ਸਾਂਝ ਪਾਈ ਜਾਂਦੀ ਹੈ। ਸਿੱਧ ਸਾਹਿਤ ਅਪਭ੍ਰੰਸ਼ ਦੋਹਿਆਂ ਅਤੇ ਚੁਪਾਈਆਂ ਦੇ ਰੂਪ ਵਿੱਚ ਮਿਲਦਾ ਹੈ। ਚੁਪਾਈਆਂ ਜਾਂ ਚਾਰਪਦੇ ਸਾਧਨਾ ਸਮੇਂ ਗਾਏ ਜਾਣ ਵਾਲੇ ਅਨੁਸ਼ਠਾਨ ਗੀਤ ਹਨ ਜਿਨ੍ਹਾਂ ਵਿੱਚ ਪ੍ਰਤੀਕਾਤਮਕ ਅਰਥਾਂ ਨੂੰ ਦਰਸਾਇਆ ਜਾਂਦਾ ਹੈ। ਦੋਹਿਆਂ ਵਿੱਚ ਆਮ ਤੌਰ ਤੇ ਸਿੱਧਾਂ ਦੀ ਜੀਵਨ-ਜਾਂਚ ਦੇ ਨੈਤਿਕ ਅਤੇ ਸਿਧਾਂਤਕ ਪੱਖ ਪੇਸ਼ ਕੀਤੇ ਜਾਂਦੇ ਹਨ।

ਸਿੱਧਾਂ ਦੀ ਜੀਵਨ ਜਾਂਚ ਦਾ ਸਿਧਾਂਤਕ ਪੱਖ ਬੁੱਧ ਮੱਤ ਦੇ ਬੁਨਿਆਦੀ ਵਿਚਾਰਾਂ ਦੀ ਹੀ ਨਵੇਂ ਰੂਪ ਵਿੱਚ ਵਿਆਖਿਆ ਹੈ। ਸਿੱਧਾਂ ਨੇ ਬੁੱਧ ਧਰਮ ਦੇ ਮੂਲ ਸੰਕਲਪਾਂ ਤ੍ਰਿਸ਼ਨਾ, ਭਵ ਅਤੇ ਨਿਰਵਾਣ ਨੂੰ ਨਵੇਂ ਰੂਪ ਵਿੱਚ ਪੇਸ਼ ਕੀਤਾ। ਉਨ੍ਹਾਂ ਨੇ ਨਿਰਵਾਣ ਦੀ ਪ੍ਰਾਪਤੀ ਲਈ ਤ੍ਰਿਸ਼ਨਾ ਨੂੰ ਅਤ੍ਰਿਪਤ ਰੱਖਣ ਦੀ ਥਾਂ ਉਸ ਦੇ ਸੰਜਮਸ਼ੀਲ ਭੋਗ ਉੱਤੇ ਜ਼ੋਰ ਦਿੱਤਾ। ਇਹ ਮਾਰਗ ਤਰਕ-ਗਿਆਨ ਨਾਲੋਂ ਵਧੇਰੇ ਅਨੁਭਵ-ਗਿਆਨ ਉੱਤੇ ਜ਼ੋਰ ਦਿੰਦਾ ਹੈ। ਅਨੁਭਵ-ਗਿਆਨ ਦਾ ਮਾਰਗ ਰਹੱਸਵਾਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਕਿਸੇ ਸਿੱਧ ਪੁਰਖ ਅਰਥਾਤ ਗੁਰੂ ਦੀ ਅਗਵਾਈ ਜ਼ਰੂਰੀ ਮੰਨੀ ਜਾਂਦੀ ਹੈ। ਸਿੱਧ ਸਾਧਨਾ ਦਾ ਇਹ ਮਾਰਗ ਬ੍ਰਾਹਮਣਵਾਦੀ ਵੈਦਿਕ ਪਰੰਪਰਾ ਦੇ ਵਿਰੋਧ ਵਿੱਚ ਪੈਦਾ ਹੋਇਆ। ਸਿੱਧ ਸਾਹਿਤ ਵਿੱਚ ਬ੍ਰਾਹਮਣਵਾਦ ਤੇ ਜਾਤੀ ਪ੍ਰਥਾ ਦਾ ਖੰਡਨ ਕੀਤਾ ਗਿਆ ਹੈ। ਗੁਰਬਾਣੀ ਕਾਵਿ ਵਿੱਚ ਵੀ ਇਸੇ ਬ੍ਰਾਹਮਣਵਾਦ ਅਤੇ ਜਾਤੀ ਪ੍ਰਥਾ ਦੇ ਖੰਡਨ ਤੇ ਜ਼ੋਰ ਦਿੱਤਾ ਗਿਆ।

ਸਿੱਧ ਬਾਣੀ ਦੇ ਸੰਵਾਦ ਵਿੱਚ ਪੈਦਾ ਹੋਈ ਨਾਥ ਬਾਣੀ ਸਿੱਧ ਬਾਣੀ ਵੱਲੋਂ ਪੇਸ਼ ਕੀਤੇ ਮਾਰਗ ਦਾ ਖੰਡਨ ਕਰਦੀ ਹੈ ਤੇ ਉਹ ਵੈਰਾਗ ਦੀ ਧਾਰਨਾ ਤੇ ਜ਼ੋਰ ਦਿੰਦੀ ਹੈ। ਨਾਥ ਬਾਣੀ ਨੇ ਗ੍ਰਿਹਸਤੀ ਜੀਵਨ ਦੀ ਥਾਂ ਉਦਾਸੀ ਜੀਵਨ ਉੱਤੇ ਜ਼ੋਰ ਦਿੱਤਾ ਅਤੇ ਭੋਗ ਦੀ ਥਾਂ ਯੋਗ ਨੂੰ ਵਧੇਰੇ ਮਹੱਤਵ ਦਿੱਤਾ। ਨਾਥ ਬਾਣੀ ਵੀ ਸਿੱਧ ਬਾਣੀ ਦੇ ਕੁੱਝ ਸੰਕਲਪਾਂ ਜਿਵੇਂ ਕਾਇਆ ਤੀਰਥ, ਅਨੁਭਵ ਗਿਆਨ ਅਤੇ ਗੁਰਮੁਖਤਾ ਦੇ ਸੰਕਲਪ ਨੂੰ ਆਪਣੀ ਰਚਨਾ ਦਾ ਆਧਾਰ ਬਣਾਉਂਦੀ ਹੈ। ਨਾਥ ਬਾਣੀ ਨੇ ਸਿੱਧ ਵਿਚਾਰਧਾਰਾ ਦੇ ਦਾਰਸ਼ਨਿਕ ਢਾਂਚੇ ਨੂੰ ਅਪਣਾ ਲਿਆ ਪਰ ਉਸ ਦੀ ਜੀਵਨ ਜਾਂਚ ਨੂੰ ਅਸਵੀਕਾਰ ਕਰ ਦਿੱਤਾ। ਨਾਥ ਬਾਣੀ ਨੇ ਨਿਰਵਾਣ ਦੀ ਪ੍ਰਾਪਤੀ ਲਈ ਸੰਜਮਸ਼ੀਲ ਭੋਗ ਦੀ ਬਜਾਏ ਯੋਗ ਉੱਤੇ ਜ਼ਿਆਦਾ ਜ਼ੋਰ ਦਿੱਤਾ। ਉਨ੍ਹਾਂ ਨੇ ਤ੍ਰਿਸ਼ਨਾ ਦੀ ਪੂਰਤੀ ਦੀ ਥਾਂ ਮਨ ਉੱਤੇ ਕਾਬੂ ਪਾਉਣ ਦਾ ਮਾਰਗ ਦੱਸਿਆ। ਇਸੇ ਤਰ੍ਹਾਂ ਨਾਥ ਬਾਣੀ ਦਾ ਉਦਭਵ ਸਿੱਧ ਬਾਣੀ ਦੇ ਪ੍ਰਤੀ ਉੱਤਰ ਵਜੋਂ ਹੋਇਆ। ਨਾਥ ਜੋਗੀਆਂ ਨੇ ਆਪਣੀ ਬਾਣੀ ਵਿੱਚ ਸਿੱਧਾਂ ਦੇ ਸ਼ਬਦ ਨਿਰਵਾਣ, ਸਹਿਜ, ਨਾਦ, ਭਵਸਾਗਰ, ਨਿਰੰਜਨ ਆਦਿ ਦਾ ਪ੍ਰਯੋਗ ਕੀਤਾ ਹੈ।

ਇਸ ਬਾਣੀ ਦੀ ਵਧੇਰੇ ਰਚਨਾ ਸ਼ਲੋਕਾਂ, ਸ਼ਬਦਾਂ, ਪਦਿਆਂ ਜਾਂ ਦੋਹਿਆਂ ਦੇ ਰੂਪ ਵਿੱਚ ਮਿਲਦੀ ਹੈ। ਇਹ ਸਾਰੇ ਕਾਵਿ ਰੂਪ ਉਪਦੇਸ਼ਾਤਮਕ ਹਨ। ਨਾਥ ਜੋਗੀਆਂ ਨੇ ਨਾਰੀ ਨਿੰਦਾ ਦਾ ਇੱਕ ਨਵਾਂ ਸੰਕਲਪ ਸ਼ੁਰੂ ਕੀਤਾ:

> ''ਦਾਮਿ ਕਾਢਿ ਬਾਘਨਿ ਲੈ ਆਇਆ,
> ਮਾਉਂ ਕਹੈ ਮੇਰਾ ਪੂਤ ਬਿਆਹਿਆ
> ਗੀਲੀ ਲਕੜੀ ਕਉ ਘੁਨ ਲਾਇਆ
> ਤਿਨ ਡਾਲ ਮੂਲ ਸਣਿ ਖਾਇਆ''4

ਸਿੱਧ ਨਾਰੀ ਨੂੰ ਆਪਣੀ ਅਧਿਆਤਮਿਕ ਸਾਧਨਾ ਦਾ ਜ਼ਰੂਰੀ ਅੰਗ ਮੰਨਦੇ ਸਨ। ਜਦਕਿ ਨਾਥ ਜੋਗੀ ਨਾਰੀ ਨੂੰ ਸਾਧਨਾ ਦੇ ਮਾਰਗ ਵਿੱਚ ਸਭ ਤੋਂ ਵੱਡਾ ਵਿਘਨ ਸਮਝਦੇ ਸਨ। ਸਿੱਧ ਈਸ਼ਵਰ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦੇ ਸਨ। ਜਦਕਿ ਨਾਥ ਈਸ਼ਵਰ ਦੀ ਹੋਂਦ ਨੂੰ ਸਵੀਕਾਰ ਕਰਦੇ ਸਨ। ਈਸ਼ਵਰਵਾਦ ਦਾ ਸੰਕਲਪ ਸੰਤ ਬਾਣੀ ਵਿੱਚ ਸਿਖਰ ਤੇ ਪੁੱਜ ਜਾਂਦਾ ਹੈ। ਜੋ ਇੱਕ ਈਸ਼ਵਰਵਾਦ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ।

ਨਾਥ ਬਾਣੀ ਨਾਲ ਸੰਵਾਦ ਰਚਾਉਂਦੇ ਹੋਏ ਸੰਤ ਬਾਣੀ ਦਾ ਉਦਭਵ ਹੁੰਦਾ ਹੈ। ਸੰਤ ਬਾਣੀ ਮੱਧ ਕਾਲੀਨ ਭਗਤੀ ਲਹਿਰ ਦੇ ਸਮੇਂ ਵਿਕਸਤ ਹੋਣ ਵਾਲੀ ਰਚਨਾ ਹੈ। ਮੱਧਕਾਲ ਦੇ ਪ੍ਰਮੁੱਖ ਸੰਤ ਕਵੀ ਨਾਮਦੇਵ, ਕਬੀਰ, ਰਵਿਦਾਸ, ਧੰਨਾ, ਤਿਰਲੋਚਨ, ਸੈਣ ਅਤੇ ਪੀਪਾ ਹਨ। ਸੰਤ ਬਾਣੀ ਵਿੱਚ ਸਿੱਧਾਂ ਅਤੇ ਨਾਥਾਂ ਦੋਹਾਂ ਦੇ ਮਾਰਗਾਂ ਦਾ ਵਿਚਕਾਰਲਾ ਮਾਰਗ ਅਪਣਾਇਆ ਗਿਆ ਇਸ ਵਿੱਚ ਗ੍ਰਿਹਸਤ ਵਿੱਚ ਰਹਿੰਦਿਆਂ ਹੋਇਆ ਉਦਾਸੀ ਵਾਂਗ ਜੀਵਨ ਜਿਉਣ ਦੀ ਜਾਂਚ ਦਿੱਤੀ ਗਈ। ਗੁਰਮਤਿ ਕਾਵਿ ਵਿੱਚ ਵੀ ਇਸੇ ਤੋਂ ਪ੍ਰੇਰਨਾ ਲੈਂਦੇ ਹੋਏ ਗ੍ਰਿਹਸਤੀ ਅਤੇ ਉਦਾਸੀ ਦੇ ਅੰਤਰ ਨੂੰ ਮਿਟਾਉਂਦਿਆਂ 'ਵਿਚੇ ਗ੍ਰਿਹ ਸਦਾ ਰਹੈ ਉਦਾਸੀ' ਦਾ ਨਵਾਂ ਸੰਕਲਪ ਪੇਸ਼ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਸਿੱਧ ਗੋਸਟਿ ਵਿੱਚ ਨਾਥ ਜੋਗੀਆਂ ਦੀ ਵਿਚਾਰਧਾਰਾ ਵਿਚਲੇ ਸੰਕਲਪ ਨੂੰ ਦੁਹਰਾਉਂਦਿਆਂ ਗ੍ਰਿਹਸਤ ਵਿੱਚ ਰਹਿੰਦੇ ਹੋਏ ਉਦਾਸੀ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ:

> ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੈ॥
> ਸੁਰਤ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥
> ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥
> ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ॥5

ਸਿੱਧ, ਨਾਥ, ਸੰਤ ਬਾਣੀ ਪਰੰਪਰਾ ਤੋਂ ਇਲਾਵਾ ਭਗਤੀ ਲਹਿਰ ਨੇ ਵੀ ਗੁਰਮਤਿ ਕਾਵਿ ਦੇ ਲਈ ਪ੍ਰੇਰਨਾ ਸਰੋਤ ਦਾ ਕੰਮ ਕੀਤਾ। ਭਗਤੀ ਕਾਵਿ ਨੇ ਵੀ ਗੁਰਮਤਿ ਕਾਵਿ ਦੇ ਉਦਭਵ ਅਤੇ ਵਿਕਾਸ ਦੇ ਲਈ ਮਹੱਤਵਪੂਰਨ ਯੋਗਦਾਨ ਪਾਇਆ। ਭਗਤੀ ਲਹਿਰ ਦਾ ਆਰੰਭ ਦੱਖਣ ਦੇ ਦਰਾਵਿੜ ਪ੍ਰਦੇਸ਼ ਵਿੱਚ ਹੋਇਆ। ਸਾਹਿਤ ਕੋਸ਼ ਅਨੁਸਾਰ ਭਾਗਵਤ ਧਰਮ ਨੂੰ ਭਗਤੀ ਮਾਰਗ ਦੀ ਪ੍ਰਮੁੱਖ ਸੰਪਰਦਾ ਮੰਨਿਆ ਗਿਆ ਹੈ ਜਿਸ ਦਾ ਆਰੰਭ ਈਸਾ ਤੋਂ 1900 ਸਾਲ ਪਹਿਲਾਂ ਅਨੁਮਾਨ ਕੀਤਾ ਜਾਂਦਾ ਹੈ। ਹਿੰਦੀ ਸਾਹਿਤ ਦਾ ਪੂਰਵ ਮੱਧਕਾਲੀ ਭਗਤੀ ਕਾਲ ਹੈ ਜੋ ਚਾਰ ਪ੍ਰਮੁੱਖ ਸ਼ਾਖਾਵਾਂ ਵਿੱਚ ਵੰਡਿਆ ਹੋਇਆ ਸੀ: ਨਿਰਗੁਣ ਗਿਆਨ ਮਾਰਗੀ ਭਗਤੀ, ਨਿਰਗੁਣ ਪ੍ਰੇਮ ਮਾਰਗੀ ਭਗਤੀ, ਸਰਗੁਣ ਰਾਮ ਭਗਤੀ ਤੇ ਸਰਗੁਣ ਕ੍ਰਿਸ਼ਨ ਭਗਤੀ। ਭਗਤੀ ਮਾਰਗ ਦੇ ਦੋ ਮੁੱਖ ਭੇਦ ਹਨ: ਸਰਗੁਣ ਭਗਤੀ ਤੇ ਨਿਰਗੁਣ ਭਗਤੀ। ਸਰਗੁਣ ਭਗਤੀ ਦਾ ਆਧਾਰ ਅਵਤਾਰਵਾਦ ਹੈ ਜਿਸ ਵਿੱਚ ਰਾਮ ਭਗਤੀ ਅਤੇ ਕ੍ਰਿਸ਼ਨ ਭਗਤੀ ਮੁੱਖ ਸ਼ਾਖਾਵਾਂ

## ਭਟਕਣ / ਪੰਕਜੇਸ਼ਵਰ



ਕਵਿਤਾ ਚ ਭਟਕਦਾ ਹਾਂ
ਪੰਕਤੀ ਦਰ ਪੰਕਤੀ
ਖ਼ਾਲੀ ਪੰਨਿਆਂ ਨੂੰ ਸੁੰਘਦਾ ਹਾਂ
ਕਵਿਤਾ ਦੇ ਸਾਹਾਂ ਚ ਸਾਹ ਲੈਂਦੇ
ਤੁਰਦਾ ਹਾਂ ਕਾਗਜ਼ ਦੀ
ਪਗਡੰਡੀਆਂ ਤੇ।

ਕਦੇ ਮੁੱਕਦੀ ਹੀ ਨਹੀਂ ਭਟਕਣ
ਚਾਹੁੰਦਿਆਂ
ਨਾ ਚਾਹੁੰਦਿਆਂ ਵੀ।

ਖੁਸ਼ਬੋ ਲੱਭਦਿਆਂ
ਭਟਕਦਾ ਹਾਂ ਚਾਰਗਾਹਾਂ ਚ
ਸੋਚਾਂ ਦਾ ਆਜੜੀ ਬਣ।
ਪੀੜਾਂ ਚ ਭਟਕਦਾ ਹਾਂ
ਸਕੂਨ ਟਟੋਲਦਿਆਂ

ਮੇਰੇ ਅੰਤਸ 'ਚ ਵੀ
ਭਟਕਦੀ ਰਹਿੰਦੀ ਹੈ ਭਟਕਣ
ਤੇ ਭਟਕਦਾ ਹਾਂ

ਆਪੇ ਤੋਂ ਬਾਹਰ ਹੋ ਕੇ ਵੀ

ਭਟਕਣ ਸ਼ਾਇਦ ਇੰਝ ਵੀ ਹੁੰਦੀ ਏ
ਬੀਹੜ ਵਿਚ ਕੂਕਦੀ ਬੇਚੈਨ ਮੋਰਨੀ
ਜਿਵੇਂ ਦੂਬ ਤੇ
ਸੱਜਰੀ ਤਰੇਲ ਚਮਕਦੀ
ਹੈ ਜਿਵੇਂ ਸੂਰਜ ਚੜ੍ਹਦਿਆਂ

ਹੋ ਸਕਦੈ
ਭਟਕਦੀ ਹੋਵੇ
ਸੁਰਖ ਰੰਗਾਂ ਦੀ ਗਾਥਾ
ਜਿਵੇਂ ਹੁੰਦੀ ਐ

ਹੰਝ ਵਿਚ ਚਾਂਦੀ ਦੀ ਚਮਕ
ਤੇ ਬਿਰਹੋਂ ਚ ਇਸ਼ਕੇ ਦੀ ਦਮਕ।

ਭਟਕਣ ਦੀਆਂ ਹੁੰਦੀਆਂ ਹੋਣਗੀਆਂ
ਅਨੇਕ ਭਾਸ਼ਾਵਾਂ ਤੇ ਬੋਲ...

ਤਹਿਜ਼ੀਬਾਂ ਤੇ ਸੰਸਕ੍ਰਿਤੀਆਂ
ਰਹਿੰਦੀਆਂ ਹੋਣਗੀਆਂ ਬੇਚੈਨ
ਕੁੱਛ ਕਹਿਣ
ਕੁਛ ਬੋਲਣ ਲਈ

ਤਾਂਹੀਓਂ ਤਾਂ ਮੈਂ
ਭਟਕਦਾ ਹਾਂ
ਕਵਿਤਾ ਵਿੱਚ
ਤੇ ਕਵਿਤਾ ਭਟਕਦੀ ਹੈ
ਮੇਰੇ ਵਿਚ
ਜਮਾਂ ਓਸੇ ਤਰ੍ਹਾਂ
ਜਿਵੇਂ ਮੇਰੇ ਵਿਚ
ਭਅਕਦਾ ਹੈ ਜੀਵਨ
ਤੇ ਮੈਂ ਜੀਵਨ ਵਿਚ।

ਵਿਕਸਤ ਹੋਈਆਂ ਹਨ। ਨਿਰਗੁਣ ਭਗਤੀ ਅਵਤਾਰਵਾਦ ਦੇ ਉਲਟ ਨਿਰਗੁਣ ਨਿਰਾਕਾਰ ਅਤੇ ਅਰੂਪ ਬ੍ਰਹਮ ਦੀ ਅਰਾਧਨਾ ਨਾਲ ਸਬੰਧਿਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀਕਾਰਾਂ ਨੇ ਬ੍ਰਹਮ ਦੇ ਨਿਰਗੁਣ ਅਤੇ ਸਰਗੁਣ ਦੋਵਾਂ ਰੂਪਾਂ ਦੀ ਗੱਲ ਕੀਤੀ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਮਾਰੂ ਸੋਲਹੇ ਵਿੱਚ ਬ੍ਰਹਮ ਦੇ ਨਿਰਗੁਣ ਅਤੇ ਸਰਗੁਣ ਦੋਵਾਂ ਰੂਪਾਂ ਦਾ ਵਰਨਣ ਕੀਤਾ ਗਿਆ ਹੈ:

ਅਰਬਦ ਨਰਬਦ ਧੁੰਧੂਕਾਰਾ ॥
ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ
ਸੂਰਜੁ ਸੁੰਨ ਸਮਾਧਿ ਲਗਾਇਦਾ ॥
ਖਾਣੀ ਨ ਬਾਣੀ ਪਉਣ ਨ ਪਾਣੀ ॥
ਓਪਤਿ ਖਪਤਿ ਨ ਆਵਣ ਜਾਣੀ ॥
ਖੰਡ ਪਤਾਲ ਸਪਤ ਨਹੀ
ਸਾਗਰ ਨਦੀ ਨ ਨੀਰੁ ਵਹਾਇਦਾ ॥ 6

ਗੁਰਮਤਿ ਕਾਵਿ ਦਾ ਪਾਠ ਤੇ ਪ੍ਰਵਚਨ ਆਪਣੇ ਸਮੇਂ ਦੀਆਂ ਸਮਾਜਿਕ ਅਤੇ ਇਤਿਹਾਸਕ ਸਥਿਤੀਆਂ ਨਾਲ ਸਬੰਧਿਤ ਹੋਣ ਕਰਕੇ ਮੌਲਿਕ ਚਰਿੱਤਰ ਵਾਲਾ ਹੈ। ਪਰ ਇਸ ਦੀ ਕਾਵਿ ਸ਼ੈਲੀ ਰਚਨਾ ਆਪਣੀਆਂ ਸਮਕਾਲੀ ਅਤੇ ਪੂਰਵਕਾਲੀ ਕਾਵਿ ਪ੍ਰਵਿਰਤੀਆਂ ਤੋਂ ਪ੍ਰਭਾਵਿਤ ਹੈ। ਗੁਰਮਤਿ ਕਾਵਿ ਦੇ ਉਦਭਵ ਅਤੇ ਵਿਕਾਸ ਲਈ ਇਸ ਤੋਂ ਪੂਰਬਲੀਆਂ ਸਿੱਧ, ਨਾਥ, ਸੰਤ ਬਾਣੀ ਤੇ ਭਗਤ ਬਾਣੀ ਪਰੰਪਰਾਵਾਂ ਨੇ ਇੱਕ ਪ੍ਰੇਰਕ ਦੇ ਤੌਰ 'ਤੇ ਆਪਣਾ ਪ੍ਰਭਾਵ ਪਾਇਆ ਹੈ।

**ਹਵਾਲੇ ਅਤੇ ਟਿੱਪਣੀਆਂ:**


1) ਜਗਬੀਰ ਸਿੰਘ, ਗੁਰਮਤਿ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2004, ਪੰਨਾ 12
2) ਉਹੀ, ਪੰਨਾ 13
3) ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮਹਲਾ 5, ਪੰਨਾ 885
4) ਪ੍ਰੋ: ਕਿਰਪਾਲ ਸਿੰਘ ਕਸੇਲ ਅਤੇ ਡਾ. ਪਰਮਿੰਦਰ ਸਿਘ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁੱਕ ਸ਼ਾਪ, 2017, ਪੰਨਾ 20
5) ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਗੋਸਟਿ, ਪੰਨਾ 938
6) ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1035



**ਸਹਾਇਕ ਪ੍ਰੋਫ਼ੈਸਰ, ਪੰਜਾਬੀ**
**ਯੂਨੀਵਰਸਿਟੀ ਕਾਲਜ, ਬੇਨੜਾ**
**ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ (ਪੰਜਾਬ)**

ਪ੍ਰਮਾਤਮਾ ਨੇ ਧਰਤੀ ਨੂੰ ਧਰਮ ਅਸਥਾਨ ਬਣਾਉਣ ਤੋਂ ਪਹਿਲਾਂ ਇੱਕ ਲਗਾਤਾਰ ਚਲਦੀ ਕਲਮ ਨਾਲ ਇਸ ਧਰਤੀ ਉੱਤੇ ਕਈ ਜੁਗਤੀਆਂ ਅਤੇ ਰੰਗਾਂ ਦੇ ਜੀਵ ਵਸਦੇ ਦਿਖਾਏ ਹਨ। ਜਿੰਨ੍ਹਾਂ ਦੇ ਨਾਵਾਂ ਦੀ ਕੋਈ ਗਿਣਤੀ ਨਹੀਂ, ਇਨ੍ਹਾਂ ਤੋਂ ਪਹਿਲਾਂ ਪ੍ਰਮਾਤਮਾ ਨੇ ਰਾਤੀ, ਰੱਤਾਂ, ਤਿਥੀਆਂ, ਵਾਰ, ਹਵਾ, ਪਾਣੀ, ਅੱਗ ਅਤੇ ਪਾਤਾਲ...... ਬਣਾਏ। ਇਨ੍ਹਾਂ ਅਨੇਕਾਂ ਰੰਗਾਂ ਵਾਲੇ ਜੀਵਾਂ ਦੇ ਆਪੋ-ਆਪਣੇ ਕੀਤੇ ਕਰਮਾਂ ਅਨੁਸਾਰ ਅਕਾਲ-ਪੁਰਖ ਦੇ ਦਰ 'ਤੇ ਨਿਵੇੜਾ ਬਿਨਾਂ ਕਿਸੇ ਉਕਾਈ ਦੇ ਹੁੰਦਾ ਹੈ। ਪ੍ਰਮਾਤਮਾ ਆਪ ਹੋਂਦ ਵਾਲਾ ਹੁੰਦਾ ਹੈ , ਤੇ ਉਸ ਦਾ ਦਰਬਾਰ ਵੀ ਹੋਂਦ ਵਾਲਾ ਹੈ। ਇਸ ਦਰਬਾਰ ਵਿੱਚ ਸੰਤ ਸਨ, ਜਿਨ੍ਹਾਂ ਨੇ ਨਾਮ ਸੁਣਿਆ ਹੈ ਅਤੇ ਮੰਨਿਆ ਹੈ , ਉਹ ਮਿਹਰ ਦੀ ਨਜ਼ਰ ਕਰਨ ਵਾਲੇ ਅਕਾਲ-ਪੁਰਖ ਦੀ ਮਿਹਰ ਸਦਕਾ ਵਡਿਆਈ ਦਾ ਨਿਸ਼ਾਨ ਹਾਸਲ ਕਰਦੇ ਹਨ। ਇਸ ਸੰਸਾਰ ਵਿੱਚ ਜਿਸ ਦਾ ਜਾਤ ਕਰਕੇ ਵੱਡਾ ਜਾਂ ਛੋਟਾ ਅਖਵਾਉਣਾ ਕਿਸੇ ਅਰਥ ਨਹੀਂ, ਕੱਚੇ-ਪੱਕੇ ਦੀ ਉਸ ਦੇ ਦਰ ਉੱਤੇ ਜਾ ਕੇ ਪਰਖ ਹੁੰਦੀ ਹੈ। ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਦਰ ਤੇ ਗਿਆਂ ਸਮਝ ਆਉਂਦੀ ਹੈ ਕਿ ਕੱਚਾ ਕੌਣ ਹੈ ? ਪੱਕਾ ਕੌਣ ਹੈ? ਉਪਰੋਕਤ ਵਿਚਾਰ ਅਨੁਸਾਰ ਆਤਮ ਰਸਤੇ ਵਿੱਚ ਜੀਵ ਦੀ ਪਹਿਲੀ ਅਵਸਥਾ, ਜਿੱਥੇ ਆਪਣੇ ਫਰਜ਼ ਨੂੰ ਪਛਾਣਦਾ ਹੈ, ਇਸ ਆਤਮਕ ਅਵਸਥਾ ਦਾ ਨਾ ਧਰਮ ਖੰਡ ਹੈ।

''ਰਾਤੀ ਰੁਤੀ ਥਿਤੀ ਵਾਰ ॥
ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿੱਚ ਧਰਤੀ ਥਾਪਿ ਰਖੀ ਧਰਮ ਸਾਲ ॥''
ਅੰਗ ਨੰ:7

ਜਦੋਂ ਤੱਕ ਮਨੱਖ ਨੂੰ ਆਪਣਾ ਹੀ ਸੁਆਰਥ ਨਜ਼ਰ ਆਇਆ ਤਾਂ ਪ੍ਰਮਾਤਮਾ ਦੀ ਮਿਹਰ ਸਦਕਾ ਉਸਨੇ ਆਪਣਾ ਵਿੱਦਿਆ ਅਤੇ ਵਿਚਾਰ ਦੇ ਬਲ ਦੇ ਨਾਲ ਪੂਰੀ ਕਾਇਨਾਤ ਦਾ ਨਕਸ਼ਾ ਅੱਖਾਂ ਅੱਗੇ ਲੈਂਦਾ । ਜਿਵੇਂ ਗਿਆਨ ਦੀ ਹਨੇਰੀ ਆ ਗਈ ਤਿਵੇਂ ਹੀ ਸਾਰੇ ਭਰਮ - ਭੁਲੇਖੇ ਉੱਡ-ਪੱਡ ਗਏ। ਇਸ ਤਰ੍ਹਾਂ ਉਸ ਦਾ ਜੀਵਨ ਆਨੰਦਮਈ ਹੋ ਗਿਆ, ਜਿਹੜਾ ਮਾਇਆ ਦੇ ਪਦਾਰਥਾਂ ਵਿੱਚ ਪ੍ਰਾਪਤ ਨਹੀਂ ਸੀ ਹੋ ਸਕਦਾ। ਇਸ ਪੈਂਡੇ ਦੀ ਅਵਸਥਾ ਦਾ ਨਾਂ ''ਗਿਆਨ ਖੰਡ'' ਹੈ।

ਧਰਮ ਖੰਡ ਕਾ ਇਹੋ ਧਰਮੁ ॥
ਗਿਆਨ ਖੰਡ ਕਾ ਆਖਹੁ ਕਰਮ ॥
ਅੰਗ ਨੰ:7

ਜਦੋਂ ਗਿਆਨ ਦਾ ਪ੍ਰਕਾਸ਼ ਹੋਇਆ ਤਾਂ ਮਨੱਖ ਨੂੰ ਸਮਝ ਆਉਣ ਲੱਗੀ ਕਿ ਅਕਾਲ-ਪੁਰਖ ਦੀ ਰਚਨਾ ਵਿੱਚ ਕਈ ਪ੍ਰਕਾਰ ਦੀ ਹਵਾ: ਜਿਵੇਂ ਕਿ ਕਿਤੇ ਸਿੱਲੀ , ਕਿਤੇ ਖੁਸ਼ਕ, ਕਿਤੇ ਗਰਮ, ਆਦਿ ਕਈ ਪ੍ਰਕਾਰ ਦੇ ਪਾਣੀ : ਮਿੱਠੇ, ਕੌੜੇ , ਖਾਰੇ ਆਦਿ ਕਈ ਪ੍ਰਕਾਰ ਦੀਆਂ ਅੱਗਾਂ :ਜਠਰ, ਦਾਨਵਾਂ, ਡਾਊਂ , ਵਛਵਾਨਲ , ਪ੍ਰਤੱਖ ਆਦਿ ਸ਼ਾਮਿਲ ਹਨ। ਪਰਮਾਤਮਾ ਨੇ ਅਨੇਕਾਂ ਪ੍ਰਕਾਰ ਦੇ ਦੇਵੀ-ਦੇਵਤੇ ਪੈਦਾ ਕੀਤੇ , ਜਿੰਨ੍ਹਾਂ ਦੇ ਵੱਖ-ਵੱਖ ਪ੍ਰਕਾਰ ਦੇ ਰੂਪ-ਰੰਗ ਅਤੇ ਪਹਿਰਾਵੇ ਹਨ। ਗਿਆਨ ਖੰਡ ਦੀ ਅਵਸਥਾ ਵਿੱਚ ਮਨੱਖ ਗਿਆਨ , ਤੇਜ਼ ਅਤੇ ਬਲਵਾਨ ਹੋ ਜਾਂਦਾ ਹੈ ਅਤੇ ਕੁਦਰਤ ਦੇ ਸਭ ਰੰਗਾਂ, ਤਮਾਸ਼ਿਆਂ, ਕੌਤਕਾਂ ਦਾ ਅਨੁਭਵ ਹੋ ਜਾਂਦਾ ਹੈ।

ਗਿਆਨ ਖੰਡ ਮਹਿ ਗਿਆਨ ਪਰਚੰਡ ॥
ਤਿਥੈ ਨਾਦ ਬਿਨੋਦ ਕੋਡ ਅਨੰਦ ॥ ਅੰਗ:7

ਗਿਆਨ ਖੰਡ ਦੀ ਅਵਸਥਾ ਤੋਂ ਉਪਰੰਤ ਮਨੱਖ ਦੀ ਬੋਲ- ਬਾਣੀ ਵਿੱਚ ਤਬਦੀਲੀ ਆ ਜਾਂਦੀ ਹੈ। ਸਭ ਮਨ ਦੇ ਸੁਭਾਅ ਅਨੁਸਾਰ ਅਨੇਕਾਂ ਬੁਰਾਈਆਂ ਦਾ ਖਾਤਮਾ ਹੋ ਜਾਂਦਾ ਹੈ। ਇੱਕ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਮਨੱਖ ਨਵੀਂ ਘਾੜਤ ਨਾਲ ਉੱਚੀ ਸੁਰਤ ਵਾਲਾ ਬਣ ਜਾਂਦਾ ਹੈ। ਅੰਮ੍ਰਿਤ ਵੇਲੇ ਦਾ ਜਾਗਣਾ ਵੀ ਇੱਕ ਤਰ੍ਹਾਂ ਦੀ ਮਿਹਨਤ ਹੈ। ਗੁਰਮਤਿ ਵਾਲੀ ਘਾੜਤ ਘੜਦਾ ਹੋਇਆ ਮਨ ਸੋਨੇ ਵਰਗਾ ਹੋ ਜਾਂਦਾ ਹੈ ਅਤੇ ਮਨ ਜਾਗਰੂਕ ਹੋ ਜਾਂਦਾ ਹੈ। ਮਨੋਂ ਦੇਵਤਿਆਂ ਵਾਲੀ ਸੋਝੀ ਪੈ ਜਾਂਦੀ ਹੈ। ਇਸ ਨੂੰ ਸਰਮ ਖੰਡ ਕਿਹਾ ਜਾਂਦਾ ਹੈ। ਮਿਹਨਤ ਦੀ ਅਵਸਥਾ ਵਿੱਚ ਮਨ ਦਿਨੋ -ਦਿਨ ਸੋਹਣਾ ਬਣਨਾ ਸ਼ੁਰੂ ਹੋ ਜਾਂਦਾ ਹੈ। ਉਸ ਅਵਸਥਾ ਦੀਆਂ ਗੱਲਾਂ ਬਿਆਨ ਕਰਨੀਆਂ ਮੁਸ਼ਕਿਲ ਹਨ। ਕਿਸੇ ਵੀ ਵਿਅਕਤੀ ਦੁਆਰਾ ਇਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਕਿਉਂ ਕਿ ਮਨੱਖ ਦੀ ਸੁਰਤ ਅਤੇ ਮੱਤ ਉੱਚੀ ਹੋ ਜਾਂਦੀ ਹੈ। ਜੀਵ ਸਮੱਚੇ ਸੰਸਾਰ ਦੀ ਸੇਵਾ ਵਿੱਚ ਆਪ ਸਮਰਪਿਤ ਕਰ ਦਿੰਦਾ ਹੈ।

ਸਰਮ ਖੰਡ ਕੀ ਬਾਣੀ ਰੂਪ ॥
ਤਿਥੈ ਘਾੜਤ ਘੜੀਐ ਬਹੁਤੁ ਅਨੂਪੁ ॥
ਅੰਗ:8

ਤਿੰਨੇ ਖੰਡਾ ਵਿੱਚੋਂ ਲੰਘ ਕੇ ਮਨੱਖ ਮਾਲਕ ਦੀ ਮਿਹਰ ਦਾ ਪਾਤਰ ਹੋ ਜਾਂਦਾ ਹੈ, ਵਿਕਾਰਾਂ ਵੱਲ ਉਸਦਾ ਧਿਆਨ ਨਹੀਂ ਜਾਂਦਾ ਅਤੇ ਉਸ ਮਨੱਖ ਨੂੰ ਦਸੇ ਦਿਸ਼ਾਵਾਂ ਵਿੱਚ ਪਰਮਾਤਮਾ ਹੀ ਦਿਸਦਾ ਹੈ ਅਤੇ ਭਟਕਦਾ ਮਨ ਸਥਿਰ ਹੋ ਜਾਂਦਾ ਹੈ।ਉਸ ਮਨੱਖ ਦੀ ਸਥਿਤੀ ਅਨੰਦ ਵਾਲੀ ਬਣ ਜਾਂਦੀ ਹੈ । ਮਨੱਖ ਨੂੰ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਵੀ ਆਪਣਾ ਨਹੀਂ ਜਾਪਦਾ ਅਤੇ ਪਰਮਾਤਮਾ ਨਾਲ ਹੀ ਉਸਦੀ ਬਿਰਤੀ ਜੁੜ ਜਾਂਦੀ ਹੈ। ਉਹਨਾਂ ਮਨੱਖਾਂ ਨੂੰ ਮਹਾਂਬਲੀ ਅਤੇ ਸੂਰਮਿਆਂ ਦਾ ਨਾਂ ਦਿੱਤਾ ਜਾਂਦਾ ਹੈ।

ਕਰਮ ਖੰਡ ਕੀ ਬਾਣੀ ਜੋਰੁ ॥
ਤਿਥੈ ਹੋਰੁ ਨ ਕੋਈ ਹੋਰੁ ॥ ਅੰਗ:9

ਚਾਰੇ ਖੰਡਾਂ ਤੋਂ ਹੁੰਦਾ ਹੋਇਆ ਮਨੱਖ ਬਖਸ਼ਿਸ਼ ਦਾ

## ਕਵਿਤਾਵਾਂ / ਬਲਜੀਤ ਕੌਰ



### ਫਿਜ਼ਾ

ਕਦੇ ਤਾਂ ਬਦਲੇਗੀ
ਫਿਜ਼ਾ ਮੇਰੇ ਚਮਨ ਦੀ ਵੀ,
ਇਹ ਖਿਜ਼ਾ ਮੇਰੇ ਗੁਲਸ਼ਨ ਦਾ
ਨਸੀਬ ਹੋ ਨਹੀਂ ਸਕਦੀ।

ਹੈ ਟਿੱਬਿਆਂ ਤੇ ਬਸੇਰਾ,
ਘਰ ਮਾਰੂਥਲ ਹੀ ਸਹੀ,
ਸਦਾ ਰੇਤ ਪਰ ਬਹਾਰ
ਮੇਰੀ ਲੁਕੋ ਨਹੀਂ ਸਕਦੀ।

ਅੱਜ ਬੀਜ ਹਾਂ,
ਬਿਰਖ ਬਣਾਗਾਂ ਆਸ ਹੈ,
ਮਾਰ ਮੌਸਮੀ ਹਸਤੀ
ਮੇਰੀ ਛੁਪੋ ਨਹੀਂ ਸਕਦੀ।

ਕੱਲੀ ਮੇਰੀ ਕਸ਼ਤੀ,
ਚੱਪੂ ਆਸ ਦੇ ਸਾਥੀ,
ਲਹਿਰ ਦਿਉਕਦ ਵੀ
ਇਸਨੂੰ ਡੁਬੋ ਨਹੀਂ ਸਕਦੀ।

ਜੇ ਨਮ ਹੈ ਅੱਖ,
ਗ਼ਮਗੀਨ ਹੈ ਹਯਾਤੀ,
ਕੁਝ ਖਾਸ ਹੀ ਹੋਣੀ,
ਗੱਲ ਆਮ ਹੋ ਨਹੀਂ ਸਕਦੀ।

ਕੁਝ ਖੰਭ ਨੇ,
ਕੁਝ ਕੁ ਤਿਤਲੀਆਂ ਵੀ ਨੇ,
ਅੱਖ ਮੇਰੀ ਬੇਜ਼ਾਨ
ਸੁਪਨੇ ਪਿਰੋ ਨਹੀਂ ਸਕਦੀ।

ਦਿੱਸਦਾ ਦਰ ਬੰਦ,
ਉਲਝੀ ਲੱਗੇ ਤੰਦ,
ਪਰ ਹੋਣੀ ਮੇਰੇ ਬੂਹੇ
ਢੋਹ ਨਹੀਂ ਸਕਦੀ

### ਕਿਉਂ

ਤੂੰ ਘਰ ਛੱਡ ਬੁੱਧ ਬਣ ਜਾਵੇਂ,
ਦੇਰ ਪਰਤ ਮੈਂ ਗਣਕਾ ਕਿਉਂ?

ਤੂੰ ਵਿੰਨ੍ਹੇ ਸੂਈ ਰਚ ਦੇਵੇਂ ਮਾਲਾ,
ਪਰੰਤੂ ਸੁਪਨੇ ਮੈਂ ਰਹੀ ਮਣਕਾ ਕਿਉਂ?

ਤੂੰ ਜਦ ਚਾਹੇ ਬਣ ਜਾਵੇਂ ਅੰਬਰ,
ਧਰਤ ਹੋ ਕੇ ਵੀ ਮੈਂ ਕਿਣਕਾ ਕਿਉਂ?

ਆਲ੍ਹਣਾ ਮਿਲਕੇ ਹੀ ਬਣੇ ਅਸਾਡਾ,
ਤੂੰ ਸਦਾ ਮਾਲਕ ਤੇ ਮੈਂ ਤਿਣਕਾ ਕਿਉਂ?

ਹਯਾਤੀ ਤੇਰੀ ਸਦਾ ਤੁਰੇ ਵਹਿਣ ਅੱਥਰੇ,
ਮੇਰੀਆਂ ਹੀ ਸੋਚਾਂ ਨੂੰ ਛਣਕਾ ਕਿਉਂ?

ਡੋਰ ਬਣੇ ਤੂੰ ਚਾੜ੍ਹੇ ਗੁੱਡੀ ਅੰਬਰੀਂ,
ਛੂਹ ਕੇ ਅੰਬਰ ਵੀ ਮੈਂ ਤੁਣਕਾ ਕਿਉਂ?

---

ਪਾਤਰ ਬਣਦਾ ਹੈ ਅਤੇ ਪੰਜਵੇਂ ਖੰਡ ਵਿੱਚ ਨਿਵਾਸ ਕਰਦਾ ਹੈ ਭਾਵ ਅਕਾਲ ਪੁਰਖ ਵਿੱਚ ਅਭੇਦ ਹੋ ਜਾਂਦਾ ਹੈ। ਉਹ ਪਰਮਾਤਮਾ ਜੋ ਸਾਰੀ ਸ੍ਰਿਸ਼ਟੀ ਦੀ ਸੰਭਾਲ ਕਰਦਾ ਹੈ ਅਤੇ ਜਿਸਦਾ ਹੁਕਮ ਸਭ ਪਾਸੇ ਵਰਤ ਰਿਹਾ ਹੈ, ਉਸ ਅਵਸਥਾ ਨੂੰ ਸੱਚਖੰਡ ਕਿਹਾ ਜਾਂਦਾ ਹੈ। ਪਰਮਾਤਮਾ ਆਪਣੀ ਰਜ਼ਾ ਅਨੁਸਾਰ ਸਾਰੀ ਕਾਇਨਾਤ ਵਿੱਚ ਵਰਤਦਾ ਹੈ। ਇਹ ਅਵਸਥਾ ਅਨੁਭਵ ਕਰਨ ਵਾਲੀ ਅਵਸਥਾ ਹੈ, ਇਸ ਨੂੰ ਬਿਆਨ ਕਰਨਾ ਮੁਸ਼ਕਿਲ ਹੈ।

ਸਚ ਖੰਡਿ ਵਸੈ ਨਿਰੰਕਾਰੁ॥
ਕਰ ਕਰ ਵੇਖੈ ਨਦਰਿ ਨਿਹਾਲ॥ ਅੰਗ:7

ਇਸ ਤਰ੍ਹਾਂ ਗੁਰੂ ਸਾਹਿਬ ਜੀ ਨੂੰ ਸਾਰੇ ਖੰਡਾਂ ਨੂੰ ਬਹੁਤ ਡੂੰਘਾਈ ਨਾਲ ਰਚਿਆ ਹੈ ਅਤੇ ਪਰਮਾਤਮਾ ਦੀ ਸਿਫਤ ਸਲਾਹ ਕੀਤੀ ਹੈ।

**ਖੋਜਾਰਥੀ**
**ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ**
**ਬਠਿੰਡਾ**

# ਭੈਣ-ਭਰਾ ਦਾ ਰਿਸ਼ਤਾ : ਬਦਲਦੇ ਸਮਾਜਿਕ ਪਰਿਪੇਖ / ਰਾਜਵਿੰਦਰ ਕੌਰ

ਸਮਾਜ ਪਰਿਵਾਰਾਂ ਦੀ ਸਮੂਹਕ ਇਕਾਈ ਹੈ ਤੇ ਪਰਿਵਾਰ ਮੈਂਬਰਾਂ ਦੇ ਇਕੱਠ ਨਾਲ਼ ਬਣਦਾ ਹੈ। ਮਨੁੱਖ ਸਮਾਜ ਵਿੱਚ ਜਨਮ ਲੈ ਕੇ ਇੱਥੇ ਹੀ ਵਧਦਾ-ਫੁੱਲਦਾ ਹੈ ਤੇ ਜੀਵਨ ਨਿਰਬਾਹ ਕਰਦਾ ਹੈ। ਇਸੇ ਲਈ ਸਾਡੇ ਸਮਾਜ ਵਿੱਚ ਜਨਮ ਵਿਆਹ ਤੇ ਮੌਤ ਨਾਲ਼ ਸੰਬੰਧਿਤ ਰੀਤੀ ਰਿਵਾਜ 'ਤੇ ਪ੍ਰਚਲਿਤ ਹਨ। ਇਨ੍ਹਾਂ ਸਭ ਦਾ ਸੁਮੇਲ ਹੀ ਕਿਸੇ ਵੀ ਸਮਾਜ ਨੂੰ ਸੱਭਿਆਚਾਰਕ ਪਹਿਚਾਣ ਦਿੰਦਾ ਹਨ। ਮਨੁੱਖ ਜੀਵਨ ਨਿਰਬਾਹ ਦੌਰਾਨ ਕਈ ਪੜਾਅ ਤੈਅ ਕਰਦਾ ਹੈ ਜੋ ਹੌਲ਼ੀ-ਹੌਲ਼ੀ ਉਸਦੀ ਪਹਿਚਾਣ ਬਣ ਜਾਂਦੇ ਹਨ, ਪਰ ਜੋ ਮਨੁੱਖ ਦੀ ਹੋਂਦ ਬਚਪਨ ਤੇ ਵਿਸ਼ੇਸ਼ ਕਰਕੇ ਆਪਣੇ ਪਰਿਵਾਰ ਵਿੱਚ ਬਣਦੀ ਹੈ ਉਹ ਉਸਦੇ ਆਖਰੀ ਸਾਹਾਂ ਤੱਕ ਨਿਭਦੀ ਹੈ ਤੇ ਇਸ ਦਾ ਮੁੱਢ ਉਸ ਦੀ ਜਨਮ ਦੇਣ ਵਾਲ਼ੀ ਮਾਂ ਤੇ ਇੱਕ ਕੁੱਖ ਵਿੱਚੋਂ ਜਨਮ ਲੈਣ ਵਾਲ਼ੇ ਭੈਣ-ਭਰਾਵਾਂ ਦੀ ਆਪਸੀ ਸਾਂਝ ਨਾਲ਼ ਹੋਰ ਵੀ ਗੂੜ੍ਹੀ ਤੇ ਹੁੰਦੀ ਹੈ। ਇੱਕ ਮਾਂ ਦੇ ਢਿੱਡੋਂ ਜੰਮਿਆਂ ਦਾ ਆਪਸ ਵਿੱਚ ਨਾੜੂਏ ਵਾਲ਼ਾ ਰਿਸ਼ਤਾ ਵੀ ਕਿਹਾ ਜਾਂਦਾ ਹੈ ਤੇ ਮੰਨਿਆ ਜਾਂਦਾ ਹੈ ਕਿ ਖ਼ੂਨ ਦੇ ਰਿਸ਼ਤੇ ਤੇ ਵਿਸ਼ੇਸ਼ ਕਰਕੇ ਭੈਣ-ਭਰਾ ਦਾ ਰਿਸ਼ਤਾ ਇਸ ਧਰਤੀ ਤੇ ਸਿਰਫ ਇੱਕ ਵਾਰ ਹੀ ਬਣਦਾ ਹੈ ਜਦੋਂ ਕੋਈ ਦੋ ਜੀਵ ਇੱਕ ਹੀ ਮਾਂ ਦੀ ਕੁੱਖੋਂ ਜਨਮ ਲੈਂਦੇ ਹਨ। ਦੁਨੀਆ ਦੇ ਹੋਰ ਰਿਸ਼ਤੇ ਤਾਂ ਸਮੇਂ ਜ਼ਰੂਰਤ ਤੇ ਹਾਲਾਤਾਂ ਅਨੁਸਾਰ ਬਣਦੇ ਵਿਗਸਦੇ ਰਹਿੰਦੇ ਹਨ ਪਰ ਜੋ ਖਿੱਚ, ਸਾਂਝ, ਅਪਣੱਤ, ਹਮਦਰਦੀ, ਪਿਆਰ, ਨਿੱਘ ਮਾਂ ਜਾਇਆਂ ਵਿੱਚ ਹੁੰਦਾ ਹੈ ਉਹ ਹੋਰ ਕਿਸ ਵੀ ਰਿਸ਼ਤੇ ਵਿੱਚ ਨਹੀਂ ਮਿਲ਼ਦਾ।

ਸੋ ਮਨੁੱਖ ਆਪਣੇ ਬਚਪਨ ਤੋਂ ਅਖੀਰਲੇ ਸਾਹਾਂ ਤੱਕ ਰਿਸ਼ਤਿਆਂ ਦੀਆਂ ਕਈ ਤੰਦਾਂ ਵਿੱਚ ਬੱਝਿਆ ਹੁੰਦਾ ਹੈ ਪਰ ਇਸ ਦੁਨੀਆ ਵਿੱਚ ਸਭ ਤੋਂ ਨਿਵੇਕਲਾ ਤੇ ਗੂੜ੍ਹਾ ਨਿੱਘ ਵਾਲਾ ਰਿਸ਼ਤਾ ਹੈ ਭੈਣ-ਭਰਾ ਦਾ ਰਿਸ਼ਤਾ, ਜਿਸ ਦਾ ਦੁਨੀਆ ਵਿੱਚ ਕੋਈ ਦੂਜਾ ਬਦਲ ਹੋ ਹੀ ਨਹੀਂ ਸਕਦਾ। ਜਦੋਂ ਭੈਣ-ਭਰਾ ਦੇ ਇਸ ਰਿਸ਼ਤੇ ਦੀ ਗੱਲ ਹੁੰਦੀ ਹੈ ਤਾਂ ਸਾਡੇ ਚੇਤਿਆਂ ਵਿੱਚ ਬੇਬੇ ਨਾਨਕੀ ਤੇ ਬਾਬੇ ਨਾਨਕ ਦਾ ਰਿਸ਼ਤਾ ਮੋਕਲੇ ਜਿਹੇ ਅਜਿਹਾ ਦ੍ਰਿਸ਼ ਚਿਤਰ ਜਾਂਦਾ ਹੈ ਕਿ ਰੂਹ ਇੱਕ ਲਸਾਨੀ ਸਰੂਰ ਨਾਲ਼ ਤ੍ਰਿਪਤ ਹੋ ਜਾਂਦੀ ਹੈ ਤੇ ਕਿਹਾ ਜਾਂਦਾ ਹੈ ਕਿ ਬਾਬਾ ਜੀ ਦੇ ਅਲਾਹੀ ਨੂਰ ਤੇ ਪਹੁੰਚੇ ਹੋਏ ਫਕੀਰ ਹੋਣ ਦਾ ਅਭਾਸ ਵੀ ਸਭ ਤੋਂ ਪਹਿਲਾਂ ਬੇਬੇ ਨਾਨਕੀ ਜੀ ਨੂੰ ਹੋਇਆ ਸੀ ਅਨੇਕਾਂ ਹੀ ਕਹਾਣੀਆਂ, ਰਚਨਾਵਾਂ, ਗੀਤਾਂ ਵਿੱਚ ਸਾਨੂੰ ਇਨ੍ਹਾਂ ਦੇ ਗੂੜ੍ਹੇ ਤੇ ਨਿੱਘ ਭਰੇ ਰਿਸ਼ਤੇ ਦਾ ਜ਼ਿਕਰ ਹੋਇਆ ਮਿਲ਼ਦਾ ਹੈ। ਮਹਾਂਪੁਰਸ਼ਾਂ ਦੀ ਸ਼ਰਧਾ ਤਾਂ ਇੱਥੋਂ ਤੱਕ ਬਿਆਨ ਕਰਦੀ ਹੈ ਕਿ ਜਦੋਂ ਕਦੇ ਬੇਬੇ ਨਾਨਕੀ ਦਾ ਮਨ ਨਾਨਕ ਨੂੰ ਮਿਲਣਾ ਲੋਚਦਾ ਸੀ ਤਾਂ ਬਾਬਾ ਜੀ ਉਸੇ ਵੇਲ਼ੇ ਭੈਣ ਨਾਨਕੀ ਕੋਲ ਆ ਹਾਜ਼ਰ ਹੁੰਦੇ ਸਨ ਇਸੇ ਨੂੰ ਹੀ ਬਜ਼ੁਰਗ ਖ਼ੂਨ ਦੀ ਖਿੱਚ ਦਾ ਨਾਮ ਦਿੰਦੇ ਹਨ।

ਜਦੋਂ ਅਸੀਂ ਪੰਜਾਬੀ ਸਾਹਿਤ ਦੇ ਮੁਢਲੇ ਰੂਪ ਲੋਕ ਸਾਹਿਤ ਵੱਲ ਝਾਤੀ ਮਾਰਦੇ ਹਾਂ ਤਾਂ ਉੱਥੇ ਇਸ ਰਿਸ਼ਤੇ ਨੂੰ ਬੜੇ ਹੀ ਭਾਵਪੂਰਤ ਕਮਾਲ ਤੇ ਸੋਹਣੇ ਸ਼ਬਦਾਂ ਵਿੱਚ ਚਿਤਰਿਆ ਗਿਆ ਹੈ। ਜਿਵੇਂ ਵੀਰ ਦੇ ਜਨਮ ਦੇ ਪਹਿਲੇ ਦਿਨ ਹੀ ਭੈਣ-ਭਰਾ ਪ੍ਰਤੀ ਮੋਹ ਤੇ ਨਿੱਘ ਇਉਂ ਰੂਪਮਾਨ ਕੀਤਾ ਮਿਲ਼ਦਾ ਹੈ।

ਜੰਮਦਾ ਹਰਿਆ ਪੱਟ ਵਲੇਟਿਆ
ਕੁੱਛੜ ਦੋਵੇ ਸਕੀਆਂ ਭੈਣਾਂ ਵੇ ਹੋ.....

ਇਸੇ ਤਰ੍ਹਾਂ ਜੇਕਰ ਕਿਸੇ ਘਰ ਰੱਬ ਪਹਿਲਾਂ ਧੀ ਦੇਵੇ ਤੇ ਕਾਫੀ ਸਮਾਂ ਕੋਈ ਹੋਰ ਨਵਾਂ ਜੀਅ ਨਾ ਆਵੇ ਤਾਂ ਘਰ ਦੀ ਧੀ ਵੀ ਆਪਣੇ ਰੱਬ ਕੋਲ਼ੋਂ ਆਪਣੇ ਵੀਰ ਦੀ ਮੰਗ ਕਰਦੀ ਹੈ ਤੇ ਆਪਣੇ ਲਈ ਭੈਣ ਦੀ ਲੋਚਾ ਹੀ ਰੱਖਦੀ ਹੈ। ਉਹ ਸਹਿਜ ਸੁਭਾਅ ਹੀ ਅਰਦਾਸ ਵਿੱਚ ਇਉਂ ਰੱਬ ਨੂੰ ਸੰਬੋਧਿਤ ਹੁੰਦੀ ਹੈ:-

ਇੱਕ ਵੀਰ ਦੇਈਂ ਵੇ ਰੱਬਾ
ਸੌਂਅ ਖਾਣ ਨੂੰ ਬੜਾ ਚਿਤ ਕਰਦਾ

ਜਦੋਂ ਪ੍ਰਮਾਤਮਾ ਘਰ ਵਿੱਚ ਅਜਿਹਾ ਸੁਭਾਗਾ ਸਮਾਂ ਲੈ ਆਵੇ ਤਾਂ ਭੈਣ ਦਾ ਚਾਅ ਸਭ ਤੋਂ ਨਿਵੇਕਲਾ ਹੁੰਦਾ ਹੈ ਤਾਂ ਉਹ ਖੀਵੀ ਹੋ ਕੇ ਆਪਣੇ ਮਨ ਦੀ ਖੁਸ਼ੀ ਦਾ ਪ੍ਰਗਟਾਵਾ ਕਰਦੀ ਹੈ, ਭਾਵੇਂ ਸਾਡੇ ਸਮਾਜ ਵਿਚਲੀ ਮਰਦ ਪ੍ਰਧਾਨ ਸਮਾਜ ਦੀ ਰਵਾਇਤ ਕਰਕੇ ਵੰਸ਼ ਦਾ ਨਾਮ ਪੁੱਤਰ ਨਾਲ਼ ਹੀ ਅੱਗ ਵਧਦਾ ਮੰਨਿਆ ਜਾਂਦਾ ਹੈ ਫਿਰ ਵੀ ਇੱਕ ਲੜਕੀ ਆਪਣੇ ਬਾਬਲ ਦੇ ਘਰ ਦੀ ਅਤੇ ਆਪਣੇ ਭਰਾ/ਵੀਰ ਦੀ ਖੈਰ-ਸੁੱਖ ਤੇ ਲੰਮੀ ਉਮਰ ਦੀ ਕਾਮਨਾ ਕਰਦੀ ਹੈ

ਦੋ ਵੀਰ ਦੇਈਂ ਵੇ ਰੱਬਾ
ਮੇਰੇ ਸਾਰੀ ਵੇ ਉਮਰ ਦੇ ਮਾਪੇ

ਆਪਣੇ ਛੋਟੇ-ਵੱਡੇ ਭਰਾਵਾਂ ਨਾਲ਼ ਬਾਬਲ ਦੇ ਵੇਹੜੇ ਖੁਸ਼ੀਆਂ ਮਾਣਦੀ ਕਦੋਂ ਜਵਾਨੀ ਦੀ ਦਹਿਲੀਜ਼ 'ਤੇ ਆ ਜਾਂਦੀ ਹੈ ਤੇ ਉਸਦੇ ਪਰਾਏ ਘਰ ਜਾਣ ਦੀਆਂ ਸਲਾਹਾਂ ਹੋਣ ਲੱਗਦੀਆਂ ਤਾਂ ਵੀ ਉਸਦੇ ਮਨ ਦਾ ਹਰ ਹੁਲਾਰਾ, ਹਰ ਖੁਸ਼ੀ ਆਪਣੇ ਭਰਾ/ਵੀਰ ਤੇ ਚਾਅ ਨਾਲ਼ ਹੀ ਉਡਾਰੀ ਭਰਦੀ ਹੈ। ਇੱਥੋਂ ਤੱਕ ਕਿ ਜਦ ਉਹ ਕਸੀਦਾ ਕੱਢਦੀ ਹੈ ਤਾਂ ਸਰ੍ਹਾਣਿਆਂ, ਚਾਦਰਾਂ 'ਤੇ ਆਪਣੇ ਵੀਰ ਦਾ ਨਾਓਂ ਉਕਰਦੀ ਹੈ। ਉਹ ਆਪਣੇ ਵੀਰ ਦੀ ਜਵਾਨੀ 'ਤੇ ਉਸਦੇ ਤਕੜੇ ਜੁੱਸੇ ਦਾ ਮਾਣ ਵੀ ਕਰਦੀ ਹੈ

ਜਿੱਥੇ ਵਜਦੀ ਬੱਦਲ਼ ਵਾਂਗ ਗੱਜਦੀ
ਕਾਲ਼ੀ ਡਾਂਗ ਮੇਰੇ ਵੀਰ ਦੀ।

ਇੱਕ ਥਾਂ ਹੋਰ ਵੀਰ ਦੀ ਸਰਦਾਰੀ ਦਾ ਜ਼ਿਕਰ ਭੈਣ ਦੇ ਮੂੰਹੋਂ ਇੰਜ ਹੋਇਆ ਮਿਲ਼ਦਾ ਹੈ

ਠਾਣੇਦਾਰ ਦੇ ਬਰੋਬਰ ਡਹਿੰਦੀ
ਕੁਰਸੀ ਮੇਰੇ ਵੀਰ ਦੀ

ਬਚਪਨ ਵਿੱਚ ਆਪਣੀ ਹਰ ਚੀਜ਼, ਖਿਡੌਣਾ ਤੇ ਕੁੱਝ

ਵੀ ਖਾਣ ਤੋਂ ਪਹਿਲਾਂ ਆਪਣੇ ਵੀਰ ਦੇ ਮੂੰਹ ਵਿੱਚ ਪਾਉਣਾ ਇਹ ਵੀ ਸਮਰਪਣ ਭੈਣ ਦੇ ਹਿੱਸੇ ਹੀ ਆਇਆ ਹੈ। ਵੀਰ ਮੋਹ ਵਿੱਚ ਭਿੱਜੀ ਭੈਣ ਲਈ ਆਪਣਾ ਵੀਰ ਹੀ ਸਾਰੀ ਦੁਨੀਆ ਹੁੰਦਾ ਹੈ ਤੇ ਉਸੇ ਦੁਆਲ਼ੇ ਹਰ ਖੁਸ਼ੀ ਘੁੰਮਦੀ ਹੈ। ਉਦੋਂ ਕਿਸੇ ਵੀ ਵੰਡ ਵਿਤਕਰੇ ਦਾ ਖਿਆਲ ਨਹੀਂ ਆਉਂਦਾ।ਉਹ ਹਮੇਸ਼ਾ ਆਪਣੇ ਵੀਰ ਦੀ ਲੰਬੀ ਉਮਰ ਅਤੇ ਉਸ ਦੇ ਜੀਵਨ ਵਿੱਚ ਖੁਸ਼ਹਾਲੀ ਦੇਖਣਾ ਚਾਹੁੰਦੀ ਹੈ।ਉਹ ਆਪਣੇ ਹਿੱਸੇ ਦੀਆਂ ਖੁਸ਼ੀਆਂ ਵੀ ਆਪਣੇ ਭਰਾ ਤੋਂ ਨਿਸ਼ਾਵਰ ਕਰ ਦੇਣਾ ਚਾਹੁੰਦੀ ਹੈ।ਇੱਕ ਭੈਣ ਰੱਖੜੀ ਦੇ ਧਾਗੇ ਰਾਹੀਂ ਸਾਰੀ ਉਮਰ ਭਰਾ ਨੂੰ ਦੁੱਖ-ਸੁੱਖ ਵਿੱਚ ਆਪਣੇ ਨਾਲ ਰਹਿਣ ਦੀ ਤਾਕੀਦ ਕਰਦੀ ਹੈ।ਲੋਕ-ਗੀਤਾਂ ਵਿੱਚ ਵੀ ਇਸ ਦਾ ਜ਼ਿਕਰ ਇਉਂ ਕੀਤਾ ਮਿਲਦਾ ਹੈ:-

ਭੈਣ ਕੋਲੋਂ ਵੀਰ ਵੇ ਬੰਨ੍ਹਾ ਲੈ ਰੱਖੜੀ
ਸੋਹਣੇ ਜਿਹੇ ਗੁੱਟ 'ਤੇ ਸਜਾ ਲੈ ਰੱਖੜੀ

ਭੈਣ ਕਦੇ ਵੀ ਆਪਣੇ ਭਰਾ ਤੋਂ ਦੂਰ ਨਹੀਂ ਜਾਣਾ ਚਾਹੁੰਦੀ, ਇਸੇ ਲਈ ਉਹ ਰੱਬ ਅੱਗੇ ਇਉਂ ਅਰਦਾਸ ਕਰਦੀ ਹੈ:-

ਭੈਣ ਭਰਾਵਾਂ ਦਾ ਰੱਬ ਨਾ ਵਿਛੋੜਾ ਪਾਵੇ

ਪਰ ਦੁਨੀਆਂ ਦੀਆਂ ਰੀਤਾਂ ਅਨੁਸਾਰ ਮੁਟਿਆਰ ਹੋਣ 'ਤੇ ਕੁੜੀਆਂ ਨੂੰ ਸਹੁਰੇ ਘਰ ਜਾਣਾ ਪੈਂਦਾ ਹੈ।ਉਦੋਂ ਵੀ ਉਸ ਨੂੰ ਆਪਣੇ ਬਾਪ ਦੇ ਨਾਲ-ਨਾਲ ਭਰਾ ਦਾ ਵੀ ਮਾਣ ਹੁੰਦਾ ਹੈ।ਭਰਾ ਵੀ ਬੜੇ ਹੀ ਚਾਵਾਂ-ਮਲਾਰਾਂ ਨਾਲ ਆਪਣੀ ਭੈਣ ਦੇ ਵਿਆਹ ਦੇ ਸਾਰੇ ਕਾਰਜ ਹੱਥੀਂ ਕਰਦਾ ਹੈ ਅਤੇ ਫਿਰ ਭਰੇ ਮਨ ਨਾਲ ਭੈਣ ਨੂੰ ਡੋਲੀ ਪਾਉਂਦਾ ਹੈ।ਪਹਿਲੇ ਜਮਾਨੇ ਵਿੱਚ ਭਰਾ ਭੈਣ ਦੀ ਡੋਲੀ ਨਾਲ ਉਸ ਦੇ ਸਹੁਰੇ ਘਰ ਜਾਂਦੇ ਸਨ ਅਤੇ ਦੂਜੇ ਦਿਨ ਜਦ ਸਜ-ਵਿਆਹੀ ਮੁਟਿਆਰ ਆਪਣੇ ਕੰਤ ਨਾਲ਼ ਪੇਕੇ ਘਰ ਫੇਰਾ ਪਾਉਣ ਆਉਂਦੀ ਤਾਂ ਉਸ ਦੇ ਭਰਾ ਘਰ ਵਾਪਸ ਆ ਜਾਂਦੇ ਸਨ। ਹੋ ਸਕਦਾ ਇਹ ਰਿਵਾਜ ਭਲਿਆਂ ਜ਼ਮਾਨਿਆਂ ਵਿੱਚ ਜਦ ਡਾਕੂ ਡੋਲੀ ਲੁੱਟਣ ਆ ਜਾਂਦੇ ਸਨ ਤਾਂ ਉਸ ਵਕਤ ਡੋਲੀ ਦੀ ਸਲਾਮਤੀ ਲਈ ਬਰਾਤ ਦੇ ਨਾਲ਼ ਨਾਲ਼ ਆਪਣਾ ਫਰਜ਼ ਪਛਾਣਦੇ ਹੋਏ ਭਰਾਵਾਂ ਨੂੰ ਡੋਲੀ ਦੇ ਨਾਲ਼ ਜਾਣ ਕਰ੍ਕੇ ਬਣਾਇਆ ਗਿਆ ਹੋਵੇ।ਪਰ ਵਰਤਮਾਨ ਸਮੇਂ ਜਿਵੇਂ ਸਾਰੇ ਰੀਤੀ ਰਿਵਾਜ ਬਦਲਣ ਦੇ ਨਾਲ਼-ਨਾਲ਼ ਸੁੰਗੜ ਵੀ ਗਏ ਹਨ ਤਾਂ ਇਸ ਵਿੱਚ ਵੀ ਬਦਲਾਅ ਆਉਣਾ ਲਾਜ਼ਮੀ ਹੈ

ਸਾਡੇ ਸੁਹਾਗ ਗੀਤਾਂ ਵਿੱਚ ਵੀ ਬਾਬਲ, ਚਾਚੇ, ਤਾਏ, ਬਾਬੇ ਤੇ ਅੰਮੜੀ ਦੇ ਰਿਸ਼ਤਿਆਂ ਦੇ ਨਾਲ਼ ਵੀਰੇ ਦਾ ਵੀ ਜ਼ਿਕਰ ਆਉਂਦਾ ਹੈ। ਜਿਵੇਂ ਡੋਲੀ ਤੋਰਨ ਵੇਲ਼ੇ ਭੈਣ ਭਰਾ ਉਦਾਸ ਹੁੰਦੇ ਹਨ ਤੇ ਭਾਬੋ ਦੇ ਮਨ ਵਿੱਚ ਖੁਸ਼ੀ ਹੁੰਦੀ ਹੈ ਕਿਉਂਕਿ ਨਣਦ ਦੇ ਸਹੁਰੇ ਜਾਣ ਤੋਂ ਬਾਅਦ ਉਸਦੀ ਪੂਰੇ ਘਰ ਪਰਿਵਾਰ ਤੇ ਇਕੱਲੀ ਦੀ ਮਾਲਕੀ ਬਣ ਜਾਵੇਗੀ।ਇਸ ਲਈ ਡੋਲੀ ਤੋਰਨ ਵੇਲੇ ਵੀ ਅਜਿਹਾ ਜ਼ਿਕਰ ਮਿਲਦਾ ਹੈ:-

ਵੀਰ ਦਾ ਭਿੱਜਾ ਰੁਮਾਲ
ਭਾਬੋ ਦੇ ਮਨ ਵਿੱਚ ਚਾਅ

ਸਹੁਰੇ ਘਰ ਜਾ ਕੇ ਵੀ ਭੈਣ ਭਰਾ ਮੋਹ ਤੋਂ ਦੂਰ ਨਹੀਂ ਜਾ ਸਕਦੀ, ਬਲਕਿ ਭੈਣ ਨਿੱਤ-ਦਿਨ ਆਪਣੇ ਭਰਾ ਨੂੰ ਮਿਲਣਾ ਲੋਚਦੀ ਹੈ ਤੇ ਹਮੇਸ਼ਾਂ ਰੱਬ ਅੱਗੇ ਵੀਰ ਦੀ ਲੰਮੀ ਉਮਰ ਤੇ ਪੇਕੇ ਘਰ ਵੱਲੋਂ ਠੰਢੀ ਹਵਾ ਦੇ ਬੁੱਲ੍ਹੇ ਦੀ ਕਾਮਨਾ ਕਰਦੀ ਹੈ। ਭੈਣ ਹਰ ਦਿਨ ਤਿਉਹਾਰ ਨੂੰ ਆਪਣੇ ਵੀਰ ਨੂੰ ਮਿਲਣ ਲਈ ਉਡੀਕਦੀ ਹੈ ਤੇ ਜਦੋਂ ਕੁਝ ਸਮਾਂ ਵੀਰ ਮਿਲਣ ਨਾ ਆ ਸਕੇ ਤਾਂ ਉਹ ਵੀਰ ਨੂੰ ਮਿਲਣ ਲਈ ਸੁਨੇਹਾ ਭੇਜਦੀ ਹੋਈ ਇਉਂ ਆਖਦੀ ਹੈ

ਤੈਨੂੰ ਵੀਰਾ ਦੁੱਧ ਦਾ ਛੰਨਾ
ਤੇਰੇ ਬੋਤੇ ਨੂੰ ਗਵਾਰੇ ਦੀਆਂ ਫ਼ਲੀਆਂ

ਜੇਕਰ ਕਦੇ ਕਿਸੇ ਲੜਕੀ ਦੀ ਸੱਸ ਆਪਣੇ ਕੰਜੂਸਪੁਣੇ ਕਰਕੇ ਨੂੰਹ ਦੇ ਭਰਾ ਦੀ ਖਾਤਰਦਾਰੀ ਨਾ ਕਰੇ ਤਾਂ ਉਹ ਸਹਿਜ ਸੁਭਾ ਹੀ ਸੱਸ ਨੂੰ ਸੁਣਾ ਦਿੰਦੀ ਹੈ

ਸੱਸ ਤੇਰੀ ਮਹਿੰ ਮਰਜੇ
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ

ਜੇਕਰ ਕਦੇ ਕਬੀਲਦਾਰੀ ਕਰਕੇ ਕਿਸੇ ਭੈਣ ਦਾ ਭਰਾ ਉਸ ਲਈ ਸੰਧਾਰਾ ਨਾ ਲਿਆ ਸਕੇ ਤਾਂ ਸੱਸ ਵੀ ਆਪਣੀ ਨੂੰਹ ਨੂੰ ਤਾਅਨਾ ਦੇਣ ਲੱਗੀ ਦੇਰ ਨਹੀਂ ਲਾਉਂਦੀ

ਤੈਨੂੰ ਤੀਆਂ ਤੇ ਲੈਣ ਨਾ ਆਏ
ਬਹੁਤਿਆਂ ਭਰਾਵਾਂ ਵਾਲ਼ੀਏ

ਲੜਕੀ ਨੂੰ ਆਪਣੇ ਪੇਕੇ ਤੇ ਖਾਸ ਕਰਕੇ ਆਪਣੇ ਭਰਾਵਾਂ 'ਤੇ ਬਹੁਤ ਮਾਣ ਹੁੰਦਾ ਹੈ। ਉਹ ਹਰ ਖੁਸ਼ੀ ਗਮੀ ਦੇ ਸਮੇਂ ਆਪਣੇ ਭਰਾਵਾਂ ਨੂੰ ਆਪਣੇ ਨਾਲ਼ ਖੜ੍ਹਾ ਦੇਖਣਾ ਚਾਹੁੰਦੀ ਹੈ ਤੇ ਸਹੁਰੇ ਘਰ ਵੀ ਆਪਣਾ ਰੋਅਬ ਇਸੇ ਮਾਣ ਕਰਕੇ ਹੀ ਰੱਖਦੀ ਹੈ। ਆਪਣੀ ਕਬੀਲਦਾਰੀ ਨਜਿੱਠਦਿਆਂ ਹਰ ਮੌਕੇ ਆਪਣੇ ਪੇਕੇ ਘਰ ਦਾ ਸਾਥ ਸ਼ਾਮਲ ਹੋਣਾ ਉਸ ਦੇ ਮਾਣ-ਸਤਿਕਾਰ ਵਿੱਚ ਵਾਧਾ ਕਰਦਾ ਹੈ। ਇਸ ਲਈ ਪਹਿਲੇ ਲੜਕੀ ਆਪਣਾ ਪਹਿਲਾ ਜਣੇਪਾ ਵੀ ਪੇਕੇ ਘਰ ਕੱਟਦੀ ਹੁੰਦੀ ਸੀ ਭਾਵੇਂ ਅੱਜ-ਕੱਲ੍ਹ ਇਹ ਰਿਵਾਜ ਘੱਟ ਹੁੰਦਾ ਜਾ ਰਿਹਾ ਹੈ। ਬੱਚਿਆਂ ਦੇ ਵੱਡੇ ਹੋਣ ਤੇ ਉਨ੍ਹਾਂ ਦੇ ਰਿਸ਼ਤੇ ਦੇਖਣ ਸਮੇਂ, ਮੰਗਣੇ, ਵਿਆਹਾਂ ਤੇ ਮਾਮੇ-ਮਾਮੀ, ਮਾਸੀ ਗੱਲ ਕੀ ਸਾਰੇ ਨਾਨਕੇ ਪਰਿਵਾਰ ਦਾ ਵਿਸ਼ੇਸ਼ ਰੋਲ ਤੇ ਸਤਿਕਾਰ ਹੁੰਦਾ ਹੈ। ਲੜਕੇ-ਲੜਕੀ ਦੇ ਵਿਆਹ 'ਤੇ ਉਨ੍ਹਾਂ ਦੇ ਵਿਆਹ ਦੇ ਤੇ ਮਾਂ ਦੇ ਕੱਪੜੇ ਨਾਨਕੇ ਤੇ ਪੇਕੇ ਘਰ ਵੱਲੋਂ ਲਿਆਂਦੇ ਜਾਂਦੇ ਹਨ। ਇੱਥੋਂ ਤੱਕ ਕਿ ਜ਼ਿੰਦਗੀ ਦੀ ਅੰਤਿਮ ਯਾਤਰਾ ਮੌਤ ਵੇਲ਼ੇ ਪੇਕੇ ਘਰ ਤੋਂ ਹੀ ਕਫਨ ਆਉਂਦਾ ਹੈ ਤੇ ਚਿਖਾ ਲਈ ਲੱਕੜੀਆਂ ਦੇ ਪੈਸੇ ਵੀ ਉਨ੍ਹਾਂ ਵੱਲੋਂ ਹੀ ਦਿੱਤੇ ਜਾਂਦੇ ਹਨ। ਇਸ ਲਈ ਇਸ ਰਿਸ਼ਤੇ ਦੀਆਂ ਗੰਢਾਂ ਬਹੁਤ ਹੀ ਪੀਡੀਆਂ ਹਨ।

ਵਰਤਮਾਨ ਸਮੇਂ ਜਿਵੇਂ ਸਾਇੰਸ ਤੇ ਤਕਨੀਕ ਨੇ ਤਰੱਕੀ ਕੀਤੀ ਹੈ ਸਾਡੇ ਸਮਾਜ, ਰਿਸ਼ਤਿਆਂ,

ਕਦਰਾਂ-ਕੀਮਤਾਂ, ਕਾਰ-ਵਿਹਾਰ ਵਿੱਚ ਬਹੁਤ ਤਰ੍ਹਾਂ ਦੀਆਂ ਤਬਦੀਲੀਆਂ ਆ ਗਈਆਂ ਹਨ। ਜੇਕਰ ਪੁਰਾਤਨ ਸਮੇਂ ਵੱਲ ਝਾਤ ਮਾਰੀਏ ਤਾਂ ਕਦੇ ਭੈਣ ਨੂੰ ਬਾਹਰ ਇਕੱਲੀ ਨਹੀਂ ਜਾਣ ਦਿੱਤਾ ਜਾਂਦਾ ਸੀ ਭਾਵੇਂ ਭਰਾ ਉਂਗਲ਼ ਫੜ ਕੇ ਤੁਰਨ ਜੋਗਾ ਹੋਵੇ ਉਸ ਨੂੰ ਘਰੋਂ ਬਾਹਰ ਜਾਣ ਸਮੇਂ ਨਾਲ਼ ਭੇਜਿਆ ਜਾਂਦਾ ਸੀ ਜੋ ਕਿ ਭੈਣ ਦਾ ਰਾਖਾ ਮੰਨਿਆ ਜਾਂਦਾ ਸੀ ਪਰ ਵਰਤਮਾਨ ਸਮੇਂ ਅਜਿਹਾ ਸਭ ਕੁਝ ਬਦਲ ਗਿਆ ਹੈ। ਅੱਜ ਮੋਹ, ਪਿਆਰ, ਨਿੱਘ ਤਾਂ ਖਤਮ ਹੀ ਹੋ ਗਿਆ ਲਗਦਾ ਹੈ। ਅੱਜ ਸੰਗ-ਸ਼ਰਮ, ਮਾਣ-ਮਰਿਆਦਾ ਇੱਥੋਂ ਤੱਕ ਕਿ ਡਰ ਵੀ ਖਤਮ ਹੋ ਚੁੱਕਾ ਹੈ।

ਪੱਛਮੀਕਰਨ ਦੀ ਨਕਲ, ਬਰਾਬਰਤਾ ਦੇ ਸੰਕਲਪ ਤੇ ਪੂੰਜੀਵਾਦ ਦੇ ਪ੍ਰਭਾਵ ਨੇ ਅੱਜ ਜੀਵਨ ਦੇ ਹਰ ਤੌਰ-ਤਰੀਕੇ ਨੂੰ ਪ੍ਰਭਾਵਿਤ ਕੀਤਾ ਤੇ ਇਸੇ ਦੀ ਭੇਟ ਸਾਡੇ ਰਿਸ਼ਤੇ-ਨਾਤੇ ਚੜ੍ਹ ਰਹੇ ਹਨ। ਬੇਸ਼ੱਕ ਪਰਿਵਰਤਨ ਸਮੇਂ ਦਾ ਨਿਯਮ ਹੈ ਤੇ ਹੋਣਾ ਵੀ ਚਾਹੀਦਾ ਹੈ ਪਰ ਅੱਜ ਅਸੀਂ ਇਸ ਦੇ ਅਰਥ ਆਪਣੀ ਲੋੜ ਅਨੁਸਾਰ ਤੇ ਮਨ-ਮਰਜ਼ੀ ਦੇ ਕੱਢ ਰਹੇ ਹਨ। ਆਧੁਨਿਕਤਾ ਦੇ ਨਾਮ ਹੇਠ ਪੂਰਾ ਤਾਣਾ-ਬਾਣਾ ਹੀ ਬਦਲਿਆ ਨਜ਼ਰ ਆਉਂਦਾ ਹੈ। ਸਮੇਂ ਦੇ ਹਾਣੀ ਬਣਨ ਦੀ ਦੌੜ ਵਿੱਚ ਅੱਗਾ ਦੌੜ ਪਿੱਛਾ ਚੌੜ ਵਾਲ਼ੀ ਸਥਿਤੀ ਆ ਗਈ ਹੈ। ਪੂੰਜੀਵਾਦ ਤੇ ਆਧੁਨਿਕਤਾਵਾਦ ਨੇ ਜਿੱਥੇ ਸਾਡੇ ਰੀਤੀ-ਰਿਵਾਜਾਂ, ਮਰਿਯਾਦਾਵਾਂ, ਸਾਡੇ ਪਰੰਪਰਾਗਤ ਸਮਾਜਕ ਸੱਭਿਆਚਾਰ ਨੂੰ ਪ੍ਰਭਾਵਿਤ ਕੀਤਾ ਹੈ ਉੱਥੇ ਪੈਸੇ ਦੀ ਪ੍ਰਧਾਨਤਾ ਤੇ ਮਨੁੱਖੀ ਹੋਂਦ ਦੀ ਅਵਹੇਲਣਾ ਆਮ ਵਰਤਾਰਾ ਬਣ ਗਿਆ ਹੈ। ਸਾਰਾ ਦਾਰੋਮਦਾਰ ਪੈਸੇ ਦੀ ਚਕਾਚੌਂਧ ਤੇ ਇਸੇ ਦੌੜ ਦੁਆਲ਼ੇ ਘੁੰਮ ਰਿਹਾ ਹੈ। ਖ਼ੂਨ ਦੇ ਰਿਸ਼ਤੇ ਵੀ ਪੈਸੇ ਦੀ ਛੋਹ ਤੋਂ ਦੂਰ ਨਹੀਂ ਹਨ ਤੇ ਇਸੇ ਲਈ ਮੋਹ ਦੀਆਂ ਤੰਦਾਂ ਅੱਜ ਜ਼ਾਰ-ਜ਼ਾਰ ਹੋ ਕੇ ਖਿੱਲਰ ਰਹੀਆਂ ਹਨ।


ਇਸੇ ਦੀ ਭੇਂਟ ਸਾਡੇ ਸਮਾਜ ਵਿਚਲਾ ਬਹੁਤ ਹੀ ਪਿਆਰਾ ਤੇ ਰੂਹ ਨੂੰ ਸਕੂਨ ਦੇਣ ਵਾਲ਼ਾ ਮਿੱਠਾ ਜਿਹਾ ਭੈਣ-ਭਰਾ ਦਾ ਰਿਸ਼ਤਾ ਵੀ ਚੜ੍ਹਿਆ ਹੈ ਜੋ ਭੈਣ-ਭਰਾ ਕਦੇ ਇੱਕ-ਦੂਜੇ ਦੀ ਜਿੰਦ-ਜਾਨ ਹੁੰਦੇ ਸਨ ਤੇ ਬਚਪਨ ਵਿੱਚ ਇੱਕ-ਦੂਜੇ ਨੂੰ ਵੇਖ ਕੇ ਜਿਊਂਦੇ ਸਨ ਅੱਜ ਸਮੇਂ ਦੀ ਭਿਆਨਕ ਕਰਵਟ ਨਾਲ਼ ਉਹ ਇੱਕ ਅਜਿਹੇ ਵਹਿਣ ਵਿੱਚ ਵਹਿ ਗਏ ਹਨ ਕਿ ਆਪਸੀ ਮੋਹ-ਪਿਆਰ, ਨਿੱਘ ਤੇ ਅਪਣੱਤ ਵਾਲ਼ੀ ਸਾਂਝ ਕਿਤੇ ਖੰਭ ਲਾ ਕੇ ਉਡ ਗਈ ਪ੍ਰਤੀਤ ਹੁੰਦੀ ਹੈ। ਪਹਿਲਾਂ ਭਰਾਵਾਂ-ਭਰਾਵਾਂ ਵਿੱਚ ਜਾਇਦਾਦ ਤੇ ਧਨ-ਦੌਲਤ ਨੂੰ ਲੈ ਕੇ ਆਪਸ ਵਿੱਚ ਬਟਵਾਰਾ ਹੁੰਦਾ ਸੀ ਤੇ ਕਈ ਵਾਰ ਇਹ ਬਟਵਾਰਾ ਜਾਨ ਦਾ ਖੌਅ ਵੀ ਬਣ ਜਾਂਦਾ ਸੀ ਤੇ ਉਸ ਸਮੇਂ ਭੈਣ ਨੂੰ ਘਰ ਦੀ ਧੀ ਹੋਣ ਦੇ ਨਾਤੇ ਸਾਂਝਾ ਜੀਅ ਸਮਝਿਆ ਜਾਂਦਾ ਸੀ। ਉਹ ਮਾਂ-ਪਿਓ ਦੀ ਥਾਂ ਜਾਂ ਉਨ੍ਹਾਂ ਦੇ ਨਾਲ਼ ਭਰਾਵਾਂ ਦਾ ਆਪਸੀ ਸਮਝੌਤਾ ਕਰਾਉਂਦੀ ਤੇ ਭਰਾ ਕਦੇ ਵੀ ਭੈਣ ਦੇ ਫੈਸਲੇ ਨੂੰ ਮੋੜਦੇ ਨਹੀਂ ਸਨ ਸਗੋਂ ਸਤ-ਬਚਨ ਕਹਿ ਕੇ ਸਭ ਮਨਜ਼ੂਰ ਕਰ ਲੈਂਦੇ ਸਨ ਪਰ ਅੱਜ ਦੇ ਪੈਸੇ ਦੇ ਯੁੱਗ ਨੇ ਇਸ ਰਿਸ਼ਤੇ ਵਿੱਚ ਵੀ ਕੁੜੱਤਣ ਭਰ ਦਿੱਤੀ ਹੈ। ਪਹਿਲਾਂ ਜਾਇਦਾਦ ਲਈ ਭਰਾਵਾਂ-ਭਰਾਵਾਂ ਵਿੱਚ ਬਟਵਾਰਾ ਹੁੰਦਾ ਸੀ ਅਤੇ ਭੈਣਾਂ ਹੱਥ ਦਾ ਦਿੱਤਾ ਲੈ ਕੇ ਜਾਂਦੀਆਂ ਸਨ, ਪਰ ਅੱਜ ਬਰਾਬਰਤਾ ਦਾ ਹੱਕ ਅਤੇ ਪੂੰਜੀਵਾਦ ਦੇ ਪ੍ਰਭਾਵ ਨੇ ਪੈਸੈ ਤੇ ਜਾਇਦਾਦ ਨੂੰ ਭੈਣ-ਭਰਾ ਦੇ ਰਿਸ਼ਤੇ ਵਿੱਚ ਵੀ ਕੰਧ ਵਾਂਗ ਖੜੇ ਕਰ ਦਿੱਤਾ ਹੈ। ਅੱਜ ਅਜਾਦੀ ਦੇ ਸੰਕਲਪ ਨੇ ਰਿਸ਼ਤਿਆਂ ਵਿਚਲੀ ਸੰਗ-ਸ਼ਰਮ ਅਤੇ ਆਪਸੀ ਸਾਂਝ ਨੂੰ ਲਗਭਗ ਖਤਮ ਹੀ ਕਰ ਦਿੱਤਾ ਹੈ। ਇਸੇ ਲਈ ਸਮਾਜ ਵਿੱਚ ਮਾਣ-ਮਰਿਯਾਦਾ ਅਤੇ ਨੈਤਿਕ ਕਦਰਾਂ-ਕੀਮਤਾਂ ਵਿੱਚ ਹੱਦ ਦਰਜੇ ਦਾ ਨਿਘਾਰ ਆ ਚੁੱਕਾ ਹੈ।


ਸੋ ਜਰੂਰਤ ਹੈ ਆਪਣੇ ਸਮਾਜ ਦੀਆਂ ਜੜ੍ਹਾਂ ਅਤੇ ਕਦਰਾਂ-ਕੀਮਤਾਂ ਨੂੰ ਪਛਾਨਣ ਦੀ, ਜੋ ਕਿ ਕਿਸੇ ਵੀ ਸਮਾਜ, ਸੱਭਿਅਤਾ ਅਤੇ ਸੱਭਿਆਚਾਰ ਦਾ ਅਧਾਰ ਹੁੰਦੇ ਹਨ। ਪਰਿਵਰਤਨ ਕੁਦਰਤ ਦਾ ਨਿਯਮ ਹੈ, ਪਰ ਇਸ ਵਿੱਚ ਸਹਿਜਤਾ ਵੀ ਜਰੂਰੀ ਹੈ। ਇਸ ਲਈ ਮਨੁੱਖ ਨੂੰ ਜਿੱਥੇ ਆਪਣੇ ਅਧਿਕਾਰਾਂ ਦੀ ਮੰਗ ਕਰਨੀ ਆਉਂਦੀ ਹੈ, ਉੱਥੇ ਨੈਤਿਕ ਜਿੰਮੇਵਾਰੀ ਵੀ ਪਛਾਨਣੀ ਚਾਹੀਦੀ ਹੈ। ਇਸ ਲਈ ਭੈਣ-ਭਰਾ ਵਰਗੇ ਨਿੱਘੇ, ਕੋਮਲ, ਰੂਹ ਦੇ ਸਕੂਨ ਤੇ ਖ਼ੂਨ ਦੇ ਰਿਸ਼ਤੇ ਨੂੰ ਬਚਾਉਣ ਅਤੇ ਸਿੰਜਣ ਦੀ ਬਹੁਤ ਜਿਆਦਾ ਲੋੜ ਹੈ। ਇਸ ਰਿਸ਼ਤੇ ਵਿੱਚ ਦੋਨੋਂ ਪਾਸਿਉਂ ਲੋੜ ਅਤੇ ਫਰਜ਼ ਨੂੰ ਸਮਝ ਕੇ ਹੀ ਇਸ ਪਵਿੱਤਰ ਰਿਸ਼ਤੇ ਨੂੰ ਬਚਾਇਆ ਅਤੇ ਵਧਾਇਆ ਜਾ ਸਕਦਾ ਹੈ ਜੋ ਕਿ ਕਿਸੇ ਵੀ ਸੱਭਿਅਕ ਸਮਾਜ ਦੀ ਜਿੱਥੇ ਮੁਢਲੀ ਲੋੜ ਹੈ, ਉੱਥੇ ਪਹਿਚਾਣ ਵੀ ਹੈ। ਇਹ ਸਿਰਫ ਸਾਡੇ ਪੰਜਾਬੀ ਸਮਾਜ ਤੇ ਸੱਭਿਆਚਾਰ ਦੇ ਹੀ ਹਿੱਸੇ ਆਇਆ ਹੈ। ਪੱਛਮੀ ਜੀਵਨ ਸ਼ੈਲੀ ਵਿੱਚ ਰਿਸ਼ਤਿਆਂ ਦੀ ਖਿੱਚ ਤੇ ਪਵਿੱਤਰਤਾ ਘੱਟ ਹੀ ਦਿਖਾਈ ਦਿੰਦੀ ਹੈ।

**ਹਵਾਲੇ ਅਤੇ ਟਿੱਪਣੀਆਂ**

ਲੋਕ-ਸਾਹਿਤ ਦੇ ਤੱਥਾਂ ਅਤੇ ਸਰੋਤਾਂ ਦੇ ਅਧਾਰ 'ਤੇ

**ਮਾਤਾ ਸਾਹਿਬ ਕੌਰ ਖਾਲਸਾ ਕਾਲਜ**
**ਤਲਵੰਡੀ ਭਾਈ, ਫਿਰੋਜ਼ਪੁਰ।**



# ਪੰਜਾਬ ਦੀ ਕਸੀਦਾਕਾਰੀ ਵਿੱਚ ਵਰਤੇ ਜਾਂਦੇ ਕਲਾ ਦੇ ਸਿਧਾਂਤ: ਸਹੁਜਾਤਮਕ ਵਿਸ਼ਲੇਸ਼ਣ / ਹਰਪ੍ਰੀਤ ਕੌਰ ਕਾਹਲੋਂ

ਕਸੀਦਾਕਾਰੀ ਕਿਸੇ ਵੀ ਸਿੱਖਿਆ ਦੀ ਮੁਹਤਾਜ ਨਹੀਂ ਹੁੰਦੀ। ਕੁਦਰਤ ਦੁਆਰਾ ਰਚਿਤ ਹੁਸੀਨ ਦ੍ਰਿਸ਼ ਆਦਿ ਕਾਲ ਤੋਂ ਹੀ ਮਨੁੱਖ ਨੂੰ ਸੁੰਦਰਤਾ ਪ੍ਰਤੀ ਹਮੇਸ਼ਾ ਆਕਰਸ਼ਤ ਕਰਦੇ ਰਹੇ ਹਨ। ਇਤਿਹਾਸਕ ਕਾਲ ਦੌਰਾਨ ਕੰਧਾਂ ਉਪਰ ਚਿਤਰਤ ਦ੍ਰਿਸ਼ ਦੱਸਦੇ ਹਨ ਕਿ ਮਨੁੱਖ ਨੂੰ ਸਮੇਂ ਨੇ ਕਿਵੇ ਸਿਰਜਨਾ ਸ਼ਕਤੀ ਦਿੱਤੀ ਹੈ। ਇਹੀ ਕਾਰਨ ਹੈ ਕਿ ਕੁਦਰਤ ਨੇ ਮਨੁੱਖ ਜਾਤੀ ਨੂੰ ਬਾਕੀ ਜੀਵਾਂ ਜੰਤੂਆਂ ਤੋਂ ਵੱਖਰਾ ਰੱਖਿਆ ਹੈ। ਸਿਰਜਣਾ ਕਿਰਿਆ ਜਿੰਦਗੀ ਦਾ ਧੁਰਾ ਹੈ।

ਬਸੰਤ ਰੁੱਤੇ ਚੜਦੇ ਸੂਰਜ ਦੀ ਲਾਲੀ ਜਦੋਨ ਸਰੋਂ ਵਾਲੇ ਖੇਤ ਤੇ ਪੈਂਦੀ ਤਾਂ ਇੰਜ ਲੱਗਦਾ ਹੈ ਜਿਵੇਂ ਪੀਲੇ ਧਾਗੇ ਨਾਲ ਹਰੇ ਬਾਗ ਤੇ ਕਸੀਦਾ ਕੱਢਿਆ ਹੋਵੇ। ਕਸੀਦਾਕਾਰ ਔਰਤ ਜਿਸ ਦੀ ਜਾਨ ਹੀ ਇਨ੍ਹਾਂ ਖੇਤਾ ਵਿੱਚ ਧੜਕਦੀ ਹੈ ਕਿਵੇਂ ਅਜਿਹੇ ਦ੍ਰਿਸ਼ ਨੂੰ ਅਪਣੇ ਬਾਗ ਜਾਂ ਫੁਲਕਾਰੀ ਉੱਤੇ ਸਿਰਜੇ ਬਗੈਰ ਰਹਿ ਸਕਦੀ ਹੈ। ਕੁਦਰਤ ਦੀਆਂ ਅਜਿਹੀਆਂ ਅਨੇਕਾਂ ਹੀ ਫੁਲਕਾਰੀਆਂ ਪੰਛੀ ਜਗਤ ਤੇ ਬਨਸਪਤੀ ਦੇ ਸੁਮੇਲ ਦੁਆਰਾ ਸਿਰਜੀਆਂ ਮਿਲਦੀਆਂ ਹਨ। ਇਹ ਸਭ ਅਪਣੇ ਸਹੁੱਪਣ ਨੂੰ ਬਿਆਨ ਕਰਦੇ ਹਨ। ਸੂਰਜ ਦੀ ਪਹਿਲੀ ਕਿਰਨ ਨਾਲ ਚਹਿਕਹਾਉਂਦੇ ਪੰਛੀਆਂ ਦੀ ਡਾਰਾਂ ਦਰੱਖਤਾਂ ਤੋਂ ਉੱਡਦੀਆਂ ਹਨ ਤਾਂ ਕਿਸੇ ਮੁਟਿਆਰ ਦੇ ਦੁਪੱਟੇ ਜਾਂ ਫੁਲਕਾਰੀ ਤੇ ਉੱਕਰੀਆਂ ਚਿੜੀਆਂ ਤੇ ਮੋਰ ਸਾਡੇ ਮਨੋਭਾਵਾਂ ਨੂੰ ਬਿਆਨ ਕਰਦੀਆਂ ਹਨ। ਫਰਕ ਸਿਰਫ ਵੇਖਣ ਵਾਲੇ ਦੀ ਅੱਖ ਅਤੇ ਸੁਣਨ ਵਾਲੇ ਦੇ ਕੰਨਾਂ ਦਾ ਹੀ ਹੈ ਕਿ ਉਹ ਕਿਵੇਂ ਦੇਖਦਾ ਤੇ ਮਹਿਸੂਸ ਕਰਦਾ ਹੈ। ਫੁਲਕਾਰੀ, ਦੁਪੱਟੇ, ਬਾਗ, ਰੁਮਾਲ ਆਦਿ ਤੇ ਸੁਨਹਿਰੀ ਰੰਗ ਨਾਲ ਕੀਤੀ ਕਢਾਈ ਬਿਲਕੁਲ ਸੂਰਜ ਦੇ ਸਮਾਨ ਦਰਜਾ ਰੱਖਦੀ ਹੈ ਅਤੇ ਚਾਂਦੀ ਰੰਗੇ ਧਾਗੇ ਨਾਲ ਕਢਾਈ ਚੰਦਰਮਾ ਦੀ। ਸੁਨਹਿਰੀ ਰੰਗ ਰੋਹਬ, ਖੁੱਲੇਪਣ, ਦਿਲੇਰੀ, ਹੈਂਕੜ, ਸੋੜੇਪਣ ਅਤੇ ਵਡਿਆਈ ਦੀ ਨਿਸ਼ਾਨੀ ਹੈ। ਸਾਉਣ ਦੇ ਮਹੀਨੇ ਅੰਬਰਾਂ ਚੜੀਆਂ ਘਟਬਾਵਾਂ ਅੰਦਰ ਅਸਮਾਨੀ ਉੱਡਦੇ ਦੁੱਧ ਚਿੱਟੇ ਬਗਲੇ ਦੇਖਣ ਵਾਲੀ ਅੱਖ ਨੂੰ ਇੰਝ ਜਾਪਦੇ ਹਨ ਜਿਵੇਂ ਕੁਦਰਤ ਦੀ ਗੂੜੀ ਸੁਰਮਈ ਫੁਲਕਾਰੀ ਉਪਰ ਕਸੀਦਾਕਾਰੀ ਨੇ ਪੰਛੀ ਪਰੋ ਦਿੱਤੇ ਹੋਣ।

ਕੁਦਰਤ ਦੁਆਰਾ ਕੀਤੀ ਅਜਿਹੀ ਕਢਾਈ ਮਨੁੱਖੀ ਕਢਾਈ ਤੋਂ ਕਿਤੇ ਵੱਧ ਸਹੁੱਪਣ ਬਿਆਨ ਕਰ ਰਹੇ ਹਨ। ਰੰਗ-ਬਰੰਗੇ ਪੰਛੀ ਇਸ ਤਰ੍ਹਾਂ ਉਡਾਰੀਆਂ ਭਰਦੇ ਹਨ ਜਿਵੇਂ ਕਿਸੇ ਨੇ ਵੱਡੇ ਸਾਰੇ ਬਾਗ ਤੇ ਕੁਦਰਤ ਨੇ ਵੱਖੋ-ਵੱਖਰੇ ਨਮੂਨੇ ਸੂਈ ਧਾਗੇ ਸਾਕਾਰ ਕੀਤੇ ਹੋਣ।

ਮਨੁੱਖ, ਖਾਸ ਕਰਕੇ ਔਰਤ/ਮੁਟਿਆਰ ਅਪਣੇ-ਆਪ ਨੂੰ ਕੇਵਲ ਇਸ ਲਈ ਹੀ ਨਹੀ ਸ਼ਿੰਗਾਰਦੀ ਕਿ ਉਹ ਦੂਜਿਆ ਨਾਲੋਂ ਸੁੰਦਰ ਅਤੇ ਵੱਖਰੀ ਦਿੱਖ ਸਨੇ ਸਗੋਂ ਉਸ ਵੱਲੋਂ ਧਾਰਨ ਕੀਤੇ ਜਾਣ ਵਾਲੇ ਵੱਖੋ-ਵੱਖਰੇ ਕੱਪੜੇ ਜਾਂ ਉਹ ਚੀਜਾਂ ਜਿਨ੍ਹਾਂ ਨੂੰ ਔਰਤ ਘਰ ਨੂੰ ਸਜਾਉਣ ਲਈ ਵਰਤਦੀ ਹੈ ਕੇਵਲ ਸ਼ਿੰਗਾਰ ਮਾਤਰ ਹੀ ਨਹੀਂ ਉਸਦੀ ਮਾਨਸਿਕਤਾ, ਜਣਨ ਸਮਰੱਥਾ ਸਭਿਆਚਾਰਕ ਵਤੀਰਾ ਆਦਿ ਤੇ ਡੂੰਘਾ ਅਸਰ ਪਾਉਂਦੇ ਹਨ।

ਕਸੀਦਾਕਾਰੀ ਦੀਆਂ ਵਸਤਾਂ ਉਪਰ ਉੱਕਰੇ ਨਮੂਨਿਆਂ ਤੋਂ ਕਈ ਤੱਥ ਅਜਿਹੇ ਤੱਥ ਸਾਹਮਣੇ ਆਏ ਜੋ ਕਈ ਚੀਜਾਂ-ਵਸਤਾਂ ਬਣਾਉਣ ਤੇ ਹੰਢਾਉਣ ਵਾਲੇ ਵੀ ਪਤਾ ਨਹੀਂ ਹੁੰਦੇ। ਇੱਥੋ ਤਕ ਕਿ ਵਸਤਾਂ ਵਿੱਚ ਵੱਖੋ-ਵੱਖਰੇ ਰੰਗਾ ਦੇ ਧਾਗਿਆਂ ਨਾਲ ਕੀਤੀ ਕਢਾਈ ਦੇ ਰੰਗ ਅਪਣੇ ਆਪ ਵਿੱਚ ਬਹੁਤ ਮਹੱਤਤਾ ਰੱਖਦੇ ਹਨ। ਲਾਲ ਰੰਗ ਜੋ ਫੁਲਕਾਰੀ ਜਾਂ ਬਾਗ ਦਾ ਮੁਢਲਾ ਰੰਗ ਹੈ, ਜਿਸ ਦਾ ਸੰਬੰਧ ਸੁਹਾਗ ਨਾਲ ਜੋੜਿਆ ਜਾਂਦਾ ਹੈ। ਪਰ ਕਲਾ ਦੇ ਖੇਤਰ ਵਿੱਚ ਲਾਲ ਰੰਗ ਊਰਜਾ ਨੂੰ ਦਰਸਾਉਂਦਾ ਹੈ। ਜਾਮਣੀ ਤੇ ਨੀਲਾ ਰੰਗ ਅਜਾਦੀ ਦਰਸਾਉਂਦਾ ਹੈ। ਹਰਾ ਰੰਗ ਚੰਗੀ ਕਿਸਮਤ ਦਾ ਪ੍ਰਤੀਕ ਹੈ, ਪੀਲਾ ਰੰਗ ਖੁਸ਼ੀ ਦਾ ਪ੍ਰਤੀਕ ਹੈ। ਕਸੀਦਾਕਾਰੀ ਚੀਜਾਂ ਵਿੱਚ ਇੱਕ ਨਿਰਧਾਰਤ ਸਪੇਸ ਵਿੱਚ ਵੱਖ-ਵੱਖ ਨਮੂਨਿਆਂ ਨੂੰ ਸਿਰਜਿਆ ਜਾਂਦਾ ਹੈ।

ਬਹੁਤ ਹੀ ਸੀਮਤ ਅਤੇ ਨਿਰਧਾਰਤ ਸਪੇਸ ਵਿੱਚ ਵੱਖ-ਵੱਖ ਅਕਾਰਾਂ ਜਾਂ ਡਿਜਾਇਨਾਂ ਨੂੰ ਪ੍ਰਗਟਾਉਣ ਲਈ ਕਲਾਤਮਕ ਪ੍ਰਤਿਭਾ ਚਾਹਿਦੀ ਹੈ। ਖਲਾਅ ਦੀ ਵਰਤੋਂ ਵਸਤੂ ਦੇ ਅਰਥ, ਸ਼ਕਤੀ ਅਤੇ ਚਿੰਤਨ ਦੇ ਹੋਣ ਦਾ ਸੂਚਕ ਕਲਾਕਾਰਾਂ ਤੋਂ ਭਲੀ-ਭਾਂਤ ਹੀ ਪ੍ਰਗਟ ਹੁੰਦਾ ਹੈ। ਇਹੋਂ ਅਰਥ, ਭਾਵਨਾਂਵਾਂ ਆਦਿਮ ਕਾਲ ਦੇ ਮਨੁੱਖ ਦੇ ਤਾਵੀਜ਼ਾ ਵਿੱਚ ਵੀ ਮਿਲਦੇ ਹਨ।

ਜੀ.ਈ. ਮੂਰੇ ਅਪਣੀ ਪੁਸਤਕ ਪ੍ਰਿੰਸੀਪਲ ਏਥੀਕ ਵਿੱਚ ਲਿਖਦੇ ਹਨ ਕਿ "ਸੁੰਦਰਤਾ ਜਦੋਂ ਸੱਚ-ਮੁੱਚ ਦੀਆਂ ਵਸਤਾਂ ਵਿੱਚ ਮਿਲਦੀ ਹੈ ਤਾਂ ਕਾਲਪਨਿਕ ਵਸਤਾਂ ਵਿੱਚੋਂ ਲੱਭਣ ਦੀ ਕੋਈ ਲੋੜ ਨਹੀਂ ਉਨ੍ਹਾਂ ਦਾ ਵਿਚਾਰ ਹੈ ਕਿ ਚੁਫੇਰੇ ਕੁਦਰਤ ਵਿੱਚ ਇੰਨੀ ਬੇਥਿਆਹ ਸੁੰਦਰਤਾ ਹੈ ਜਿਹੜੀ ਬਣਾਵਟੀ ਸੁੰਦਰਤਾ ਨਾਲੋਂ ਕਿਤੇ ਵੱਧ ਉੱਚ ਕੋਟੀ ਦੀ ਹੈ। ਜਿਹੜੀ ਅੰਤਾਂ ਦੀ ਸਾਫ ਸੁਥਰੀ ਤੇ ਪਵਿੱਤਰ ਹੈ"।(1)

ਸੁੰਦਰਤਾ ਸੱਚ ਹੋਣ ਦੇ ਨਾਲ-ਨਾਲ ਲੋਕਿਕਤਾ ਵਿੱਚੋਂ ਜੰਮਿਆ ਅਲੋਕਿਕ ਸੁਪਨਾ ਹੁੰਦੀ ਹੈ।(2)

ਕਲਾ ਨੂੰ ਪਹਿਲਾਂ ਕਾਲਪਨਿਕ, ਸੂਖਮ, ਖਿਲਾਰੀ ਅਤੇ ਅਧਿਆਤਮਕ ਵਸਤੂ ਕਿਹਾ ਜਾਂਦਾ ਸੀ ਪਰ ਅੱਜ ਇਸ ਨੂੰ ਦ੍ਰਿਸਟਮਾਨ ਅਤੇ ਪ੍ਰਤੱਖ ਵਸਤੂ ਮੰਨਿਆ ਗਿਆ ਹੈ।(3)

ਕਿਸੇ ਵੀ ਤਰ੍ਹਾਂ ਦੀ ਕਲਾ ਅਤੇ ਉਸਦੇ ਪ੍ਰਤੀਰੂਪ ਯੋਜਨਾ ਬੱਧ ਪ੍ਰਣਾਲੀ ਵਿੱਚੋਂ ਗੁਜਰਨਾ ਪੈਂਦਾ ਹੈ। ਕਸੀਦਾਕਾਰੀ

ਦੀ ਕਲਾ ਅਪਣੇ ਆਪ ਵਿੱਚ ਇੱਕ ਸੂਖਮ ਅਤੇ ਜਲਿਟ ਪ੍ਰਕਿਰਿਆ ਦਾ ਪ੍ਰਤੀਫਲ ਹੈ।ਕਸੀਦਾਕਾਰੀ ਦੀ ਕੋਈ ਵਸਤੂ ਅਪਣੇ ਅਤਮ ਰੂਪ ਵਿੱਚ ਪ੍ਰਸ਼ਤੁਤ ਹੋਣ ਤੋਂ ਪਹਿਲਾਂ ਇੱਕ ਵਿਸਤ੍ਰਿਤ ਅਤੇ ਲਮੇਰੀ ਕਿਰਿਆ ਵਿੱਚੋਂ ਗੁਜਰਦਾ ਹੈ।ਇਹ ਪ੍ਰਕਿਰਿਆ ਕੱਪੜਾ, ਧਾਗਾ, ਮੋਤੀ ਆਦਿ ਵਸਤਾਂ ਲਈ ਲੋੜੀਂਦੀ ਅਧਾਰ ਸਮੱਗਰੀ ਦੀ ਪ੍ਰਾਪਤੀ ਤੋਂ ਕੱਪੜੇ ਦੀ ਬੁਣਾਈ ਅਤੇ ਸਿਲਾਈ ਤੋਂ ਕਢਾਈ ਤੱਕ ਪਸਰੀ ਹੋਈ ਹੈ।ਕਸੀਦਾਕਾਰੀ ਦੀ ਕਲਾ ਵਸਤੂ ਨੂੰ ਬਾਣਉਣ ਵਾਲੇ ਅਤੇ ਵਸਤੂ ਨੂੰ ਹੰਢਉਣ ਵਾਲਿਆਂ ਦੀਆਂ ਭਾਵਨਾਵਾਂ ਤੋਂ ਸਿੱਧੇ-ਅਸਿੱਧੇ ਰੂਪ ਵਿੱਚ ਪ੍ਰਭਾਵਿਤ ਜਰੂਰ ਹੰਦੀ ਹੈ।

"ਕਸੀਦਾਕਾਰੀ ਦੀ ਕਲਾ ਦਾ ਉਦੇਸ਼ ਤੇ ਆਦਰਸ਼ ਇਹ ਬਣਦਾ ਹੈ ਕਿ ਉਹ ਮਨੁੱਖੀ ਚੇਤਨਾ ਨੂੰ ਸੰਵੇਦਨਸ਼ੀਲ ਬਣਾਈ ਰੱਖੇ, ਇਨ੍ਹਾਂ ਵਿਚਲੀ ਸੰਵੇਦਨਸ਼ੀਲਤਾ ਨੂੰ  ਇਕ ਪੈਂਡੂ ਔਰਤ ਹੀ ਵਸਤਾਂ ਨੂੰ ਅਪਣੇ ਅੰਤਰੀਵ ਦੀਆਂ ਸੱਧਰਾਂ ਨਾਲ ਉਲੀਕਦੀ ਹੈ, ਗ੍ਰਹਿਣ ਕਰਦੀ ਹੋਈ, ਕਿਸੇ ਉੱਚੇ ਪੱਧਰ ਦੀ ਕਲਾਕਿਤ ਦਾ ਜਨਮਦਾਤਾ ਬਣਕੇ ਅਪਣੇ ਸਮਨਾਲੀ ਸਮਾਜ ਲਈ ਕਿਸੇ ਵਿਸ਼ੇਸ ਕਲਾਨਿਧੀ ਨੂੰ ਪ੍ਰਸਤੁਤ ਕਰਦੀ ਹੈ। (4)

ਕਸੀਦਾਕਾਰੀ ਵਿੱਚ ਵਰਤੇ ਜਾਣ ਵਾਲੇ ਧਾਗਿਆਂ ਦੇ ਰੰਗ ਕੁਦਰਤ ਦੇ ਰੰਗਾਂ ਤੋਂ ਲਏ ਜਾਦੇ ਹਨ ਜਿਵੇਂ ਲਾਲ, ਪਿਲਾ, ਨੀਲਾ ਆਦਿ।ਜਿੱਥੋ ਤੱਕ ਕਸੀਦਾਕਾਰੀ ਵਿੱਚ ਉਕਰੇ ਨਮੂਨਿਆਂ ਅਤੇ ਅਕਾਰਾਂ ਦਾ ਸੰਬੰਧ ਹੈ ਸਾਰੇ ਕੁਦਰਤ ਤੋਂ ਹੀ ਲਏ ਗਏ ਹਨ ਜਿਵੇਂ ਬਨਸਪਤੀ, ਪੰਛੀ, ਜਾਨਵਰ ਆਦਿ।ਕਸੀਦਾਕਾਰੀ ਦੀਆਂ ਵਸਤਾਂ ਤੋਂ ਉਕਰੇ ਅਕਾਰਾਂ ਪਿੱਛੇ ਸਾਡੇ ਸਰੀਰ ਦੀ ਬਣਤਰ ਅਤੇ ਮਨੋਵਿਗਿਆਨਕ ਸੋਚ ਕੰਮ ਕਰਦੀ ਹੈ ਭਾਵੇਂ ਸਮੇਂ ਦੇ ਬਦਲਣ ਨਾਲ ਵਸਤਾਂ ਤੇ ਉਕਰੇ ਅਕਾਰਾਂ ਵਿੱਚ ਵੀ ਤਬਦੀਲੀ ਆਈ ਹੈ ਪਰ ਇਨ੍ਹਾਂ ਦਾ ਮੁੱਢ ਕੁਦਰਤ ਹੀ ਹੈ ਅਤੇ ਅਕਾਰ ਬਦਲਣ ਨਾਲ ਇਨ੍ਹਾਂ ਦੀ ਵਾਸਤਵਿਕਤਾ ਤੇ ਕੋਈ ਫਰਕ ਨਹੀਂ ਪਿਆ। ਕਸੀਦਾਕਾਰੀ ਵਿੱਚ ਵਰਤੇ ਜਾਣ ਵਾਲੇ ਬਿੰਬ-ਪ੍ਰਤੀਕ, ਆਕਾਰ ਅਤੇ ਚਿੰਨ੍ਹ ਆਦਿ ਪਿੱਛੇ ਇੱਕ ਗੂੜੀ ਸੋਝੀ ਕੰਮ ਕਰਦੀ ਹੈ ਕਿਉਂਕਿ ਕੁਦਰਤ ਹਰੇਕ ਪਾਸੇ ਪੈਰ ਪਸਾਰੀ ਬੈਠੀ ਹੈ।

**ਹਵਾਲੇ ਅਤੇ ਟਿੱਪਣੀਆਂ**


1. ਡਾ. ਸਰੋਜ ਚਮਨ, ਸੋਂਦਰਯ ਸ਼ਾਸਤਰ, ਪੰਨਾ-1
2. ਉਮਪ੍ਰਕਾਸ਼ ਗਾਸੋ, ਪੰਜਾਬੀ ਸੱਭਿਆਚਾਰਕ, ਸੌਂਦਰਯ, ਪੰਨਾ-3
3. ਐਸ.ਐਸ.ਚਾਵਲਾ, ਕਲਾ ਅਧਿਆਪਨ, ਪੰਨਾ-10
4. ਉਮ ਪ੍ਰਕਾਸ਼ ਗਾਸੋ, ਪੰਜਾਬੀ ਸਭਿਆਚਾਰ: ਸੋਂਦਰਯ ਸ਼ਾਸ਼ਤਰ ਪੰਨਾ-34



**ਗੁਰੂ ਨਾਨਕ ਗਰਲਜ਼ ਕਾਲਜ**
**ਲੁਧਿਆਣਾ।**


## ਬੋਲੀਆਂ / ਖੁਸ਼ਵੀਰ ਕੌਰ ਢਿੱਲੋਂ



ਅਸੀਂ ਮੰਗਣਾ ਮੁਲਤਵੀ ਕੀਤਾ
ਤੇ ਮੂਹਰੇ ਹੋ ਕੇ ਹੱਕ ਖੋਹ ਲਏ

ਅੱਡੀ ਮਾਰ ਕੇ ਧਮਾਲਾਂ ਪਾਇਓ
ਕਤਾਰ ਵਿੱਚ ਪਿੱਛੇ ਆਉਂਦੀਓ

ਅਸੀਂ ਪੁੱਤ ਹੋਣੋ ਇਨਕਾਰੀ
ਧੀਆਂ ਵਾਂਗੂ, ਧੀਆਂ ਪਾਲ ਲਓ

ਮੈਂ ਕੂਕਾਂ ਮਾਰ ਕੇ ਮੁਆਵਜ਼ਾ ਭਰਿਆ
ਮਾਏ ਨੀ ਤੇਰੀ ਲੰਮੀ ਚੁੱਪ ਦਾ

ਵਿੱਚ ਵਿਹੜੇ ਦੇ ਖਲੋ ਕੇ ਕੂਕ ਮਾਰੀ
ਪਿੱਤਰਾਂ ਦੀ ਨੀਂਦ ਉੱਡ ਗਈ

ਵੇਖ ਬੱਦਲਾਂ ਦਾ ਉਲਟ ਵਤੀਰਾ
ਮੈਂ ਆਪੇ ਉੱਤੇ, ਆਪੇ ਵਰ੍ਹ ਪਈ

ਅੱਖ ਸੂਰਜ ਦੀ ਅੱਖ ਵਿੱਚ ਪਾ ਕੇ
ਹੱਸੀਆਂ ਦੁਪਹਿਰ ਖਿੜੀਆਂ

ਮੈਂ ਖੜ੍ਹ ਨੇਰ੍ਹੇ ਨੂੰ ਲਲਕਰਾ ਮਾਰਿਆ
ਤੇ ਮਹਿਕ ਪਈਆਂ ਰਾਤ ਰਾਣੀਆਂ

ਸੁੰਨੇ ਰਾਹਾਂ ਤੇ ਕਰਾਂਗੀਆਂ ਪੈੜਾਂ
ਕਹਿਣਾ ਤਾਂ ਕਹਿ ਲਓ ਪੁਠ-ਪੈਰੀਆਂ


ਖਿੜੇ ਫੁੱਲਾਂ ਤੇ ਤਿਤਲੀਆਂ ਆਈਆਂ
ਮੁਹੱਬਤਾਂ ਦੇ ਵੱਲ ਸਿੱਖ ਲਓ

ਨੱਥ, ਮਛਲੀ ਤੇ ਲੌਂਗ-ਕੋਕਾ ਲਾਹ ਦਿੱਤੇ
ਨੱਕ ਤੇ ਗ਼ਰੂਰ ਪਹਿਨਣੈ

## ਪ੍ਰਵਾਸੀ ਔਰਤਾਂ ਦਾ ਦਵੰਦ ਸਿਰਜਦਾ ਨਾਵਲ – ਕੀ ਖੱਟਿਆ ਪ੍ਰਦੇਸ ? / ਤੇਜਿੰਦਰ ਚੰਡਿਹੋਕ

ਹਥਲੀ ਪੁਸਤਕ ''ਕੀ ਖੱਟਿਆ ਪ੍ਰਦੇਸ?'' ਪ੍ਰਵਾਸੀ ਲੇਖਕ ਗ ਸ ਨਕਸ਼ਦੀਪ ਪੰਜਕੋਹਾ ਦਾ ਤੇਰਵਾਂ ਨਾਵਲ ਹੈ ਜਿਸ ਨੂੰ ਉਸ ਨੇ ਦੋ ਭਾਗਾਂ ਵਿੱਚ ਵੰਡਿਆ ਹੈ। ਉਂਜ ਸਾਹਿਤ ਦੇ ਖੇਤਰ ਵਿੱਚ ਉਸ ਨੇ ਕਾਵਿ ਸੰਗ੍ਰਹਿ ਅਤੇ ਅੰਗਰੇਜ਼ੀ ਵਿੱਚ ਸਾਹਿਤ ਸਿਰਜਣਾ ਕੀਤੀ ਹੈ। ਇਹ ਨਾਵਲ ਇਕ ਤੋਂ ਗਿਆਰਾਂ ਕਾਂਡ ਪਹਿਲੇ ਹਿੱਸੇ ਵਿੱਚ ਅਤੇ ਬਾਰਾਂ ਤੋਂ ਵੀਹ ਦੂਜੇ ਭਾਗ ਵਿੱਚ ਕੁੱਲ 172 ਪੰਨਿਆਂ ਤੇ ਦਰਜ ਕੀਤੇ ਹਨ। ਅੱਜ ਦੀ ਨੌਜਵਾਨ ਪੀੜੀ ਜਿਸ ਤਰ੍ਹਾਂ ਆਪਣੇ ਉਜਲੇ ਭਵਿੱਖ ਲਈ ਆਪਣਾ ਦੇਸ਼ ਛੱਡ ਕੇ ਪ੍ਰਦੇਸ ਜਾ ਰਹੀ ਹੈ ਪਰ ਉਥੇ ਦੀਆਂ ਦਿੱਕਤਾਂ ਤੋਂ ਅਨਜਾਣ ਹਨ, ਵਿਸ਼ੇਸ਼ ਕਰਕੇ ਔਰਤਾਂ ਲਈ ਇਸ ਨਾਵਲ ਵਿਚ ਅੰਕਿਤ ਕੀਤਾ ਗਿਆ ਹੈ। ਨਾਵਲਕਾਰ ਨੇ ਪੁਸਤਕ ਉਸ ਮਿੱਤਰ ਨੂੰ ਸਮਰਪਿਤ ਕੀਤੀ ਹੈ ਜਿਹੜਾ ਅਮਰੀਕਾ ਦੇ ਵਜੀਫੇ ਨੂੰ ਠੁਕਰਾ ਕੇ ਆਪਣੇ ਦੇਸ਼ ਰਹਿਣ ਆ ਗਿਆ ਹੈ। ਨਾਵਲ ਦਾ ਪਾਠ ਕਰਦਿਆਂ ਜਾਣਕਾਰੀ ਹਾਸਲ ਹੁੰਦੀ ਹੈ ਕਿ ਇਸ ਨਾਵਲ ਦੀ ਨਾਇਕਾ ਚੰਨੋ ਅਤੇ ਨਾਇਕ ਗੁਰਦਾਸ ਜਿਹੜੇ ਪਤੀ ਪਤਨੀ ਹੋਣ ਦੇ ਨਾਲ ਨਾਲ ਗਰੀਬ ਪਰਿਵਾਰ ਨਾਲ ਸਬੰਧਤ ਹਨ, ਵਿੱਚੋ ਔਖੇ ਸੌਖੇ ਚੰਨੋ ਨੂੰ ਕੈਨੇਡਾ ਭੇਜਦੇ ਹਨ ਅਤੇ ਉਥੇ ਉਸ ਨੂੰ ਰਹੀਆਂ ਦਿੱਕਤਾਂ ਦਾ ਵਰਣਨ ਕਰਦਾ ਹੈ ਇਹ ਨਾਵਲ। ਇਹ ਨਾਵਲ ਦੋ ਦੇਸ਼ਾਂ ਭਾਰਤ ਅਤੇ ਕੈਨੇਡਾ ਦੀ ਕਹਾਣੀ ਪਾਉਂਦਾ ਹੈ। ਨਾਵਲ ਇਕੱਲਿਆਂ ਕੁੜੀਆਂ ਨੂੰ ਵਿਦੇਸ਼ ਭੇਜਣ ਤੋਂ ਗੁਰੇਜ਼ ਕਰਨ ਲਈ ਆਗਾਹ ਕਰਦਾ ਹੈ। ਦੋਨੋ ਪਤੀ ਪਤਨੀ ਇਕ ਦੂਜੇ ਪ੍ਰਤੀ ਪਹਿਲਾਂ ਜਿਸਮਾਨੀ ਤੌਰ ਤੇ ਵਫਾਦਾਰ ਦਿਖਾਏ ਗਏ ਹਨ ਪਰ ਤਰਸੇਮ ਸਿੰਘ , ਹਰਮੇਲ ਅਤੇ ਲਵਿੰਦਰ ਵਰਗੇ ਕਾਮ ਦੇ ਭੁੱਖੇ ਭੇੜੀਏ ਚੰਨੋ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਲਈ ਤਤਪਰ ਰਹਿੰਦੇ ਹਨ। ਨਾਵਲ ਵਿਚ ਬੇਸਹਾਰਾ ਔਰਤ ਬੀਨਾ ਨਾਲ ਬਲਾਤਕਾਰ ਦੀ ਕਹਾਣੀ ਵੀ ਸਾਹਮਣੇ ਆਉਂਦੀ ਹੈ।

ਨਾਵਲ ਦੀ ਕਹਾਣੀ ਅਨੁਸਾਰ ਤਰਸੇਮ ਭਾਵੇਂ ਵਿਆਹਿਆ ਹੋਇਆ ਹੈ ਅਤੇ ਉਸ ਦੀਆਂ ਦੋ ਧੀਆਂ ਹਨ ਪਰ ਫਿਰ ਵੀ ਉਹ ਚੰਨੋ ਨੂੰ ਕਿਰਾਏ ਦੇ ਪੱਜ ਹਵਸ਼ ਦਾ ਸ਼ਿਕਾਰ ਬਣਾਉਣ ਦਾ ਯਤਨ ਕਰਦਾ ਹੈ। ਉਹ ਇਹ ਵੀ ਕਹਿੰਦਾ ਹੈ ਕਿ ਉਸ ਦੀ ਘਰਵਾਲੀ ਉਸ ਨੂੰ ਸੰਤੁਸ਼ਟ ਨਹੀਂ ਕਰ ਸਕਦੀ ਫਿਰ ਕੁੜੀਆਂ ਦਾ ਜਨਮ ਕਿਵੇਂ ਹੋਇਆ? ਵਿਦੇਸ਼ਾਂ ਵਿਚ ਇਕੱਲਿਆਂ ਕੁੜੀਆਂ ਰਿਹਾਇਸ਼ ਲਈ ਭਟਕਦੀਆਂ ਹਨ। ਇਹ ਵੀ ਸੱਚ ਹੈ ਕਿ ਅੱਜਕਲ ਪੈਸੇ ਵਾਲਿਆਂ ਦੀ ਪੁੱਛ ਪ੍ਰਤੀਤ ਹੁੰਦੀ ਹੈ। ਜਦੋਂ ਕਿਹਰ ਸਿੰਘ ਦਾ ਪਰਿਵਾਰ ਆਰਥਿਕ ਤੌਰ ਤੇ ਗਰੀਬ ਸੀ ਕੋਈ ਨਹੀਂ ਪੁੱਛਦਾ ਪਰ ਉਸ ਦੇ ਬੱਚੇ ਬਾਹਰ ਜਾਣ ਕਰਕੇ ਪਿੰਡ ਦੇ ਲੋਕ ਉਸ ਨਾਲ ਸਬੰਧ ਰੱਖਣ ਲੱਗ ਪੈਂਦੇ ਹਨ। ਨਾਇਕ ਗੁਰਦਾਸ ਜਿਸ ਕੰਪਨੀ ਵਿਚ ਕੰਮ ਕਰਦਾ ਹੈ ਉਸ ਦਾ ਮੈਨੇਜਰ ਹਰਮੇਸ਼ ਦਾ ਨੀਲਮ ਨਾਮੀ ਔਰਤ ਨਾਲ ਇਸ਼ਕ ਚਲਦਾ ਹੈ ਅਤੇ ਹਰ ਸ਼ੁਕਰਵਾਰ ਸ਼ਾਮ ਨੂੰ ਉਹ ਗੁਰਦਾਸ ਨਾਲ ਇਸ ਨੂੰ ਮਿਲਣ ਲਈ ਜਾਂਦਾ ਹੈ ਪਰ ਇਕ ਦਿਨ ਨੀਲਮ ਦੇ ਘਰਵਾਲ਼ੇ ਦੇ ਮੌਕੇ ਤੇ ਆ




ਜਾਣ ਕਾਰਨ ਇਸ ਦੇ ਪਤੀ ਅਜੀਤ ਕੁਮਾਰ ਦਾ ਕਤਲ ਹੋ ਜਾਂਦਾ ਹੈ ਜਿਸ ਤੇ ਪੁਲਿਸ ਗੁਰਦਾਸ ਤੋਂ ਵੀ ਪੁੱਛ ਪੜਤਾਲ ਕਰਦੀ ਹੈ। ਭਾਵੇਂ ਸਾਰੇ ਪੁਲਿਸ ਵਾਲਿਆਂ ਨੂੰ ਤਾਂ ਨਹੀਂ ਪਰ ਕੁਝ ਕ ਨੂੰ ਗਾਲ੍ਹਾਂ ਕਢਦਿਆਂ ਭਰਿਸ਼ਟ ਆਖਦਾ ਹੈ। ਇਸ ਵਿਚ 1984 ਦੇ ਹਾਲਾਤਾਂ ਦਾ ਬਿਆਨ ਕਰਦਿਆਂ ਪੁਲਿਸ ਨੂੰ ਕੋਸਦਾ ਹੈ। ਹਰਮੇਸ਼ ਨੂੰ ਬਚਾਉਣ ਦੇ ਚੱਕਰ ਵਿੱਚ ਉਹ ਪੁਲਿਸ ਤੋਂ ਭਗੌੜਾ ਹੋ ਕੇ ਕਲਕੱਤੇ ਰਿਹਾ। ਜਿਸ ਦੌਰਾਨ ਚੰਨੋ ਕੈਨੇਡਾ ਤੋਂ ਮਿਲਣ ਆਈ ਗਰਭਵਤੀ ਹੋ ਜਾਂਦੀ ਹੈ। ਤੇ ਉਸ ਦਾ ਬੇਟਾ ਗੁਰਸ਼ਰਨ ਕੈਨੇਡਾ ਵਿੱਚ ਹੀ ਪੈਦਾ ਹੁੰਦਾ ਹੈ। ਉਸ ਦੀ ਵਫਾਦਾਰ ਸਹੇਲੀ ਸੋਨੀ ਵੀ ਉਸ ਨਾਲ ਹਮਦਰਦੀ ਦੀ ਆੜ ਵਿੱਚ ਚਾਰ ਹਜ਼ਾਰ ਦੀ ਠੱਗੀ ਮਾਰ ਜਾਂਦੀ ਹੈ।

ਚੰਨੋ ਨੇ ਅਠਾਰਾਂ ਸਾਲ ਕੈਨੇਡਾ ਵਿੱਚ ਗੁਰਦਾਸ ਦੀ ਉਡੀਕ ਕਰਦਿਆਂ ਪਤੀ ਵਰਤਾ ਧਰਮ ਨਿਭਾਉਣ ਦਾ ਯਤਨ ਕੀਤਾ ਭਾਵੇਂ ਉਸ ਨਾਲ ਲਵਿੰਦਰ ਨੇ ਨਸ਼ੀਲਾ ਜੂਸ ਪਿਲਾ ਕੇ ਉਸ ਦੀ ਅਸਮਤ ਲੁੱਟੀ ਤੇ ਫਿਰ ਉਸ ਦੇ ਦੋਸਤ ਹਰਮਨ ਨੇ ਉਹਦੇ ਨਾਲ ਹਮ ਬਿਸਤਰੀ ਕੀਤੀ। ਗੁਰਦਾਸ ਨੂੰ ਮਿਲਣ ਆਈ ਚੰਨੋ ਨੂੰ ਆਪਣੇ ਮਤਲਬ ਲਈ ਭਾਵ ਆਪਣੇ ਰਿਸ਼ਤੇਦਾਰ ਮਲਕੀਤ ਨੂੰ ਕੈਨੇਡਾ ਭੇਜ ਕੇ ਉਸ ਨਾਲ ਵਿਆਹ ਕਰਵਾਉਣ ਦੀ ਤਜ਼ਵੀਜ ਤੇ ਪੁਲਿਸ ਇੰਸਪੈਕਟਰ ਨੇ ਸੰਪਰਕ ਕਰਨ ਦਾ ਯਤਨ ਕੀਤਾ। ਓਧਰ ਗੁਰਦਾਸ ਜਵਾਨੀ ਦੇ ਜੋਸ਼ ਨੂੰ ਰੋਕਦਿਆਂ ਬੇਕਾਬੂ ਹੋ ਕੇ ਟਰੱਕ ਚਲਾਉਂਦਿਆਂ ਚਾਚਾ ਕਰਤਾਰੇ ਦੇ ਕਹਿਣ ਤੇ ਬਰਸ਼ਾ ਨਾਮੀ ਲੜਕੀ ਨਾਲ ਸੰਪਰਕ ਬਣਾਉਂਦਾ ਤੇ ਫਿਰ ਲਛਮੀ ਨਾਮੀ ਔਰਤ ਨੂੰ ਪਤਨੀ ਬਣਾ ਕੇ ਰੱਖਦਾ ਹੈ। ਉਸ ਲਈ ਮੱਦਦ ਵੀ ਕਰਦਾ ਹੈ, ਉਸ ਦੇ ਬੱਚਿਆਂ ਨੂੰ ਪੜ੍ਹਾਉਂਦਾ, ਪਾਲਦਾ ਪੋਸਦਾ ਅਤੇ ਉਸ ਲਈ ਦਿੱਲੀ ਮਕਾਨ ਵੀ ਖਰੀਦ ਕੇ ਦਿੰਦਾ ਹੈ ਜਿਸ ਦਾ ਪਤਾ ਸਿਰਫ ਗੁਰਦਾਸ ਦੇ

ਪਿਓ ਨੂੰ ਹੁੰਦਾ ਹੈ ਅਤੇ ਲਛਮੀ ਦੀ ਕੁੜੀ ਮਨੀਸ਼ਾ ਨੂੰ ਪਰ ਚੰਨੋ ਤੋਂ ਲੁਕਾ ਕੇ ਰੱਖਦਾ ਹੈ।

ਨਾਵਲ ਵਿਚ ਗੈਰ ਤਰੀਕੇ ਨਾਲ ਮੈਕਸੀਕੋ ਰਾਹੀਂ ਅਮਰੀਕਾ ਦੁਆਰਾ ਕੈਨੇਡਾ ਜਾਣ ਬਾਰੇ ਸੋਚਦਾ ਹੈ ਜਿਹੜਾ ਅਤਿ ਕਸ਼ਟਦਾਇਕ ਹੈ। ਡੌਂਕੀ ਰਾਹੀਂ ਜਾਂ ਵਾਲਾ ਸੰਤੋਖ ਸਿੰਘ ਰਾਹ ਵਿਚ ਬਲੀਜ਼ ਵਿਚ ਹੀ ਖਤਮ ਹੋ ਜਾਂਦਾ ਹੈ। ਗੁਰਦਾਸ ਕੈਨੇਡਾ ਜਾਣ ਦਾ ਫੈਸਲਾ ਟਾਲ ਕੇ ਜ਼ਮੀਨ ਲੈ ਕੇ ਆਪਣੇ ਪੁੱਤਰ ਗੁਰਸ਼ਰਨ ਦੇ ਨਾਮ ਤੇ ਢਾਬਾ ਖੋਲਦਾ ਹੈ ਜਿੱਥੇ ਉਸ ਨੇ ਆਪਣੇ ਸਾਲ਼ੇ ਗੁਰਪਾਲ ਨੂੰ ਵੀ ਅਤੇ ਪਰਿਵਾਰ ਨੂੰ ਰੱਖ ਲਿਆ ਹੈ। ਗੁਰਦਾਸ ਦਾ ਪਿਓ ਚੰਨੋ ਨੂੰ ਆਪਣੇ ਪੋਤੇ ਗੁਰਸ਼ਰਨ , ਉਸ ਦੀ ਨੂੰਹ ਐਵਲਿਨ ਅਤੇ ਆਪਣੇ ਪੜ ਪੋਤੇ ਨੂੰ ਭਾਰਤ ਲਿਆ ਕੇ ਮਿਲਾਉਣ ਲਈ ਆਖਦਾ ਹੈ। ਕਿਉਂਕਿ ਗੁਰਸ਼ਰਨ ਕੈਨੇਡਾ ਦਾ ਜੰਮਪਲ ਹੋਣ ਕਾਰਨ ਭਾਰਤ ਆਉਣ ਦੀ ਜਿਆਦਾ ਦਿਲਚਸਪੀ ਨਹੀਂ ਰੱਖਦਾ ਨਾ ਫੋਨ ਤੇ ਹੀ ਆਪਣੇ ਪਿਓ ਦਾਦੇ ਨਾਲ ਜਿਆਦਾ ਗੱਲਬਾਤ ਕਰਦਾ ਹੈ। ਚੰਨੋ ਆਪਣੇ ਭਰਾ ਵਰਗੇ ਦੋਸਤ ਜੈਕ ਦੀ ਕੁੜੀ ਐਵਲਿਨ ਨਾਲ ਉਸ ਦਾ ਵਿਆਹ ਕਰ ਦਿੰਦੀ ਹੈ। ਗੁਰਦਾਸ ਲਛਮੀ ਨੂੰ ਸਮਝਾ ਬੁਝਾ ਕੇ ਕੁਝ ਸਮੇਂ ਲਈ ਕੈਨੇਡਾ ਜਾਣ ਲਈ ਆਖਦਿਆਂ ਵੀਜ਼ੇ ਲਈ ਫਾਈਲ ਵੀ ਲਗਾ ਦਿੰਦਾ ਹੈ।

ਨਾਵਲ ਵਿਚ ਚਾਚਾ ਕਰਤਾਰ ਦਾ ਕਿਰਦਾਰ ਚੰਗਾ ਸਿਰਜਿਆ ਹੈ ਪਰ ਜਦੋਂ ਉਸ ਨੂੰ ਪਤਾ ਲਗਦਾ ਹੈ ਕਿ ਉਸ ਦੇ ਪਿੱਛੋ ਉਸ ਦੀ ਘਰਵਾਲੀ ਜਿਹੜੀ ਉਸ ਤੋਂ ਪੱਚੀ ਸਾਲ ਉਮਰ ਵਿਚ ਛੋਟੀ ਹੈ ਆਪਣੇ ਆਸ਼ਕ ਨਾਲ ਰੰਗ ਰਲੀਆਂ ਮਨਾਉਂਦੀ ਹੈ, ਮੌਕੇ ਤੇ ਪਕੜੀ ਜਾਣ ਤੇ ਉਹ ਦੋਨਾਂ ਦਾ ਕਤਲ ਕਰ ਦਿੰਦਾ ਹੈ ਹਾਲਾਂ ਕਿ ਉਹ ਆਪ ਡਰਾਇਵਰੀ ਸਮੇਂ ਬਾਹਰਲੀਆਂ ਕੜੀਆਂ ਨਾਲ ਸਬੰਧ ਰੱਖਦਾ ਹੈ। ਉਧਰ ਲਛਮੀ ਦੇ ਮੁੰਡੇ ਦੀਪਕ ਨੂੰ ਗੁਰਦਾਸ ਤੇ ਲੱਛਮੀ ਦੇ ਸਬੰਧਾਂ ਦਾ ਪਤਾ ਲਗਦਾ ਹੈ ਤਾਂ ਉਹ ਪਹਿਲਾਂ ਚਾਕੂ ਨਾਲ ਗੁਰਦਾਸ ਤੇ ਹਮਲਾ ਕਰਦਾ ਹੈ ਜਿਸ ਬਾਰੇ ਗੁਰਦਾਸ ਪੁਲਿਸ ਨੂੰ ਨਾ ਦੱਸਣ ਲਈ ਲਛਮੀ ਨੂੰ ਆਖਦਾ ਹੈ ਤੇ ਫਿਰ ਉਹਨਾਂ ਦੇ ਘਰ ਜਾ ਕੇ ਗੋਲੀ ਮਾਰ ਕੇ ਗੁਰਦਾਸ ਨੂੰ ਮਾਰ ਦਿੰਦਾ ਹੈ। ਇਸ ਮੌਕੇ ਚੰਨੋ ਕੈਨੇਡਾ ਤੋਂ ਗੁਰਦਾਸ ਦੇ ਸਸਕਾਰ ਲਈ ਭਾਰਤ ਆਉਂਦੀ ਹੈ। ਉਸ ਨੂੰ ਸਾਰੀ ਗੱਲ ਦੀ ਜਾਣਕਾਰੀ ਹੋ ਜਾਂਦੀ ਹੈ ਕਿ ਗੁਰਦਾਸ ਕੈਨੇਡਾ ਕਿਉਂ ਨਹੀਂ ਆਉਣਾ ਚਾਹੁੰਦਾ ਸੀ। ਉਸ ਦਾ ਲਛਮੀ ਨਾਲ ਕੀ ਸਬੰਧ ਸੀ। ਉਹ ਸੋਚਦੀ ਹੈ ਕਿ ਆਪਣੀ ਅਤੇ ਆਪਣੇ ਪਰਿਵਾਰ ਦੀ ਆਰਥਿਕ ਹਾਲਤ ਸੁਧਾਰਨ ਲਈ, ਆਪਣਿਆਂ ਤੋਂ ਲੰਬਾ ਸਮਾਂ ਦੂਰ ਰਹਿ ਕੇ, ਆਪਣੇ ਇਸਤਰੀ ਧਰਮ ਨੂੰ ਕਾਇਮ ਰੱਖ ਕੇ, ਉਸ ਨੇ ਕੈਨੇਡਾ ਜਾ ਕੇ ਕੀ ਖੱਟਿਆ।

ਨਾਵਲ ਜਿੱਥੇ ਪਾਠਕਾਂ ਵਿਚ ਦਿਲਚਸਪੀ ਪੈਦਾ ਕਰਦਾ ਹੈ, ਉਥੇ ਗੰਭੀਰਤਾ ਵੀ ਲਿਆਉਂਦਾ ਹੈ। ਨਾਵਲਕਾਰ ਅਪਣਾ ਦੇਸ਼ ਛੱਡ ਕੇ ਪ੍ਰਦੇਸ ਜਾਣ ਵਿਸ਼ੇਸ਼ ਕਰਕੇ ਔਰਤਾਂ ਦਾ ਇਕੱਲਿਆਂ ਜਾਣ ਨੂੰ ਰੋਕਣ ਦਾ ਯਤਨ ਕਰਦਾ ਹੈ। ਨਾਵਲ ਵਿਚ ਪਰੂਫ ਰੀਡਿੰਗ ਘਾਟ ਕਾਰਨ ਸ਼ਾਬਦਿਕ ਗਲਤੀਆਂ ਰੜਕਦੀਆਂ ਹਨ। ਫਿਰ ਵੀ ਨਾਵਲ ਦਾ ਵਿਸ਼ਾ, ਭਾਸ਼ਾ ਅਤੇ ਸ਼ੈਲੀ ਪਾਠਕਾਂ ਦੇ ਸਮਝ ਆਉਣ ਯੋਗ ਹੈ। ਨਾਵਲਕਾਰ ਆਪਣੇ ਮਕਸਦ ਨੂੰ ਬਾ ਖੂਬੀ ਪੇਸ਼ ਕਰਦਾ ਹੈ। ਇਸ ਲਈ ਨਾਵਲ ਨੂੰ ਖੁਸ਼ ਆਮਦੀਦ ਆਖਦਿਆਂ ਸਵਾਗਤ ਕੀਤਾ ਜਾਂਦਾ ਹੈ।

## ਹੰਝੂ / ਸਤਿੰਦਰਜੀਤ ਕੌਰ



ਜਦ ਵੀ ਗ਼ਮ ਕੋਈ ਦਸਤਕ ਦੇਵੇ,
ਝੱਟ ਅੱਖੀਆਂ ਵਿੱਚ ਆਉਂਦੇ,
ਪੀੜਾਂ ਦੇ ਇਹ ਮਹਿਰਮ ਬਣਦੇ
ਜ਼ਖ਼ਮਾਂ ’ਤੇ ਮਰ੍ਹਮ ਲਾਉਂਦੇ।

ਮੱਲੋ-ਜ਼ੋਰੀ ਬਣ ਕੇ ਪ੍ਰਾਹੁਣੇ,
ਇਹ ਆਪਣਾ ਮੀਤ ਬਣਾਉਂਦੇ
ਮੁੜ-ਮੁੜ ਆ ਕੇ ਦਿਲ ਦੇ ਵਿਹੜੇ
ਦਿਲ ਦਾ ਦਰਦ ਵੰਡਾਉਂਦੇ।

ਕੀਤਾ ਜਦ ਵੀ ਪੱਥਰ ਕਲੇਜਾ
ਇਹ ਪੱਥਰ ਵੀ ਪਿਘਲਾਉਂਦੇ,
ਕਦੇ ਤਾਂ ਦੇਵਾਂ... ਮੈਂ ਦਿਲਾਸੇ
ਕਦੇ ਮੈਨੂੰ ਇਹ ਸਮਝਾਉਂਦੇ।

ਦੁੱਖਾਂ ਵਿੱਚ ਵੀ ਸਾਥੀ ਬਣਦੇ,
ਵਿੱਚ ਖ਼ੁਸ਼ੀ ਵੀ ਸਾਥ ਨਿਭਾਉਂਦੇ,
ਹਾਸਾ ਹੋਠੀਂ ਆਉਣ ਤੋਂ ਪਹਿਲਾਂ
ਅੱਖੀਆਂ ’ਚੋਂ ਮੁਸਕਾਉਂਦੇ।

ਸ਼ਬਦਾਂ ਦੇ ਜੋ ਵੱਸ ਵਿੱਚ ਨਹੀਂ
ਉਹ ਵੀ ਆਖ ਸੁਣਾਉਂਦੇ,
ਭਲਾ ਹੋਵੇ ਇਹਨਾਂ ਹੰਝੂਆਂ ਦਾ
ਸਾਥ ਨੇ ਤੋੜ ਨਿਭਾਉਂਦੇ।

ਦਿਲ ਦਾ ਹਾਲ ਸੁਣਾ ਜਾਂਦੇ
ਕਦੇ ਰੁੱਸਿਆਂ ਤਾਈਂ ਮਨਾਉਂਦੇ,
ਤੇ ਕਦੇ ਸੱਜਣਾਂ ਤੋਂ ਵੀ ਪਹਿਲੋਂ ...
ਆ ਕੇ ਗਲ਼ ਨਾਲ ਲਾਉਂਦੇ।

ਸੂਖਮ ਵਲਵਲਿਆਂ ਦਾ ਨਿਪੁੰਨ ਚਿਤੇਰਾ ਭਾਈ ਵੀਰ ਸਿੰਘ ਉਸ ਦੌਰ ਵਿੱਚ ਪੰਜਾਬੀ ਕਵਿਤਾ ਦੀ ਸਿਰਜਣਾ ਕਰਦਾ ਹੈ ਜਦੋਂ ਪੰਜਾਬੀ ਕਵਿਤਾ ਜਰਜਿਤ ਹੋ ਚੁੱਕੇ ਮੱਧਕਾਲੀਨ ਪੈਟਰਨਾਂ ਤੋਂ ਉੱਭਰ ਕੇ ਯੁਗ ਅਨੁਕੂਲ ਪਰਸਥਿਤੀਆਂ ਨਾਲ ਗੰਢਾਂ ਪਾ ਰਹੀ ਸੀ। ਭਾਈ ਵੀਰ ਸਿੰਘ ਦੀ ਕਵਿਤਾ ਇਸੇ ਮੱਧਕਾਲੀਨ ਪਰੰਪਰਾ ਅਤੇ ਆਧੁਨਿਕ ਨਵੀਆਂ ਲੀਹਾਂ ਦਰਮਿਆਨ ਇਕ ਪੁਲ ਹੈ ਜਿਸ ਨੇ ਮੱਧਕਾਲੀਨ ਧਾਰਮਿਕ ਚੇਤਨਾ ਨੂੰ ਬਦਲੀਆਂ ਪਰਸਥਿਤੀਆਂ ਨਾਲ ਮੇਲ ਕੇ ਪੇਸ਼ ਕੀਤਾ ਹੈ। ਭਾਈ ਵੀਰ ਸਿੰਘ ਨੇ ਪ੍ਰਕਿਰਤੀ ਦੇ ਸੁਹਜ, ਸੱਚ ਅਤੇ ਕਦੀਮੀ ਸਰੋਕਾਰਾਂ ਨੂੰ ਸਿੱਖ ਧਰਮ ਦੇ ਮੂਲ ਆਦਰਸ਼ਾਂ ਅਤੇ ਮਰਿਆਦਾਵਾਂ ਨੂੰ ਖ਼ੂਬਸੂਰਤ ਅਤੇ ਵਿਲੱਖਣ ਅੰਦਾਜ਼ ਵਿੱਚ ਚਿਤਰਿਆ ਹੈ ਭਾਈ ਵੀਰ ਸਿੰਘ ਦੀ ਕਲਾਤਮਿਕ ਪ੍ਰਤਿਭਾ ਦਾ ਸਿੱਕਾ ਮੰਨਦੇ ਲਿਖਦੇ ਹਨ" Modern India has produced many talented poets- Rabindranth, Iqbal, Sarojini, Taru Dutt, who had all sung the glory of God and the unity of man.And Bhai Veer singh also undoubtedly belongs to this galaxy of eminent India poets. Like the Persian mystic poet, Omar Khayyam, Vir sinngh the Glory of the invisible power. we call God and about the transcendental of Universalism". 1

ਭਾਈ ਵੀਰ ਸਿੰਘ ਦੀ ਕਵਿਤਾ ਜਿਸ ਨਵੀਂ ਨਰੋਈ ਭਾਸ਼ਾ ਰਾਹੀਂ ਅਤੇ ਨਵੀਆਂ ਕਾਵਿ ਜੁਗਤਾਂ ਰਾਹੀਂ ਉੱਭਰੀ ਹੈ, ਉਸ ਦੇ ਫਲਸਰੂਪ ਭਾਈ ਵੀਰ ਸਿੰਘ ਨੂੰ ਆਧਨਿਕ ਪੰਜਾਬੀ ਕਵਿਤਾ ਦਾ ਪਿਤਾਮਾ ਅਤੇ ਨਿੱਕੀ ਕਵਿਤਾ ਦਾ ਵੱਡਾ ਕਵੀ ਹੋਣ ਦਾ ਮਾਣ ਪ੍ਰਾਪਤ ਹੋਇਆ। ਭਾਈ ਵੀਰ ਸਿੰਘ ਪੰਜਾਬੀ ਕਾਵਿ ਜਗਤ ਵਿੱਚ ਉਜਾਗਰ ਹੋਈਆਂ ਗਿਣਤੀ ਦੀਆਂ ਹਸਤੀਆਂ ਵਿੱਚੋਂ ਇੱਕ ਹੈ। ਮੱਧਕਾਲ ਦੀ ਪੰਜਾਬੀ ਕਵਿਤਾ ਨੂੰ ਬਾਬਾ ਫਰੀਦ, ਗੁਰੂ ਨਾਨਕ ਤੇ ਹੋਰ ਸਿੱਖ ਗੁਰੂਆਂ. ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਦਮੋਦਰ ਉਪਰ ਮਾਣ ਹੈ ਤਾਂ ਆਧੁਨਿਕ ਕਾਲ ਦਾ ਪਹਿਲਾ ਮਾਣ ਭਾਈ ਵੀਰ ਸਿੰਘ ਹੈ।"2

ਆਧੁਨਿਕ ਪੰਜਾਬੀ ਕਵਿਤਾ ਦੇ ਪਿਤਾਮਾ ਭਾਈ ਵੀਰ ਸਿੰਘ ਆਪਣੇ ਆਪ ਵਿਚ ਵਿਅਕਤੀ ਨਹੀਂ ਸਗੋਂ ਸੰਸਥਾ ਸਨ। ਜਿਨ੍ਹਾਂ ਦੀ ਰਚਨਾ ਪੰਜਾਬੀ ਸਾਹਿਤ ਦੇ ਵਿਚ ਇਕ ਅਜਿਹੇ ਮੀਲ ਪੱਥਰ ਵਾਂਗ ਸਥਾਪਿਤ ਹੋਈ ਜਿਸ ਨਾਲ ਪੰਜਾਬੀ ਕਵਿਤਾ ਤਿੰਨ ਸੋ ਸਾਲਾਂ ਤੋਂ ਫੈਲੇ ਹੋਏ ਕਿੱਸਾ-ਕਾਵਿ ਦੇ ਜਮੂਦ ਨੂੰ ਤੋੜ ਕੇ ਵਿਕਾਸ ਕਰਦੀ ਹੋਈ ਆਧੁਨਿਕਤਾ ਵਾਲੇ ਖੇਤਰ ਵਿਚ ਪ੍ਰਵੇਸ਼ ਕਰਦੀ ਹੈ। ਉਹਨਾਂ ਦੀ ਕਵਿਤਾ ਦੇ ਵਿਸ਼ੇ ਰਹੱਸਵਾਦੀ, ਅਧਿਆਤਮਕ, ਧਾਰਮਿਕ ਅਤੇ ਸਦਾਚਾਰਕ ਹੀ ਹਨ ਪਰ ਫਿਰ ਵੀ ਇਨ੍ਹਾਂ ਵਿਸ਼ਿਆਂ ਨੂੰ ਆਧੁਨਿਕ ਕਾਵਿ ਰੂਪਾਂ ਵਿਚ ਪੇਸ਼ ਕਰਕੇ, ਉਪਦੇਸ਼ਾਤਮਕ ਅਤੇ ਕਿੱਸਾ ਕਾਵਿ ਦੀ ਵਲਗਣਾ ਵਿਚੋਂ ਬਾਹਰ ਕੱਢ ਕੇ ਆਧੁਨਿਕ ਯੁਗ ਚੇਤਨਾ ਨਾਲ ਜੋੜਿਆ। ਗੁਰਮਤਿ ਅਤੇ ਰਹੱਸਵਾਦ ਵਿਚ ਰੰਗੀ ਆਪ ਦੀ ਕਵਿਤਾ ਬੁੱਧੀ ਦੀ ਬਜਾਇ ਆਤਮਾ ਨੂੰ ਜਗਾਉਂਦੀ ਹੈ। ਭਾਈ ਸਾਹਿਬ ਦੀ ਸਮੁੱਚੀ ਰਚਨਾ ਦਾ ਸਾਂਝਾ ਪੈਰਾਡਾਈਮ ਖੇੜਾ ਹੈ।ਭਾਈ ਵੀਰ ਸਿੰਘ ਕਵਿਤਾ ਰਾਹੀਂ ਉਸ ਵਿਸਮਾਦੀ ਰੁਚੀ ਨੂੰ ਜਗਾਉਂਦੇ ਹਨ ਜੋ ਮਨੁੱਖ ਦੇ ਮਨ ਅਤੇ ਤਨ ਅੰਦਰ ਖੇੜੇ ਦਾ ਸੰਚਾਰ ਕਰਦੀ ਹੈ।

ਤਨ ਮਨ ਥੀਵਾ ਖੇੜਾ ਪੀ ਪੀ, ਖੇੜਾ ਸਾਰੀ ਹੋਈ  
ਖੇੜਾ ਤੇ ਆਪਾ ਇਕ ਹੋਏ, ਲੂੰ ਲੂੰ ਗਈ ਪਰੋਈ (ਲਹਿਰਾਂ ਦੇ ਹਾਰ)

ਖੇੜੇ ਦਾ ਉਮਾਹ ਅੰਦਰੋਂ ਹੀ ਉਠਦਾ ਹੈ ਜੋ ਮਨੁੱਖ ਨੂੰ ਆਤਮਿਕ ਸਾਂਤੀ ਦਿੰਦਾ ਹੈ। ਖਿੜੀ ਹੋਈ ਕੁਦਰਤ ਰਾਹੀਂ ਭਾਈ ਸਾਹਿਬ ਜ਼ਿੰਦਗੀ ਦੇ ਗੁੱਝੇ ਰਹੱਸ ਸਮਝਾਉਂਦੇ ਹਨ।ਕੁਦਰਤ ਹਮੇਸ਼ਾ ਕਾਦਰ ਦੇ ਨਾਲ ਰਹਿਣ ਕਰਕੇ ਖਿੜੀ ਰਹਿੰਦੀ ਹੈ। ਸੋ ਮਨੁੱਖ ਨੂੰ ਵੀ ਸਦੀਵੀ ਖੇੜੇ ਦੀ ਪ੍ਰਾਪਤੀ ਲਈ ਆਪਣੇ ਮੂਲ ਸੋਮੇ ਦੇ ਅੰਗ ਸੰਗ ਹੀ ਰਹਿਣਾ ਚਾਹੀਦਾ ਹੈ। ਖੇੜੇ ਤੋਂ ਬਿਨ੍ਹਾਂ ਜ਼ਿੰਦਗੀ ਰਸਹੀਣ ਹੈ।

ਜਿੰਦ ਜੇ ਢਹਿੰਦੀ ਖੇੜਿਓਂ ਢੇਹ ਪੈਂਦੀ ਦੇਹ ਨਾਲ  
ਖੇੜਾ ਜ਼ਿੰਦਗੀ ਇਕ ਹੈ ਇਕ ਦੋਹਾਂ ਦੀ ਚਾਲ (ਲਹਿਰਾਂ ਦੇ ਹਾਰ)

ਭਾਈ ਵੀਰ ਸਿੰਘ ਦੀ ਰਚਨਾ ਸਮੁੱਚੀ ਮਾਨਵ ਜਾਤੀ ਵਿਚ ਉਸ ਆਤਮ ਸੰਸਕ੍ਰਿਤੀ ਦਾ ਸੰਚਾਰ ਕਰਦੀ ਪ੍ਰਤੀਤ ਹੁੰਦੀ ਹੈ ਜੋ ਮਨੁੱਖੀ ਮਨ ਅੰਦਰ ਸਮਾਏ ਉਸ ਅਨੂਠੇ ਸੁਹਜ ਨੂੰ ਪ੍ਰਕਾਸ਼ਤ ਕਰਦੀ ਹੈ ਜੋ ਜੀਵਨ ਦੇ ਅੰਦਰਲੇ ਬਾਹਰਲੇ ਕੋਨਿਆਂ ਨੂੰ ਰੌਸ਼ਨ ਕਰਦਾ ਹੈ। ਖੇੜੇ ਦਾ ਮੂਲ ਸੋਮਾ ਬ੍ਰਹਮ ਹੈ, ਜੋ ਪੂਰੀ ਸ੍ਰਿਸ਼ਟੀ ਦਾ ਸਿਰਜਨਹਾਰ ਹੈ। ਬ੍ਰਹਮ ਸਬੰਧੀ,ਜੀਵਨ ਸਬੰਧੀ ਅਤੇ ਸ੍ਰਿਸ਼ਟੀ ਸਬੰਧੀ ਰਹੱਸਵਾਦ ਭਾਈ ਸਾਹਿਬ ਦੀ ਕਾਵਿ ਸੰਵੇਦਨਾ ਦਾ ਧਰਾਤਲ ਹਨ। ਰਹੱਸਵਾਦ ਦਾ ਵਿਆਪਕ ਪ੍ਰਭਾਵ ਆਪ ਦੀ ਅਧਿਆਤਮਕ ਰੁਚੀ ਦਾ ਸਿਖਰ ਹੈ।"ਸੂਫੀਆਂ ਨੇ ਆਪਣੇ ਆਦਰਸ਼ ਦੀ ਸਥਾਪਨਾ ਲਈ ਹੀਰ-ਰਾਂਝੇ, ਲੈਲਾ-ਮਜਨੂੰ ਆਦਿ ਪ੍ਰੇਮੀ ਜੋੜਿਆਂ ਦੇ ਮਾਧਿਅਮ ਦੁਆਰਾ ਕੀਤੀ ਹੈ. ਸੁਆਮੀ ਤੁਲਸੀਦਾਸ ਨੇ ਆਪਣਾ ਆਦਰਸ ਚਾਤ੍ਰਿਕ ਪ੍ਰੇਮ ਮਿਥਿਆ ਹੈ। ਸਿੱਖ ਗੁਰੂਆਂ ਨੇ ਪਤੀਬਤਾ ਨਾਰੀ ਨੂੰ ਆਪਣੇ ਭਾਵ ਪ੍ਰਕਾਸ਼ਨ ਦਾ ਪ੍ਰਤੀਕ ਬਣਾਇਆ ਹੈ। ਪਰ ਭਾਈ ਵੀਰ ਸਿੰਘ ਚਸ਼ਮੇ ਦੇ ਨਿਰੰਤਰ ਪ੍ਰਵਾਹ ਉਪਰ ਮੋਹਿਤ ਹੋਏ ਹਨ। ਜੋ ਇਕ ਟਕ ਨਿਰੰਤਰ ਸਹੁ ਸਾਗਰ ਵਿਚ ਮਿਲਣ ਦੀ ਲੋਚਾ ਨਾਲ ਅਨੰਤੇ ਤੋਰ ਵਗ ਰਿਹਾ ਹੈ।"3

ਨਿਹੁੰ ਵਾਲੇ ਨੈਣਾਂ ਕੀ ਨੀਂਦਰ, ਉਹ ਦਿਨੇ ਰਾਤ ਪਏ ਵਹਿੰਦੇ
ਇਕ ਲਗਨ ਲਗੀ ਲਈ ਜਾਂਦੀ, ਹੈ ਟੋਰ ਅਨੰਤ ਉਹਨਾਂ ਦੀ
ਵਸਲੋਂ ਉਰੇ ਮੁਕਾਮ ਨਾ ਕੋਈ,
ਸੋ ਚਾਲ ਪਏ ਨਿੱਤ ਵਹਿੰਦੇ (ਲਹਿਰਾਂ ਦੇ ਹਾਰ)

ਆਪ ਚਸ਼ਮੇ ਦਾ ਚਿੰਨ੍ਹੀਕਰਨ ਮਨੁੱਖੀ ਆਤਮਾ ਦੇ ਰੂਪ ਵਿਚ ਕਰਦੇ ਹਨ। ਜੋ ਆਪਣੇ ਅਸਲ ਤੋਂ ਵੱਖ ਹੋ ਕੇ ਤੜਫਦੀ ਹੈ ਅਤੇ ਆਪਣੇ ਮੂਲ ਵਿਚ ਸਮਾ ਜਾਣ ਲਈ ਵਿਆਕੁਲ ਹੈ।ਉਹ ਉਸ ਪਰਮਜੋਤ ਦੀ ਭਾਲ ਵਿਚ ਕਿਤੇ ਨਹੀਂ ਰੁਕਦੀ। ਪ੍ਰਭੂ ਪਰਮੇਸ੍ਵਰ ਦੇ ਦੀਦਾਰ ਤੋਂ ਬਿਨਾਂ ਉਸਦਾ ਕੋਈ ਹੋਰ ਪਰਾਅ ਨਹੀਂ। ਜਦੋਂ ਅੰਦਰ ਬਾਹਰ ਦਾ ਭੇਦ ਮਿਟ ਜਾਂਦਾ ਹੈ ਉਹੀ ਰਹੱਸਵਾਦ ਦੀ ਅਵਸਥਾ ਹੈ।

ਆਪ ਦੀਆਂ ਰਹੱਸਵਾਦੀ ਰਚਨਾਵਾਂ ਬਾਰੇ ਲਿਖਦੇ ਹਨ, "Bhai Veer Singh is one of the Greatest mystic poets of our age, and perhaps of all ages. The man who "tells his steps as sacred beads up to" the door of Almighty has evidently gained entrance into the most secrets halls of truth and beauty"4

ਭਾਈ ਵੀਰ ਸਿੰਘ ਦੀ ਕਾਵਿ ਸਿਰਜਨ ਪ੍ਰਕਿਰਿਆ ਆਧੁਨਿਕ ਯੁੱਗ ਚੇਤਨਾ ਦੇ ਸੰਗ ਵੀ ਲਰਜ਼ਦੀ ਹੈ। ਜੋ ਆਪ ਨੂੰ ਨਵ-ਰਹੱਸਵਾਦੀ ਕਵੀ ਬਣਾਉਣ ਦਾ ਵਿਆਪਕ ਪ੍ਰਭਾਵ ਸਿਰਜਦੀ ਹੈ। ਰਹੱਸਵਾਦੀ ਅਨੁਭਵ ਦਾ ਪ੍ਰਗਟਾਵਾ ਆਪ ਨੇ ਭੌਤਿਕ ਪੱਧਰ ਉਤੇ ਕਰਦਿਆਂ ਅਜਿਹੀ ਅਦਵੈਤ ਅਵਸਥਾ ਪੇਸ਼ ਕੀਤੀ ਹੈ ਜਿੱਥੇ ਜਾ ਕੇ ਰਹੱਸਵਾਦੀ ਸਾਧਕ ਇਲਾਹੀ ਸੁਆਦ ਨਾਲ ਇਸ ਪ੍ਰਕਾਰ ਗੜੂੰਦ ਹੋ ਜਾਂਦਾ ਹੈ ਕਿ ਉਹ ਅਗੰਮੀ ਆਨੰਦ ਮਾਣਦਾ ਹੋਇਆ ਪਰਮ ਲਕਸ ਦੀ ਪ੍ਰਾਪਤੀ ਵਲ ਵਧਦਾ ਹੈ।ਰਹੱਸਵਾਦੀ ਪ੍ਰਵਚਨ ਦੀ ਅਭਿਵਿਅਕਤੀ ਸਮੇਂ ਆਪ ਦਾ ਪ੍ਰਗਟਾਅ ਪੈਟਰਨ ਅਧਿਆਤਮਕ ਦੀ ਬਜਾਇ ਸਰੀਰਕ ਪੱਧਰ ਦਾ ਵਧੇਰੇ ਹੋ ਜਾਂਦਾ ਹੈ।" ਭਾਈ ਵੀਰ ਸਿੰਘ ਨੇ ਅਧਿਆਤਮਕ ਭਾਵ ਨੂੰ ਵਿਲਾਸਮਈ ਭਾਵ ਨਾਲ ਇਸ ਪ੍ਰਕਾਰ ਇਕਮਿਕ ਕੀਤਾ ਹੋਇਆ ਹੈ ਕਿ ਸਮੁੱਚਾ ਅਨੁਭਵ ਵਧੇਰੇ ਸੌਂਦਰਯ ਵਿਲਾਸ ਦਾ ਹੁੰਦਾ ਹੈ ਅਧਿਆਤਮਕ ਪ੍ਰਕਾਸ਼ ਦਾ ਨਹੀਂ ਹੁੰਦਾ।"5 ਰਹੱਸਵਾਦੀ ਕਵੀ ਇਕ ਅਜਿਹਾ ਸਾਧਕ ਹੁੰਦਾ ਹੈ ਜਿਸ ਨੂੰ ਹਰ ਪਲ ਆਪਣੇ ਅੰਗ ਸੰਗ ਪ੍ਰਮਾਤਮਾ ਦਾ ਅਹਿਸਾਸ ਹੁੰਦਾ ਹੈ:

ਤਿਲਕ ਗਈ ਮੇਰੇ ਹੱਥ ਦੀ ਪੂਣੀ,
ਚੁੱਪ ਹੋ ਗਈ ਘੁਕੇਂਦੜੀ ਚਰਖੀ
ਅਰਸ਼ਾਂ ਦਾ ਚੰਨ ਜਮੀਂ ਆ ਖਲੋਤਾ
ਸੂਰਤ ਗਈ ਮੈਥੋਂ ਨਿਰਖੀ ਨਾ ਪਰਖੀ
ਕੰਬ ਗਈ ਮੇਰੇ ਨੈਣਾਂ ਦੀ ਜੋਤੀ,
ਜਿੰਦ ਗਈ ਵਿਚ ਜਿੰਦ ਦੇ ਕਰਖੀ
ਦਰਸ ਸਮਾਵਾਂ ਕਿ ਦਰਸ਼ਨ ਮਾਣਾਂ?
ਲਹਿ ਚੜ੍ਹੇ ਇਕ ਲਹਿਰ ਤੇ ਹਰਖੀ।
(ਮੇਰੇ ਸਾਈਆਂ ਜੀਓ)

ਸੋ ਅਰੂਪ ਪ੍ਰੀਤਮ ਦੀ ਛੁਹ ਅਤੇ ਅਨੁਭਵ ਤੋਂ ਛਿੜੀ ਝਰਨਾਹਟ, ਸੁਆਦ ਭਰੀ ਕੰਬਣੀ ਅਤੇ ਅਕਹਿ ਵਲਵਲੇ ਜਿੱਥੇ ਪ੍ਰਭੂ ਪ੍ਰੇਮ ਦਾ ਮਿੱਠਾ ਅਤੇ ਰਸ ਭਿੰਨਾ ਸੁਆਦ ਦਿੰਦੇ ਨੇ ਉੱਥੇ ਪ੍ਰੇਮ ਦਾ ਸੱਲ੍ਹ ਵੀ ਬਹੁਤ ਤਿੱਖਾ ਹੈ।ਕੰਬਦੀ ਕਲਾਈ ਵਿਚ ਭਾਈ ਸਾਹਿਬ ਦਾ ਬਿਰਹੜਾ ਨਿੱਖਰ ਕੇ ਸਾਹਮਣੇ ਆਉਂਦਾ ਹੈ। ਧਾਰਮਿਕ ਸਾਖੀਆਂ ਰਾਹੀਂ ਕਵੀ ਨੇ ਆਪਣੀ ਕਲਾਤਮਕ ਪ੍ਰਤਿਭਾ ਨਾਲ ਗੁਰੂ ਜੀ ਦੀ ਜੁਦਾਈ ਵਿਚ ਤੜਫਦੇ, ਸਹਿਕਦੇ, ਕੂਕਦੇ ਅਤੇ ਵਿਲਕਦੇ ਵਿਯੋਗੀਆਂ ਦੀ ਅਵਸਥਾ ਦਾ ਚਿਤਰਣ ਬਹੁਤ ਹੀ ਸੂਖਮਮਈ ਅਤੇ ਮਨੋਵਿਗਿਆਨਕ ਢੰਗ ਨਾਲ ਕੀਤਾ ਹੈ।

ਮੈਂ ਸਹੀਆਂ ਵਿਚ ਨਾ ਖੇਡਦੀ,
ਮੈਂ ਖੂਹ ਬਿਰਹਾ ਗੇੜਦੀ,
ਵਿਚ ਤਾਘਾਂ ਜੀਉੜਾ ਲਾ ਲਿਆ
ਹੁਣ ਆ ਮਿਲ ਕਲਗੀ ਵਾਲਿਆ!
(ਕੰਬਦੀ ਕਲਾਈ)

ਭਾਈ ਵੀਰ ਸਿੰਘ ਨੇ ਜਮਨਾ, ਰਾਵੀ ਅਤੇ ਗੋਦਾਵਰੀ ਆਦਿ ਨਦੀਆਂ ਦਾ ਮਾਨਵੀਕਰਨ ਕਰਕੇ ਦਰਸਾਇਆ ਹੈ ਕਿ ਹਰ ਨਦੀ, ਦਰਿਆ ਕਿਸ ਤਰ੍ਹਾਂ ਗੁਰੂ ਮਿਲਾਪ ਲਈ ਤੜਫ ਅਤੇ ਤਾਂਘ ਰਹੇ ਹਨ:

ਦਿਓ ਨੀ ਅਸੀਸ ਕੋਈ ਤਰਸ ਆਵੇ 'ਜੀਉਂਦੇ' ਨੂੰ
ਰੂਪ ਧਾਰ ਫੇਰ ਆਵੇ ਬਿਰਹੋਂ ਜੋ ਭਛਾ ਗਿਆ
ਮੈਂ ਹਾਂ ਨਿਮਾਣੀ ਨੀਵੀਂ, ਰੂਪ ਹੈ ਸਥੂਲ ਮੇਰਾ
ਦੇਸ਼ ਉਹਦੇ ਪਹੁੰਚ ਨਾਹੀਂ ਨੂਰ ਜੋ ਵਸਾ ਰਿਹਾ।
( ਕੰਬਦੀ ਕਲਾਈ )

ਭਾਈ ਵੀਰ ਸਿੰਘ ਦੇ ਗੁਰਮਤਿ ਭਾਵਾਂ ਨੂੰ ਰੂਪਮਾਨ ਕਰਨ ਵਾਲੇ ਗੀਤ ਪੜ੍ਹ ਕੇ ਮਨ ਵਿਚ ਗੁਰੂ ਪਿਆਰ ਦੇ ਵਲਵਲੇ ਉਭਰਦੇ ਹਨ। ਆਪ ਨੇ ਗੁਰਬਾਣੀ ਨਾਲ ਸੰਬੰਧਤ ਵਿਸ਼ਿਆਂ ਵਿਚ ਬ੍ਰਹਮ ਦੇ ਪਿਆਰ ਨੂੰ ਬਹੁਤ ਹੀ ਇੰਦ੍ਰਿਆਵੀ ਅਤੇ ਭਾਵੁਕ ਢੰਗ ਨਾਲ ਪੇਸ਼ ਕੀਤਾ ਹੈ। ਗੁਰਬਾਣੀ ਅਤੇ ਸਿੱਖ ਧਰਮ ਵਿਚ ਦਰਸਾਏ ਜੀਵਨ ਦੇ ਆਸੇ ਅਤੇ ਨੈਤਿਕਤਾ ਨੂੰ ਆਪਣੀਆਂ ਕਵਿਤਾਵਾਂ ਵਿਚ ਪੇਸ਼ ਕਰਨ ਕਰਕੇ ਆਪ ਨੂੰ ਗੁਰਮਤਿ ਦੇ ਵਿਆਖਿਆਕਾਰ ਵੀ ਕਿਹਾ ਜਾਂਦਾ ਹੈ।" ਜੋ ਕੰਮ ਭਾਈ ਗੁਰਦਾਸ ਜੀ ਨੇ 17ਵੀਂ ਸਦੀ ਵਿਚ ਕੀਤਾ ਸੀ ਉਹੀ ਭਾਈ ਵੀਰ ਸਿੰਘ ਨੇ 20ਵੀਂ ਸਦੀ ਵਿਚ ਕੀਤਾ ਹੈ । ਸਚੁਮੱਚ ਭਾਈ ਵੀਰ ਸਿੰਘ ਭਾਈ ਗੁਰਦਾਸ ਦੇ ਆਧੁਨਿਕ ਸੰਸਕਰਣ ਹਨ। ਉਹਨਾਂ ਦੀ ਕਵਿਤਾ ਵਿਚ ਗੁਰਮਤਿ ਦੇ ਕਿਸੇ ਸਿਧਾਂਤ ਦੀ ਸਪਸ਼ਟ ਜਾਂ ਅਸਪਸ਼ਟ ਰੂਪ ਵਿਚ ਵਿਆਖਿਆ ਅਵੱਛ ਮਿਲ ਜਾਂਦੀ ਹੈ।"6

19ਵੀਂ ਸਦੀ ਦੇ ਦੂਜੇ ਅੱਧ ਵਿੱਚ ਆਈ ਸਿੱਖ ਨਵ-ਜਾਗਰਤੀ ਦੇ ਮੋਢੀ ਭਾਈ ਵੀਰ ਸਿੰਘ ਦੀ ਕਾਵਿ ਸਮੱਗਰੀ ਭਾਵੇਂ ਵਧੇਰੇ ਪਰੰਪਰਾ ਵਿਚੋਂ ਹੀ ਲਈ ਗਈ ਹੈ ਪਰ ਇਸ ਨੂੰ ਅਭਿਵਿਅਕਤ ਬਹੁਤ ਹੀ ਇੰਦ੍ਰਿਆਵੀ ਅਤੇ ਭਾਵੁਕ ਢੰਗ ਨਾਲ ਆਪਣੇ ਨਿੱਜੀ ਅਨੁਭਵ ਦੇ ਆਧਾਰ ਉਪਰ ਕੀਤਾ ਹੈ।ਆਪ ਨੇ ਸਿੱਖ ਸੁਮਦਾਇ ਦੀ ਪ੍ਰੰਪਰਾ ਨੂੰ ਵੀ ਅਧਾਰ ਬਣਾਇਆ ਅਤੇ ਪੱਛਮ ਤੋਂ ਆ ਰਹੇ ਨਵੇਂ ਵਿਚਾਰਾਂ ਅਤੇ ਤੱਤਾਂ ਨੂੰ ਵੀ ਗ੍ਰਹਿਣ ਕੀਤਾ। ਭਾਈ ਵੀਰ ਸਿੰਘ ਦੀ ਕਵਿਤਾ ਦਾ ਪ੍ਰੇਰਣਾ ਸਰੋਤ ਵਿਸ਼ਵ ਪੱਧਰ ਉਪਰ ਫੈਲਿਆ ਸਿੱਖ ਧਰਮ ਹੈ। ਆਪ ਦੀ ਸਮੁੱਚੀ ਰਚਨਾ ਦਾ ਕੇਂਦਰੀ ਬਿੰਦੂ ਆਤਮਾ ਦਾ ਪ੍ਰਮਾਤਮਾ ਨਾਲ ਮੇਲ ਹੈ। ਭਾਈ ਸਾਹਿਬ ਅਜਿਹੇ ਆਤਮਿਕ ਮੰਡਲਾਂ ਵਿਚ ਵਿਚਰਨਾਂ ਚਾਹੁੰਦੇ ਹਨ ਜਿੱਥੇ ਜਾ ਕੇ ਮਨ ਦੀ ਮੈਲ ਧੋਤੀ ਜਾਂਦੀ ਹੈ ਅਤੇ ਆਪੇ ਦੀ ਬਜਾਇ ਮਸਤੀ ਦਾ ਆਲਮ ਛਾਇਆ ਰਹਿੰਦਾ ਹੈ।

ਬੈਠ ਵੇ ਗਿਆਨੀ! ਬੁੱਧੀ
ਮੰਡਲੇ ਦੀ ਕੈਦ ਵਿਚ
ਵਲਵਲੇ ਦੇ ਦੇਸ਼ ਸਾਡੀਆਂ
ਲੱਗ ਗਈਆਂ ਯਾਰੀਆਂ।
(ਲਹਿਰ ਹੁਲਾਰੇ)

ਭਾਰਤੀ ਸੰਤ ਪ੍ਰੰਪਰਾ ਦੀ ਉਪਜਾਊ ਧਰਤੀ ਵਿਚੋਂ ਫੁੱਟੀ ਭਾਈ ਵੀਰ ਸਿੰਘ ਦੀ ਕਵਿਤਾ ਇਕ ਸੰਘਣੇ ਘਣੇ ਦਰਖਤ ਵਾਂਗ ਆਧੁਨਿਕ ਪੰਜਾਬੀ ਕਵਿਤਾ ਦੇ ਆਕਾਸ਼ ਵਿਚ ਫੈਲੀ ਹੋਈ ਹੈ।"ਭਾਈ ਸਾਹਿਬ ਦਾ ਕਾਵਿ ਹਿਰਦਾ ਜਦੋਂ ਵੀ ਪ੍ਰਭੂ ਦੇ ਅਣ-ਸੁਲਝੇ ਰਹੱਸਾਂ ਦੇ ਗੁੱਝੇ ਗੁਹਜਾਂ ਨੂੰ ਨਿਰਖ ਕੇ ਸਿਜਦਾ ਕਰਨਾ ਚਾਹੁੰਦਾ ਹੈ ਜਦੋਂ ਵੀ ਕੁਦਰਤ ਦੇਵੀ ਦੇ ਅਰਸੀ ਚਮਤਕਾਰੇ ਉਹਨਾਂ ਦੇ ਰਸਿਕ ਕਾਵਿ-ਹਿਰਦੇ ਨੂੰ ਟੁੰਬ ਜਾਂਦੇ ਹਨ, ਜਦੋਂ ਉਹਨਾਂ ਦਾ ਹਿਰਦਾ ਮਨੁੱਖਤਾ ਦੇ ਗੌਰਵਪੂਰਨ ਇਤਿਹਾਸ ਨਾਲ ਗਦ ਗਦ ਨੱਚ ਉਠਦਾ ਹੈ; ਜਦ ਉਹ ਮਨੁੱਖੀ ਊਣਤਾਈਆਂ ਵੇਖ ਕੇ ਵਿਲਕ ਰਹੇ ਹੁੰਦੇ ਹਨ, ਉਦੋਂ ਉਹ ਅਜਿਹੇ ਉਨਗਤ ਵੇਗਾਂ ਨੂੰ ਮਧੁਰ ਤਰਾਨਿਆਂ ਵਿਚ ਪ੍ਰਗਟ ਕਰਦੇ ਹਨ"।7

ਆਪਣੇ ਅਧਿਆਤਮਵਾਦੀ ਆਸ਼ੇ ਦੀ ਪੂਰਤੀ ਹਿੱਤ ਅਤੇ ਕਠੋਰ ਯਥਾਰਥਕਤਾ ਦੇ ਸੰਗ ਤਲਖ ਹਕੀਕਤਾਂ ਅਧੀਨ ਉਲਝੇ, ਰੁਲਦੇ, ਖਿਝਦੇ, ਕੁਲਝਦੇ ਅਤੇ ਕਮਲਾਏ ਮਨੁੱਖ ਦੀ ਦਸ਼ਾ ਦਾ ਟਾਕਰਾ ਖਿੜੀਆਂ ਹੋਈਆਂ ਖੂਬਸੂਰਤ ਗਲਦਾਉਦੀਆਂ ਨਾਲ ਕਰਕੇ ਹਮੇਸ਼ਾਂ ਖਿੜੇ ਰਹਿਣ ਲਈ ਪ੍ਰੇਰਦੇ ਹਨ। ਜ਼ਿੰਦਗੀ ਦੀਆਂ ਗੁੱਝੀਆਂ ਰਮਜਾਂ ਸਮਝਉਤੁਣ ਲਈ ਆਪ ਨੇ ਪ੍ਰਕਰਿਤੀ ਦਾ ਖੂਬਸੂਰਤ ਪ੍ਰਯੋਗ ਕੀਤਾ ਹੈ। ਭਾਈ ਵੀਰ ਸਿੰਘ ਦੀ ਕਾਵਿ ਸਿਰਜਨ ਪ੍ਰਕਿਰਿਆ ਸਹਿਜ ਅਤੇ ਸੁਹਜ ਦਾ ਸੁੰਦਰ ਸੁਮੇਲ ਹੈ। ਜਿਸ ਵਿਚ ਆਪ ਦਾ ਰੂਹਾਨੀ ਆਪਾ ਸਾਫ ਝਲਕਦਾ ਹੈ। ਆਪ ਦੀ ਰਚਨਾ ਵਿਚ ਪ੍ਰਕਿਰਤੀ ਅਤੇ ਜ਼ਿੰਦਗੀ ਇਕ ਦੂਜੇ ਵਿਚ ਸਮਾਏ ਹੋਏ ਹਨ। ਸਿਰਫ ਪਰਕਿਰਤੀ ਦਾ ਬਾਹਰਲਾ ਨਜ਼ਾਰਾ ਹੀ ਪੇਸ਼ ਨਹੀਂ ਕੀਤਾ ਸਗੋਂ ਇਸ ਨਜ਼ਾਰੇ ਵਿਚੋਂ ਕਾਦਰ ਦੇ ਜਲਵੇ ਵੀ ਵੇਖੇ ਹਨ।

ਰਹੱਸਵਾਦੀ, ਅਧਿਆਤਮਵਾਦੀ, ਪ੍ਰਕਿਰਤੀਵਾਦੀ ਅਤੇ ਦਾਰਸਨਿਕ ਭਾਵਾਂ ਨਾਲ ਓਤਪੋਤ ਆਪ ਦੀ ਕਾਵਿ ਸੰਵੇਦਨਾ ਰਾਸ਼ਟਰੀ ਚੇਤਨਤਾ, ਦੇਸ਼ ਪਿਆਰ, ਸੁਤੰਤਰਤਾ, ਏਕਤਾ ਅਤੇ ਸਾਂਝੀਵਾਲਤਾ ਦੀ ਮੂੰਹੋਂ ਬੋਲਦੀ ਤਸਵੀਰ ਹੈ। ਆਪ ਦੀ ਸਮੁੱਚੀ ਰਚਨਾ ਵਿਚੋਂ ਜੋ ਪ੍ਰਮੁੱਖ ਸੁਰਾਂ ਉਭਰਦੀਆਂ ਹਨ, ਉਹ ਚਾਹੇ ਆਪ ਦੀ ਦ੍ਰਿਸ਼ਟੀ ਨੂੰ ਅਧਿਆਤਮਵਾਦੀ ਅਤੇ ਰਹੱਸਵਾਦੀ ਮੰਡਲਾਂ ਉਪਰ ਹੀ ਰੱਖਦੀਆਂ ਹਨਪਰ ਸੁਧਾਰਵਾਦੀ ਆਸ਼ੇ ਦੀ ਕਸਵੱਟੀ ਉਪਰ ਵੀ ਆਪ ਦੀ ਕਵਿਤਾ ਖਰੀ ਉਤਰਦੀ ਹੈ। ਉਹ ਬ੍ਰਹਿਮੰਡ ਦੀ ਹਰ ਵਸਤੂ ਨਾਲ ਨਿੱਜੀ ਸਾਂਝ ਪਾ ਲੈਂਦੇ ਹਨ। ਆਪ ਨੇ ਜਿੱਥੇ ਪ੍ਰਕਿਰਤੀ ਦੀ ਸੁੰਦਰਤਾ ਨੂੰ ਰੱਜ ਕੇ ਮਾਣਿਆ ਉਥੇ ਪ੍ਰਕਿਰਤੀ ਦਾ ਮਾਨਵੀਕਰਨ ਕਰਕੇ ਉਸ ਨੂੰ ਸਮਾਜਿਕ ਕੁਹਜ ਉਭਾਰਨ ਲਈ ਵੀ ਵਰਤਿਆ।

ਸੋ ਨਿਸ਼ਚਿਤ ਰੂਪ ਵਿਚ ਪੰਜਾਬੀ ਕਵਿਤਾ ਨੂੰ ਮੱਧਕਾਲੀ ਰੂੜ੍ਹੀਗਤ ਦਾਇਰਿਆਂ ਵਿਚੋਂ ਕੱਢ ਕੇ ਆਧੁਨਿਕ ਸੰਵੇਦਨਾ ਸੰਗ ਜੋੜਨ ਵਾਲਾ ਭਾਈ ਵੀਰ ਸਿੰਘ ਦੀ ਕਾਵਿ-ਸਿਰਜਣ ਪ੍ਰਕਿਰਿਆ ਨਾ ਕੇਵਲ ਪੰਜਾਬੀ ਕਵਿਤਾ ਨੂੰ ਵਿਸ਼ੇ ਅਤੇ ਰੂਪ ਪੱਖੋਂ ਇਕ ਨਵਾਂ ਮੁਹਾਂਦਰਾ ਪ੍ਰਦਾਨ ਕਰਦਾ ਹੈ ਬਲਕਿ ਸੰਸਕ੍ਰਿਤਕ, ਸਭਿਆਚਾਰਕ, ਅਧਿਆਤਮਵਾਦੀ ਆਸਿਆਂ ਨੂੰ ਨਵੀਆਂ ਸੁਰਾਂ ਵਿਚ ਅਲਾਪ ਕੇ ਮਨੁੱਖ ਨੂੰ ਉੱਚਾ ਚੱਕਣ, ਆਪਣੀ ਕੀਮਤ ਪਾਉਣ ਅਤੇ ਆਪਣੇ ਅਮੀਰ ਵਿਰਸੇ ਨਾਲ ਜੁੜੇ ਰਹਿਣ ਲਈ ਜਿਸ ਸੁਹਜਮਈ ਅਤੇ ਕਲਾਮਈ ਢੰਗ ਨਾਲ ਪ੍ਰੇਰਣਾ ਦਿੰਦਾ ਹੈ, ਉਹ ਉਸ ਨੂੰ ਆਧੁਨਿਕ ਪੰਜਾਬੀ ਕਵਿਤਾ ਦਾ ਮੋਢੀ ਅਤੇ ਪ੍ਰਥਮ ਦਾਰਸ਼ਨਿਕ ਕਵੀ ਹੋਣ ਦਾ ਰੁਤਬਾ ਦਿੰਦਾ ਹੈ।


**ਹਵਾਲੇ ਅਤੇ ਟਿੱਪਣੀਆਂ**


1. Tsutomu Nishiyama, Bhai Veer Singh Shatabdi Granth, (Ed. Harbans Singh) page 13
2. ਗੁਰਬਖਸ ਸਿੰਘ, ਭਾਈ ਵੀਰ ਸਿੰਘ ਸਾਹਿਤ ਅਧਿਐਨ, ਪੰਨਾ 9
3. ਡਾ. ਰਤਨ ਸਿੰਘ ਜੱਗੀ, ਭਾਈ ਵੀਰ ਸਿੰਘ ਅੰਕ, ਪੰਜਾਬੀ ਦੁਨੀਆ,ਪੰਨਾ 165
4.Jean Herbert, Bhai Veer Singh Shatabdi Granth, (Ed. Harbans Singh) page 13
5. ਸੰਤ ਸਿੰਘ ਸੇਖੋਂ, ਭਾਈ ਵੀਰ ਸਿੰਘ ਤੇ ਉਹਨਾਂ ਦਾ ਯੁੱਗ, ਪੰਨਾ 106
6. ਡਾ. ਰਤਨ ਸਿੰਘ ਜੱਗੀ, ਭਾਈ ਵੀਰ ਸਿੰਘ ਸਾਹਿਤ ਅਧਿਐਨ, ਪੰਨਾ 9
7. ਗੁਰਚਰਨ ਸਿੰਘ ਮਹਿਤਾ, ਭਾਈ ਵੀਰ ਸਿੰਘ ਜੀਵਨ. ਸਮਾਂ ਤੇ ਰਚਨਾ, ਪੰਨਾ 127




**ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ,**
**ਸ਼.ਮ.ਹ.ਸ. ਸਰਕਾਰੀ ਕਾਲਜ,**
**ਮੋਹਾਲੀ।**


# ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ































RAA DESIGNS
WE DESIGN BEYOND YOUR IMAGINATION

CONTACT FOR

LOGO | BUSINESS CARD | LETTERHEAD | FLYER
STATIONARY DESIGN | BOOK TITLES | BOOK COMPOSING
SOCIAL MEDIA BANNERS & POSTS | WEBSITE
& ALL TYPE OF GRAPHIC DESIGN STUFF

M: +91 97810-33133, +91 70097-67394 E: raadesigns89@gmail.com W: www.raadesigns.com

RNI NO. PUNPUN / 2006 / 16230 October-December 2025 ISSN: 2277-9930




## ਨਿਰਵਾਣ ਦੀ ਤਲਾਸ਼ 'ਚ, ਦਵੰਦ ਕਥਾ, ਯਕੀਨ, ਸ਼ਬਦ ਰਹਿਣਗੇ ਕੋਲ, ਸਿਮਰਤੀਆਂ ਦੀ ਲਾਲਟੈਨ ਅਤੇ ਪਿਆਸ ਤੋਂ ਬਾਅਦ ਅਮਰਜੀਤ ਕੌਂਕੇ ਦੀ ਨਵੀਂ ਕਾਵਿ-ਪੁਸਤਕ

# ਇਸ ਧਰਤੀ 'ਤੇ ਰਹਿੰਦਿਆਂ

ਪ੍ਰਕਾਸ਼ਕ: ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

ਅਮਰਜੀਤ ਕੌਂਕੇ ਪੰਜਾਬੀ ਕਵਿਤਾ ਦਾ ਇੱਕ ਗੰਭੀਰ ਸ਼ਾਇਰ ਹੈ। ਉਸਦੀ ਕਵਿਤਾ ਆਪਣੇ ਇਤਿਹਾਸਕ ਵਿਕਾਸ ਕ੍ਰਮ ਵਿੱਚ ਚਲਦੀ ਹੋਈ ਕਈ ਗਹਿਰ ਗੰਭੀਰ ਅਤੇ ਨਵੀਆਂ ਅੰਤਰ-ਦ੍ਰਿਸ਼ਟੀਆਂ ਦਾ ਪ੍ਰਗਟਾਵਾ ਕਰਦੀ ਹੈ। ਇਸ ਸੰਦਰਭ ਵਿੱਚ ਉਸਦੀ ਕਾਵਿ-ਸਿਰਜਣਾ ਨੂੰ ਵਿਭਿੰਨ ਬਹੁਕੋਣਾਂ ਤੋਂ ਸਮਝਣ ਦੀ ਜ਼ਰੂਰਤ ਹੈ। ਇਹ ਜਿੱਥੇ ਆਪਣੇ ਸ਼ਹਾਦਤੀ ਸੰਕਲਪਾਂ, ਵਿਰਾਸਤੀ ਅਕਾਂਖਿਆਵਾਂ ਅਤੇ ਸੱਭਿਆਚਾਰਕ ਅਕੀਦਿਆਂ ਦੇ ਸਮਰਣ ਰਾਹੀਂ ਸਮਕਾਲ ਦੇ ਸੰਰਚਨਾਤਮਕ ਚੌਖਟਿਆਂ ਦਾ ਪੁਨਰ-ਵਿਸ਼ਲੇਸ਼ਣ ਕਰਦੀ ਹੈ, ਉਸਦੇ ਨਾਲ ਹੀ ਮਾਨਵੀ ਜੀਵਨ ਦੇ ਦਰਸ਼ਨੀ ਪਾਸਾਰਾਂ ਨੂੰ ਵੀ ਅਭਿਵਿਅਕਤ ਕਰਨ ਦੇ ਆਹਰ ਵਿੱਚ ਹੈ। ਇਹ ਕਵਿਤਾ ਇਹ ਦੱਸਣ ਦਾ ਯਤਨ ਕਰਦੀ ਹੈ ਕਿ ਮਨੁੱਖ ਆਪਣੇ ਆਲੇ-ਦੁਆਲੇ ਬਾਰੇ ਕੀ ਸੋਚਦਾ ਹੈ ਤੇ ਪ੍ਰਾਥਮਿਕਤਾ ਦੇ ਆਧਾਰ ਤੇ ਉਸਨੂੰ ਕੀ ਸੋਚਣਾ ਚਾਹੀਦਾ ਹੈ। ਇਹ ਸਦੀਵੀ ਚਿਣਗ ਇਸ ਕਵਿਤਾ ਵਿੱਚ ਥਾਂ ਥਾਂ ਤੇ ਪ੍ਰਜਵਲਿਤ ਰਹਿੰਦੀ ਹੈ। ਕੌਂਕੇ ਇਸ ਧਰਤੀ ਨੂੰ ਆਪਣਾ ਮੂਲ ਅਤੇ ਆਧਾਰ ਮੰਨ ਕੇ ਮਾਨਵੀ ਚੇਤਨਾ ਦੇ ਰੂਪ ਵਿੱਚ ਇਸਦੀ ਪਰਿਕਰਮਾ ਕਰਦਾ ਹੈ। ਇਹ ਪਰਿਕਰਮਾ ਬਹੁਦਿਸ਼ਾਈ ਅਤੇ ਪਹੁਪਰਤੀ ਹੋ ਨਿਬੜਦੀ ਹੈ, ਇਸਦੀਆਂ ਅੰਤਰ ਧੁਨੀਆਂ ਵਿੱਚੋਂ ਇਸਦੀ ਸਾਹਿਤਕ ਸਮਰੱਥਾ ਨੂੰ ਪਛਾਣਿਆ ਜਾ ਸਕਦਾ ਹੈ। ਇਸ ਤਰ੍ਹਾਂ ਇਹ ਕਾਵਿ- ਪੁਸਤਕ ਸਾਡੇ ਸਮਿਆਂ ਦਾ ਗੰਭੀਰ ਦਸਤਾਵੇਜ਼ ਬਣਦੀ ਹੋਈ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਇੱਕ ਨਵਾਂ ਮੀਲ ਪੱਥਰ ਸਥਾਪਿਤ ਕਰਦੀ ਹੈ।

-ਡਾ.ਮੋਹਨ ਤਿਆਗੀ

ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

**ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**

ਸੰਪਰਕ: 98773-58869, 97810-33133

PARTEEK PUBLICATIONS